
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 48
March 13, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸ੍ਰੀ ਗੁਰ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਦਿਹਾੜਾ

## ਗੁਰੂ ਘਰ ਦੀ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਰੱਖਿਆ ਨੀਂਹ ਪੱਥਰ




ਪੰਜ ਪਿਆਰੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਨਵੀਂ ਬਿਲਡਿੰਗ ਦਾ ਨੀਂਹ ਪੱਥਰ ਰੱਖਣ ਵੱਲ ਚਾਲੇ ਪਾਉਂਦੇ ਹੋਏ।
**(ਇਸ ਸਬੰਧਤ ਵਿਸ਼ੇਸ਼ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ)**

## ਕੈਲੇਫੋਰਨੀਆ ਦੀ ਸੁਪਰੀਮ ਕੋਰਟ ਦੀ ਜੱਜ ਨੀਤੂ ਐਸ ਬੱਧਣ-ਸਮਿੱਥ ਪਰਿਵਾਰ ਸਮੇਤ ਹੋਈ ਨਤਮਸਤਕ




ਕੈਲੇਫੋਰਨੀਆ ਦੀ ਸੁਪਰੀਮ ਕੋਰਟ ਦੀ ਜੱਜ ਨੀਤੂ ਐਸ ਬੱਧਣ-ਸਮਿੱਥ ਦਾ ਸਨਮਾਨ ਕਰਦੇ ਹੋਏ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪ੍ਰੇਮ ਕੁਮਾਰ ਚੁੰਬਰ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ)**

# ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਸਰਗਰਮੀਆਂ ਸਿਖਰ ਤੇ ਪਹੁੰਚੀਆਂ

## ਚੋਣ ਕਮਿਸ਼ਨ ਇਸ ਵਾਰ ਨਿਰਪੱਖ ਵੋਟਾਂ ਲਈ ਦਿਖਾ ਰਿਹਾ ਹੈ ਚੌਕਸੀ

**ਨਵੀਂ ਦਿੱਲੀ (ਬਿਊਰੋ)–** ਭਾਰਤ ਵਿਚ 17ਵੀਂ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੋਣ ਦੇ ਨਾਲ ਹੀ ਜਿੱਥੇ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉਥੇ ਹੀ ਚੋਣ ਕਮਿਸ਼ਨ ਵੀ ਇਸ ਵਾਰ ਨਿਰਪੱਖ ਵੋਟਾਂ ਲਈ ਪੂਰੀ ਚੌਕਸੀ ਦਿਖਾ ਰਿਹਾ ਹੈ। ਸਾਰੇ ਰਾਜਾਂ ਵਿਚ ਤਾਇਨਾਤ ਅਧਿਕਾਰੀਆਂ/ਕਰਮਚਾਰੀਆਂ ਨੂੰ ਦੂਜੇ ਜ਼ਿਲ੍ਹਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਉਮੀਦ-ਵਾਰਾਂ ਦੇ ਖਰਚਿਆਂ ਦੀ ਲਾਗਤ ਨੂੰ ਬਹੁਤ ਸਖਤ ਨਿਗਰਾਨੀ ਅਧੀਨ ਰੱਖਿਆ ਗਿਆ ਹੈ। ਇਸ ਵਾਰ ਕੁੱਲ ਸੱਤ ਗੇੜਾਂ ਵਿੱਚ ਲੋਕ ਸਭਾ ਦੀਆਂ ਚੋਣਾਂ ਹੋਣਗੀਆਂ ਅਤੇ ਪਹਿਲੇ






ਗੇੜ ਦੀਆਂ ਵੋਟਾਂ 11 ਅਪ੍ਰੈਲ ਨੂੰ ਹੋਣਗੀਆਂ। ਪੰਜਾਬ ਵਿੱਚ 19 ਮਈ ਨੂੰ ਵੋਟਿੰਗ ਹੋਵੇਗੀ। 23 ਮਈ 2019 ਨੂੰ ਨਤੀਜਿਆਂ ਦਾ ਐਲਾਨ ਹੋਵੇਗਾ। ਨਾਮਜ਼ਦਗੀਆਂ ਦਾਇਰ ਕਰਨ ਦੀ ਪ੍ਰਕਿਰਿਆ 26 ਮਾਰਚ ਤੋਂ ਸ਼ੁਰੂ ਦਾ ਆਖਰੀ ਦਿਨ 25 ਜੂਨ 2019 ਹੋਵੇਗੀ। ਪੰਜਾਬ ਦੇ ਨਾਲ ਨਾਲ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਵੀ ਲੋਕ ਸਭਾ ਲਈ ਵੋਟਿੰਗ ਹੋਵੇਗੀ। ਹਰਿਆਣਾ ਵਿੱਚ 12 ਮਈ ਨੂੰ ਵੋਟਿੰਗ ਹੋਵੇਗੀ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇੱਕੋ ਗੇੜ 'ਚ ਵੋਟਿੰਗ ਕਰਵਾਈ ਜਾਵੇਗੀ। ਮੁੱਖ

**(ਬਾਕੀ ਸਫਾ 9 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us
ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com


39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾੜੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਲੋਕ ਸਭਾ ਚੋਣਾਂ 2019

# ਪੰਜਾਬ ਕਾਂਗਰਸ ਲਈ ਇੰਨਾ ਸੌਖਾ ਨਹੀਂ 'ਮਿਸ਼ਨ-13'

ਚੰਡੀਗੜ੍ਹ- ਪੰਜਾਬ ਕਾਂਗਰਸ ਪਾਰਟੀ ਨੇ ਸੂਬੇ ਦੀਆਂ ਸਾਰੀਆਂ ਲੋਕ ਸਭਾ ਚੋਣਾਂ ਜਿੱਤਣ ਵਾਸਤੇ 'ਮਿਸ਼ਨ-13' ਮਿਥਿਆ ਹੈ ਪਰ ਮਿਸ਼ਨ ਸਰ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਹੈ। ਸੂਬੇ ਦੇ ਇਤਿਹਾਸ ਵਿੱਚ ਕਿਸੇ ਇੱਕ ਰਾਜਨੀਤਕ ਪਾਰਟੀ ਨੇ ਹਾਲੇ ਤੱਕ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਨਹੀਂ ਕੀਤੀ। ਇਹ ਹੁਣ ਸਮਾਂ ਦੱਸੇਗਾ ਕਿ ਕਾਂਗਰਸ ਪਾਰਟੀ ਆਪਣੇ ਮਿਸ਼ਨ 'ਚ ਕਿੰਨਾ ਕਾਮਯਾਬ ਹੁੰਦੀ ਹੈ। ਕੈਪਟਨ ਸਰਕਾਰ ਨੂੰ ਸੱਤਾ ਵਿੱਚ ਆਇਆਂ ਦੋ ਸਾਲ ਦਾ ਸਮਾਂ ਬੀਤ ਚੁੱਕਾ ਹੈ ਤੇ ਵਿਧਾਨ ਸਭਾ ਚੋਣਾਂ ਸਮੇਂ ਕੀਤੇ ਵਾਅਦਿਆਂ ਨੂੰ ਪੂਰੇ ਕਰਨ ਦੇ ਸੁਆਲ ਅੱਜ ਵੀ ਖੜ੍ਹੇ ਹਨ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਸਮੇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵਾਰ ਸਾਰੀਆਂ ਲੋਕ ਸਭਾ ਸੀਟਾਂ ਜਿੱਤਣ ਦੇ ਦਾਅਵੇ ਕਰ ਰਹੇ ਹਨ। ਇਸ ਦਾ ਵੱਡਾ ਕਾਰਨ ਵਿਰੋਧੀ ਧਿਰ ਆਪਸ ਵਿੱਚ ਬੁਰੀ ਤਰ੍ਹਾਂ ਵੰਡੀ ਹੋਈ ਹੈ ਅਤੇ ਕੋਈ ਵੀ ਵਿਰੋਧੀ ਪਾਰਟੀ ਇਕਜੁੱਟ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਤੋਂ ਖਹਿੜਾ ਨਹੀਂ ਛੁੱਟ ਰਿਹਾ। ਜੇਕਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਰਕਾਰ ਸਮੇਂ ਬੇਅਦਬੀ ਦੇ ਮਾਮਲਿਆਂ ਸਬੰਧੀ ਠੋਸ ਕਾਰਵਾਈ ਕੀਤੀ ਹੁੰਦੀ ਤਾਂ ਇਸ ਨੂੰ ਅੱਜ ਇਹ ਦਿਨ ਨਾ ਦੇਖਣੇ ਪੈਂਦੇ। ਇਸ ਮਾਮਲੇ ਨੂੰ ਲੈ ਕੇ ਅਕਾਲੀ ਦਲ ਦੇ ਕੇਡਰ ਵਿੱਚ ਅਜੇ ਵੀ ਨਾਰਾਜ਼ਗੀ ਬਰਕਰਾਰ ਹੈ ਤੇ ਇਸ ਮੁੱਦੇ 'ਤੇ ਮਾਝੇ ਦੇ ਸੀਨੀਅਰ ਆਗੂਆਂ ਨੇ ਵੱਖ ਹੋ ਕੇ ਆਪਣੀ ਪਾਰਟੀ ਬਣਾ ਲਈ ਹੈ ਅਤੇ ਉਨ੍ਹਾਂ ਵੱਲੋਂ ਹਮਖਿਆਲ ਪਾਰਟੀਆਂ ਨਾਲ ਮਿਲ ਕੇ ਉਮੀਦਵਾਰ ਖੜ੍ਹੇ ਕੀਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨਾਲੋਂ ਮਾੜੀ ਹਾਲਤ ਆਮ ਆਦਮੀ ਪਾਰਟੀ ਦੀ ਹੈ, ਜਿਸ ਦੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਚਾਰ ਮੈਂਬਰ ਜਿੱਤੇ ਸਨ ਤੇ ਇਨ੍ਹਾਂ ਵਿਚੋਂ ਪਾਰਟੀ ਨਾਲ ਇਸ ਵੇਲੇ ਕੇਵਲ ਦੋ ਸੰਸਦ ਮੈਂਬਰ ਹਨ ਤੇ ਦੋ ਮੈਂਬਰ ਬਾਗੀ ਹੋ ਚੁੱਕੇ ਹਨ। ਬਾਗੀ ਮੈਂਬਰ ਪਾਰਟੀ ਤੋਂ ਏਨਾ ਦੂਰ ਜਾ ਚੁੱਕੇ ਹਨ, ਜਿਨ੍ਹਾਂ ਦਾ ਆਮ ਆਦਮੀ ਪਾਰਟੀ ਵੱਲ ਪਰਤਣਾ ਮੁਸ਼ਕਲ ਹੈ। ਸੂਬੇ ਦੇ 13 ਲੋਕ ਸਭਾ ਹਲਕਿਆਂ ਵਿਚੋਂ ਬਹੁਤੇ ਹਲਕਿਆਂ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਤਿਆਰ ਬਰ ਤਿਆਰ ਹਨ ਪਰ ਕੁੱਝ ਵਿੱਚ ਦਿੱਕਤਾਂ ਹਨ ਤੇ ਇਸ ਕਰਕੇ ਮੰਜ਼ਿਲ ਸਰ ਕਰਨਾ ਆਸਾਨ ਨਹੀਂ ਹੈ। ਕਾਂਗਰਸ ਪਾਰਟੀ ਦੇ ਪੰਜ ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦਾ ਫੈਸਲਾ ਹੋ ਚੁੱਕਾ ਹੈ ਤੇ ਗੁਰਦਾਸਪੁਰ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੌਜੂਦਾ ਸੰਸਦ ਮੈਂਬਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਮੁੜ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਪਾਰਟੀ ਦੇ ਚਾਰ ਮੌਜੂਦਾ ਸੰਸਦ ਮੈਂਬਰਾਂ ਤੇ ਪਟਿਆਲਾ ਤੋਂ ਸਾਬਕਾ ਕੇਂਦਰੀ ਰਾਜ ਮੰਤਰੀ ਪਰਨੀਤ ਕੌਰ ਨੂੰ ਟਿਕਟ ਮਿਲਣਾ ਤੈਅ ਹੈ। ਹੁਣ



ਸੁਆਲ ਹੈ ਕਿ ਫਤਿਹਗੜ੍ਹ ਸਾਹਿਬ, ਖਡੂਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਸੰਗਰੂਰ ਬਠਿੰਡਾ ਅਤੇ ਹੁਸ਼ਿਆਰਪੁਰ ਹਲਕਿਆਂ ਤੋਂ ਕਿਸ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ। ਇਨ੍ਹਾਂ ਹਲਕਿਆਂ ਲਈ ਉਮੀਦਵਾਰਾਂ ਦੀ ਕਮੀ ਨਹੀਂ ਹੈ ਪਰ ਯੋਗ ਉਮੀਦਵਾਰ ਕੌਣ ਹੋਵੇਗਾ? ਇਸ ਸਬੰਧੀ ਅਟਕਲਾਂ ਜਾਰੀ ਹਨ।

ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਹਲਕਿਆਂ ਦੇ ਉਮੀਦਵਾਰਾਂ ਦੇ ਐਲਾਨ ਵਿੱਚ ਦੇਰੀ ਨਾਲ ਪਾਰਟੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਘੱਟੋ ਘੱਟ ਚਾਰ ਹਲਕਿਆਂ ਵਿੱਚ ਕਾਂਗਰਸ ਪਾਰਟੀ ਨੂੰ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਹਲਕਿਆਂ ਦੇ ਨਤੀਜੇ ਕੁਝ ਵੀ ਹੋ ਸਕਦੇ ਹਨ। ਇਕ ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਇਸ ਵੇਲੇ ਸੂਬੇ ਵਿੱਚ ਸਥਿਤੀ ਚੰਗੀ ਹੈ ਪਰ ਕੁਝ ਹਲਕਿਆਂ 'ਤੇ ਉ-ਮੀਦਵਾਰਾਂ ਦੇ ਚੋਣ ਮੈਦਾਨ ਵਿੱਚ ਨਿੱਤਰਨ ਨਾਲ ਸਥਿਤੀ ਸਪੱਸ਼ਟ ਹੋਵੇਗੀ। ਇਸ ਲਈ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਹੀ ਜਿੱਤ ਹਾਰ ਦਾ ਅੰਦਾਜ਼ਾ ਲਾਇਆ ਜਾ ਸਕੇਗਾ। ਕਾਂਗਰਸ ਪਾਰਟੀ ਨੇ ਇੱਕ ਦਿਨ ਪਹਿਲਾਂ ਮੋਗਾ ਜ਼ਿਲ੍ਹੇ ਵਿੱਚ ਵੱਡੀ ਰੈਲੀ ਕਰ ਕੇ ਆਗਾਮੀ ਲੋਕ ਸਭਾ ਚੋਣਾਂ ਲਈ ਬਿਗਲ ਵਜਾ ਦਿੱਤਾ ਹੈ ਪਰ ਰੈਲੀ ਵਿਚ ਪਹੁੰਚੇ ਕਾਂਗਰਸ ਵਰਕਰਾਂ ਨੇ ਸਟੇਜ ਤੋਂ ਲੁਆਏ ਜਾਂਦੇ ਨਾਅਰਿਆਂ ਨੂੰ ਗਰਮਜੋਸ਼ੀ ਨਾਲ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਰੈਲੀ ਵਿੱਚ ਸ਼ਿਰਕਤ ਤਾਂ ਕੀਤੀ ਪਰ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਤਰ੍ਹਾਂ ਉਤਸ਼ਾਹ ਨਹੀਂ ਦਿਖਾਇਆ। ਵਰਕਰਾਂ ਦਾ ਇੱਕ ਹਿੱਸਾ ਉਦਾਸੀਨ ਸੀ, ਜਿਸ ਦਾ ਕਾਰਨ ਸੂਬੇ ਦੀ ਅਫਸਰਸ਼ਾਹੀ ਨੂੰ ਮੰਨਿਆ ਜਾ ਰਿਹਾ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਅਫਸਰਸ਼ਾਹੀ ਛੋਟੇ ਛੋਟੇ ਕੰਮਕਾਰਾਂ ਵਿੱਚ ਅਜਿਹੇ ਰੋੜੇ ਅਟਕਾਉਂਦੀ ਹੈ, ਜਿਸ ਕਰਕੇ ਵਰਕਰਾਂ ਤੇ ਹੇਠਲੀ ਕਤਾਰ ਦੇ ਆਗੂਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਵਰਕਰ ਆਪਣੇ ਵਿਧਾਇਕਾਂ ਕੋਲ ਕੰਮਾਂ ਲਈ ਜਾਂਦੇ ਹਨ ਪਰ ਫਿਰ ਵੀ ਕੰਮ ਨਹੀਂ ਹੁੰਦੇ। ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਰਬਾਰ ਵਿੱਚ ਕਈ ਵਾਰ ਉਠਾਇਆ ਜਾ ਚੁੱਕਾ ਹੈ ਪਰ ਪ੍ਰਨਾਲਾ ਉੱਥੇ ਦਾ ਉਥੇ ਹੀ ਹੈ। ਇਸ ਲਈ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵਰਕਰਾਂ ਦੇ ਮਨੋਬਲ ਨੂੰ ਹੁਲਾਰਾ ਕਿਵੇਂ ਦਿੱਤਾ ਜਾਵੇ, ਉਨ੍ਹਾਂ ਦੀ ਸ਼ਮੂਲੀਅਤ ਕਿਵੇਂ ਵਧਾਈ ਜਾਵੇਗੀ ਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਕਿਵੇਂ ਕਰਵਾਇਆ ਜਾਵੇ ਕਿ ਸੂਬੇ ਵਿੱਚ ਉਨ੍ਹਾਂ ਦੀ ਆਪਣੀ ਪਾਰਟੀ ਕਾਂਗਰਸ ਦੀ ਸਰਕਾਰ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਤੇ ਸੂਬੇ ਦੇ ਵਿਕਾਸ ਵਿਚ ਤੇਜ਼ੀ ਲਿਆਂਦੇ ਬਗੈਰ ਹੱਲ ਕਰਨਾ ਆਸਾਨ ਕੰਮ ਨਹੀਂ ਹੈ। ਇਸ ਸਮੱਸਿਆਂ ਨੂੰ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀ ਕਿਵੇਂ ਹੱਲ ਕਰਨਗੇ, ਇਸ ਦੀ ਉਡੀਕ ਰਹੇਗੀ।

# ਪੁਰਾਣੇ ਅਨੁਪਾਤ ਅਨੁਸਾਰ ਚੋਣਾਂ ਲੜੇਗਾ ਅਕਾਲੀ-ਭਾਜਪਾ ਗੱਠਜੋੜ

ਨਵੀਂ ਦਿੱਲੀ - ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਪਹਿਲਾਂ ਤੋਂ ਹੀ ਚੱਲੇ ਆ ਰਹੇ ਗੱਠਜੋੜ ਦੀਆਂ ਸ਼ਰਤਾਂ ਤਹਿਤ ਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਦੋਵਾਂ ਪਾਰਟੀਆਂ ਦੇ ਪ੍ਰਧਾਨਾਂ ਸੁਖਬੀਰ ਸਿੰਘ ਬਾਦਲ ਅਤੇ ਅਮਿਤ ਸ਼ਾਹ ਦਰਮਿਆਨ ਨਵੀਂ ਦਿੱਲੀ ਵਿਚ ਮੀਟਿੰਗ ਦੌਰਾਨ ਤੈਅ ਹੋਇਆ ਹੈ ਕਿ ਭਾਜਪਾ ਵੱਲੋਂ ਪਹਿਲਾਂ ਦੀ ਤਰ੍ਹਾਂ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਸੰਸਦੀ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣਗੇ, ਜਦੋਂਕਿ ਬਾਕੀ 10 ਹਲਕਿਆਂ ਤੋਂ ਅਕਾਲੀ ਦਲ ਗੱਠਜੋੜ ਅਧੀਨ ਚੋਣਾਂ ਲੜੇਗਾ।ਅਕਾਲੀ ਦਲ ਅਤੇ ਭਾਜਪਾ ਦੇ ਮੁਖੀਆਂ ਦਰਮਿਆਨ ਮੀਟਿੰਗ ਵਿਚ ਸੀਟਾਂ ਬਾਰੇ ਸਹਿਮਤੀ ਬਣਨ ਤੋਂ ਬਾਅਦ ਸੀਟਾਂ ਦੀ ਅਦਲਾ-ਬਦਲੀ ਦੀਆਂ ਸੰਭਾਵਨਾਵਾਂ ਦਾ ਭੋਗ ਪੈ ਗਿਆ ਹੈ। ਭਾਜਪਾ ਵੱਲੋਂ ਅੰਮ੍ਰਿਤਸਰ ਦੀ ਥਾਂ ਲੁਧਿਆਣਾ ਸੰਸਦੀ ਹਲਕੇ ਤੋਂ ਚੋਣ ਲੜਨ 'ਤੇ ਵਿਚਾਰ ਕੀਤਾ ਜਾ ਰਿਹਾ ਸੀ। ਪਾਰਟੀ ਹਲਕਿਆਂ ਦਾ ਦੱਸਣਾ ਹੈ ਕਿ ਸੀਟਾਂ ਦੀ ਅਦਲਾ-ਬਦਲੀ ਸਬੰਧੀ ਸਹਿਮਤੀ ਨਹੀਂ ਬਣੀ। ਦੋਵਾਂ ਪਾਰਟੀਆਂ ਦੇ ਆਗੂਆਂ ਨੇ ਚਰਚਾ ਤੋਂ ਬਾਅਦ ਇਹੀ ਸਿੱਟਾ ਕੱਢਿਆ ਕਿ ਪਿਛਲੇ ਢਾਈ ਦਹਾਕਿਆਂ ਤੋਂ ਜਿਨ੍ਹਾਂ ਸੰਸਦੀ ਹਲਕਿਆਂ 'ਤੇ ਉਮੀਦਵਾਰ ਖੜ੍ਹੇ ਹੁੰਦੇ ਆ ਰਹੇ ਹਨ, ਉਨ੍ਹਾਂ ਹਲਕਿਆਂ ਤੋਂ ਹੀ ਆਗਾਮੀ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕੀਤੇ ਜਾਣ। ਅਕਾਲੀ ਦਲ ਅਤੇ ਭਾਜਪਾ ਦਰਮਿਆਨ ਸਿਆਸੀ ਗੱਠਜੋੜ 1996 ਦੀਆਂ ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੋਇਆ ਸੀ, ਜਦੋਂ ਮਰਹੂਮ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਸਿਰਫ 13 ਦਿਨ ਦਾ ਸਮਾਂ ਹੀ ਚੱਲ ਸਕੀ ਸੀ।

ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਲਈ ਆਉਣ ਵਾਲੀਆਂ ਸੰਸਦੀ ਚੋਣਾਂ ਸਭ ਤੋਂ ਵੱਡੇ ਸਿਆਸੀ ਇਮਤਿਹਾਨ ਵਜੋਂ ਦੇਖੀਆਂ ਜਾ ਰਹੀਆਂ ਹਨ।ਅਕਾਲੀ ਦਲ, ਖਾਸ ਕਰ ਕੇ ਬਾਦਲ ਪਰਿਵਾਰ ਦਾ ਸਿਆਸੀ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਅਕਾਲੀ ਦਲ ਵੱਲੋਂ ਕੁਝ ਸੰਸਦੀ ਹਲਕਿਆਂ ਤੋਂ ਉਮੀਦਵਾਰ ਲਗਭਗ ਤੈਅ ਕੀਤੇ ਜਾ ਚੁੱਕੇ ਹਨ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਖਡੂਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਲੰਧਰ ਤੋਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਦਾ ਨਾਮ ਸ਼ਾਮਲ ਹੈ। ਹਾਲਾਂਕਿ ਬੀਬੀ ਬਾਦਲ ਨੂੰ ਫਿਰੋਜ਼ਪੁਰ ਹਲਕੇ ਤੋਂ ਵੀ ਉਮੀਦਵਾਰ ਬਣਾਏ ਜਾਣ ਦੀ ਚਰਚਾ ਹੈ, ਪਰ ਸੀਨੀਅਰ ਅਕਾਲੀ ਨੇਤਾਵਾਂ ਦਾ ਕਹਿਣਾ ਹੈ ਕਿ ਹਰਸਿਮਰਤ ਦੇ



ਬਠਿੰਡਾ ਤੋਂ ਚੋਣ ਲੜਨ ਦੀਆਂ ਜ਼ਿਆਦਾ ਸੰਭਾਵਨਾਵਾਂ ਹਨ। ਲੰਘੇ ਪੰਜ ਕੁ ਮਹੀਨਿਆਂ ਦੌਰਾਨ ਅਕਾਲੀ ਦਲ ਜਿਸ ਤਰ੍ਹਾਂ ਖਿੰਡਿਆ ਹੈ ਤੇ ਦੋ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਨਾਰਾ ਕੀਤਾ ਹੈ, ਉਸ ਤੋਂ ਬਾਅਦ ਤਾਂ ਅਕਾਲੀ ਦਲ ਲਈ ਢੁਕਵੇਂ ਉਮੀਦਵਾਰ ਲੱਭਣੇ ਵੀ ਚੁਣੌਤੀ ਬਣ ਗਿਆ ਹੈ। ਜਥੇਦਾਰ ਬ੍ਰਹਮਪੁਰਾ ਨੇ ਤਾਂ ਵੱਖਰਾ ਅਕਾਲੀ ਦਲ ਵੀ ਬਣਾ ਲਿਆ ਹੈ ਤੇ ਨਵੇਂ ਅਕਾਲੀ ਦਲ ਦਾ ਨਿਸ਼ਾਨਾ ਖ਼ਾਸ ਕਰ ਕੇ ਬਾਦਲ ਪਰਿਵਾਰ ਹੀ ਹੈ। ਅਜਿਹੇ ਹਾਲਾਤ ਵਿਚ ਅਕਾਲੀ ਦਲ ਨੂੰ ਕਈ ਸੰਸਦੀ ਹਲਕਿਆਂ 'ਚ ਉਮੀਦਵਾਰ ਨਹੀਂ ਲੱਭ ਰਹੇ। ਇਨ੍ਹਾਂ ਹਲਕਿਆਂ ਵਿਚ ਸੰਗਰੂਰ, ਲੁਧਿਆਣਾ, ਫਿਰੋਜ਼ਪੁਰ, ਪਟਿਆਲਾ ਤੇ ਫਤਹਿਗੜ੍ਹ ਸਾਹਿਬ ਸ਼ਾਮਲ ਹਨ। ਭਾਜਪਾ ਆਗੂਆਂ ਦਾ ਦੱਸਣਾ ਹੈ ਕਿ ਅੰਮ੍ਰਿਤਸਰ ਤੋਂ ਸਿੱਖ ਉਮੀਦਵਾਰ ਨੂੰ ਟਿਕਟ ਦਿੱਤੀ ਜਾਵੇਗੀ ਤੇ ਇਸ ਸਮੇਂ ਕੇਂਦਰੀ ਮੰਤਰੀ ਹਰਦੀਪ ਪੁਰੀ ਦਾ ਨਾਮ ਹੀ ਮੋਹਰੀ ਉਮੀਦਵਾਰਾਂ ਵਿਚ ਹੈ। ਹੁਸ਼ਿਆਰਪੁਰ ਤੋਂ ਕੇਂਦਰੀ ਮੰਤਰੀ ਵਿਜੈ ਕੁਮਾਰ ਸਾਂਪਲਾ ਹੀ ਉਮੀਦਵਾਰ ਹੋ ਸਕਦੇ ਹਨ। ਇਸੇ ਤਰ੍ਹਾਂ ਗੁਰਦਾਸਪੁਰ ਤੋਂ ਕਵਿਤਾ ਖੰਨਾ ਦਾ ਨਾਂ ਵਿਚਾਰਿਆ ਜਾ ਰਿਹਾ ਹੈ, ਹਾਲਾਂਕਿ ਗੁਰਦਾਸਪੁਰ ਤੋਂ ਕਈ ਹੋਰ ਨੇਤਾਵਾਂ ਵੱਲੋਂ ਵੀ ਜ਼ੋਰ-ਅਜ਼ਮਾਈ ਕੀਤੀ ਜਾ ਰਹੀ ਹੈ।

### ਚੋਣ ਮੁਹਿੰਮ ਭਖਾਉਣ ਲਈ ਅਕਾਲੀਆਂ ਨੇ ਲਾਇਆ ਜ਼ੋਰ

ਪੰਜਾਬ ਅੰਦਰ ਆਪਣੀ ਪਹਿਲੀ ਪਿਰਤ ਨੂੰ ਕਾਇਮ ਰੱਖਦਿਆਂ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਵਿਚ ਵੀ ਸਰਗਰਮੀ ਆਰੰਭ ਕਰਨ 'ਚ ਪਹਿਲ ਹਾਸਲ ਕਰ ਲਈ ਗਈ ਹੈ।ਡੂੰਘੇ ਧਾਰਮਿਕ-ਰਾਜਸੀ ਸੰਕਟ ਦਾ ਸਾਹਮਣਾ ਕਰ ਰਹੀ ਅਕਾਲੀ ਲੀਡਰਸ਼ਿਪ ਨੇ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਉਭਾਰਨ ਲਈ ਬੇਅਦਬੀ ਘਟਨਾਵਾਂ ਦਾ ਘੱਟ ਪ੍ਰਭਾਵ ਮੰਨਣ ਵਾਲੇ ਪੰਜਾਬ ਦੇ ਨੌਜਵਾਨ ਵਰਗ ਦਾ ਸਹਾਰਾ ਲੈਣ ਦੀ ਰਣਨੀਤੀ ਅਪਣਾਈ ਗਈ ਜਾਪਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨੌਜਵਾਨ ਵਰਗ ਵਲੋਂ ਅਕਾਲੀ ਦਲ ਦੇ ਹੱਕ 'ਚ ਉਠਾਈ ਆਵਾਜ਼ ਪਾਰਟੀ ਦਾ ਅਕਸ ਸੁਧਾਰਨ ਲਈ ਸੋਨੇ 'ਤੇ ਸੁਹਾਗੇ ਦਾ ਕੰਮ ਕਰੇਗੀ। ਅਕਾਲੀ ਲੀਡਰਸ਼ਿਪ ਨੇ ਹਾਲੇ ਭਾਵੇਂ ਰਸਮੀ ਤੌਰ 'ਤੇ ਪੰਜਾਬ ਵਿਚ ਲੜੀਆਂ ਜਾਣ ਵਾਲੀਆਂ 10 ਸੀਟਾਂ ਲਈ ਕਿਸੇ ਵੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਪਰ ਗ਼ੈਰ-ਰਸਮੀ ਤੌਰ 'ਤੇ ਪਾਰਟੀ ਨੇ 8 ਹਲਕਿਆਂ ਤੋਂ ਉਮੀਦਵਾਰਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਅਜਿਹੇ ਉਮੀਦਵਾਰਾਂ ਨੇ ਚੋਣ ਜੋੜ-ਤੋੜ ਲਗਾਉਣ ਤੇ ਵੋਟਰਾਂ ਨਾਲ ਸੰਪਰਕ ਮੁਹਿੰਮ ਸ਼ੁਰੂ ਵੀ ਕਰ ਦਿੱਤੀ ਹੈ।

ਸੂਤਰਾਂ ਮੁਤਾਬਿਕ ਦੁਆਬਾ ਖੇਤਰ ਦੇ ਰਾਖਵੇਂ ਹਲਕੇ ਜਲੰਧਰ ਤੋਂ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਸ੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਐਮ.ਪੀ. ਪ੍ਰੇਮ ਸਿੰਘ ਚੰਦੂਮਾਜਰਾ, ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ, ਫਰੀਦਕੋਟ ਹਲਕੇ ਤੋਂ ਕਾਂਗਰਸੀ ਤੋਂ ਅਕਾਲੀ ਬਣੇ ਜੋਗਿੰਦਰ ਸਿੰਘ ਪੰਜਗਰਾਈਂ, ਬਠਿੰਡਾ ਤੋਂ ਕੇਂਦਰੀ ਮੰਤਰੀ ਤੇ ਮੌਜੂਦਾ ਐਮ.ਪੀ. ਹਰਸਿਮਰਤ ਕੌਰ ਬਾਦਲ, ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਅਤੇ ਫਤਹਿਗੜ੍ਹ ਸਾਹਿਬ ਤੋਂ ਪੁਲਿਸ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ 'ਚ ਸ਼ਾਮਿਲ ਹੋਏ ਹਰਮੋਹਨ ਸਿੰਘ ਸੰਧੂ ਦੇ ਨਾਵਾਂ ਨੂੰ ਹਰੀ ਝੰਡੀ ਦਿੱਤੇ ਜਾਣ ਦੀ ਚਰਚਾ ਹੈ।

ਇਨ੍ਹਾਂ ਸੰਭਾਵੀ ਅਣ-ਐਲਾਨੇ ਉਮੀਦਵਾਰਾਂ ਵਲੋਂ ਬਾਕਾਇਦਾ ਸਰਗਰਮੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਬਾਹਰਲੇ ਹਲਕਿਆਂ 'ਚ ਭੇਜੇ ਚਰਨਜੀਤ ਸਿੰਘ ਅਟਵਾਲ ਤੇ ਬੀਬੀ ਜਗੀਰ ਕੌਰ ਨੇ ਤਾਂ ਜਲੰਧਰ ਤੇ ਖਡੂਰ ਸਾਹਿਬ ਖੇਤਰਾਂ 'ਚ ਡੇਰੇ ਵੀ ਲਗਾ ਲਏ ਹਨ। ਫਿਰੋਜ਼ਪੁਰ ਹਲਕੇ ਤੋਂ ਵੀ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਨਾਂ ਨੂੰ ਲਗਭਗ ਹਰੀ ਝੰਡੀ ਦੇ ਹੀ ਦਿੱਤੀ ਦੱਸੀ ਜਾ ਰਹੀ ਹੈ। ਪਟਿਆਲਾ ਤੇ ਲੁਧਿਆਣਾ ਹਲਕਿਆਂ ਵਿਚੋਂ ਇਕ ਹਲਕੇ ਲਈ ਯੂਥ ਆਗੂਆਂ ਵਲੋਂ ਵੀ ਦਾਅਵਾ ਜਤਾਇਆ ਜਾ ਰਿਹਾ ਦੱਸਿਆ ਜਾਂਦਾ ਹੈ। ਯੂਥ ਆਗੂਆਂ 'ਚ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸੋਈ ਦੇ ਪ੍ਰਧਾਨ ਪਰਮਿੰਦਰ ਸਿੰਘ ਬਰਾੜ ਦਾ ਨਾਂ ਚਲਦਾ ਹੈ। ਪਟਿਆਲਾ ਹਲਕੇ 'ਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਨਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ।

ਲੁਧਿਆਣਾ ਹਲਕੇ ਤੋਂ ਪਹਿਲਾਂ ਦੋ ਵਾਰ ਯੂਥ ਆਗੂਆਂ ਨੂੰ ਉਮੀਦਵਾਰ ਬਣਾਇਆ ਜਾ ਚੁੱਕਾ ਹੈ। ਸੰਨ 1996 'ਚ ਯੂਥ ਅਕਾਲੀ ਦਲ ਦੇ ਪ੍ਰਧਾਨ ਅਮਰੀਕ ਸਿੰਘ ਆਲੀਵਾਲ ਇਥੋਂ ਜਿੱਤ ਕੇ ਲੋਕ ਸਭਾ 'ਚ ਗਏ ਸਨ ਤੇ ਫਿਰ 1999 'ਚ ਯੂਥ ਅਕਾਲੀ ਆਗੂ ਸ਼ਰਨਜੀਤ ਸਿੰਘ ਢਿੱਲੋਂ ਲੋਕ ਸਭਾ ਮੈਂਬਰ ਬਣੇ ਸਨ। ਲੁਧਿਆਣਾ ਹਲਕੇ ਲਈ ਪਿਛਲੀ ਵਾਰ ਉਮੀਦਵਾਰ ਰਹੇ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਸਾਬਕਾ ਮੰਤਰੀ ਤੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ ਦੇ ਨਾਂ 'ਤੇ ਵਿਚਾਰ ਹੋ ਰਿਹਾ ਹੈ।

# ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਕਰਵਾਏਗਾ ਇਸ ਵਾਰ ਭਾਰਤ

ਵਾਸ਼ਿੰਗਟਨ - ਆਗਾਮੀ ਲੋਕ ਸਭਾ ਚੋਣਾਂ ਭਾਰਤ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਮਹਿੰਗੀ ਚੋਣ ਪ੍ਰਕਿ-ਰਆ ਹੋਵੇਗੀ। ਇਸ ਦੇ ਨਾਲ ਹੀ ਕਿਸੇ ਗਣਤੰਤਰ ਦੀ ਵੀ ਇਹ ਹੁਣ ਤੱਕ ਦੀ ਸਭ ਤੋਂ ਮਹਿੰਗੀ ਚੋਣ ਮੁਹਿੰਮ ਸਾਬਿਤ ਹੋ ਸਕਦੀ ਹੈ। ਇਹ ਦਾਅਵਾ ਅਮਰੀਕਾ ਆਧਾਰਿਤ ਇਕ ਮਾਹਿਰ ਨੇ ਕੀਤਾ ਹੈ। ਅਮਰੀਕਾ ਵਿਚ 2016 ਵਿਚ ਹੋਈਆਂ ਰਾਸ਼ਟਰਪਤੀ ਤੇ ਕਾਂਗਰਸ ਚੋਣਾਂ ਵਿਚ 6.5 ਅਰਬ ਡਾਲਰ ਦਾ ਖ਼ਰਚ ਆਇਆ ਸੀ ਜਦਕਿ ਭਾਰਤ ਵਿਚ 2014 ਵਿਚ ਹੋਈਆਂ ਚੋਣਾਂ ਦਾ ਖ਼ਰਚ ਪੰਜ ਅਰਬ ਡਾਲਰ ਸੀ। ਇਸ ਹਿਸਾਬ ਨਾਲ 2019 ਦੀਆਂ ਭਾਰਤ ਵਿਚ ਹੋਣ ਵਾਲੀਆਂ ਚੋਣਾਂ ਦਾ ਖ਼ਰਚ ਇਨ੍ਹਾਂ ਅੰਕੜਿਆਂ ਨੂੰ ਆਸਾਨੀ ਨਾਲ ਮਾਤ ਪਾ ਦੇਵੇਗਾ। ਇਸ ਤਰ੍ਹਾਂ ਇਹ ਭਾਰਤ ਹੀ ਨਹੀਂ ਬਲਕਿ ਸੰਸਾਰ ਦੀ ਸਭ ਤੋਂ ਮਹਿੰਗੀ ਚੋਣ ਪ੍ਰਕਿਰਿਆ ਸਾਬਿਤ ਹੋਵੇਗੀ।




'ਕਾਰਨੀਜ ਐਨਡੋਅਮੈਂਟ ਫਾਰ ਇੰਟਰਨੈਸ਼ਨਲ ਪੀਸ ਥਿੰਕ ਟੈਂਕ' ਵਿਚ ਦੱਖਣੀ ਏਸ਼ੀਆਈ ਪ੍ਰੋਗਰਾਮ ਦੇ ਡਾਇਰੈਕਟਰ ਤੇ ਸੀਨੀਅਰ ਖੋਜਾਰਥੀ ਮਿਲਨ ਵੈਸ਼ਨਵ ਦਾ ਕਹਿਣਾ ਹੈ ਕਿ ਆਗਾਮੀ ਚੋਣਾਂ ਨਾਲ ਜੁੜੇ ਖ਼ਦਸ਼ੇ, ਭਾਜਪਾ ਤੇ ਵਿਰੋਧੀ ਪਾਰਟੀਆਂ ਵਿਚਾਲੇ ਸੀਟਾਂ ਦੀ ਗਿਣਤੀ ਦਾ ਅੰਤਰ ਘਟਣ ਦੇ ਦਾਅਵਿਆਂ ਨਾਲ ਖ਼ਰਚਾ ਵਧਦਾ ਹੀ ਜਾਵੇਗਾ। ਜ਼ਿਕਰਯੋਗ ਹੈ ਕਿ ਵੈਸ਼ਨਵ ਦੇ ਭਾਰਤੀ ਚੋਣਾਂ ਬਾਰੇ ਪ੍ਰਗਟਾਏ ਜਾਂਦੇ ਵਿਚਾਰਾਂ ਨੂੰ ਕਾਫ਼ੀ ਅਹਿਮੀਅਤ ਦਿੱਤੀ ਜਾਂਦੀ ਹੈ ਤੇ ਖ਼ਰਚੇ ਬਾਰੇ ਉਨ੍ਹਾਂ ਦੇ ਅੰਦਾਜ਼ੇ ਆਮ ਤੌਰ 'ਤੇ ਕਾਫ਼ੀ ਨੇੜੇ ਢੁੱਕਦੇ ਹਨ। ਵੈਸ਼ਨਵ ਨੇ ਅਮਰੀਕਾ ਦੇ ਸਿਖ਼ਰਲੇ ਥਿੰਕ ਟੈਂਕ ਲਈ ਲਿਖਦਿਆਂ ਕਿਹਾ ਹੈ ਕਿ 2014 ਦੇ ਪੰਜ ਅਰਬ ਡਾਲਰ ਖ਼ਰਚ ਦੇ ਮੁਕਾਬਲੇ ਇਸ ਵਰ੍ਹੇ ਚੋਣ ਖ਼ਰਚ ਦੁੱਗਣਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐਨੇ ਜ਼ਿਆਦਾ ਖ਼ਰਚੇ ਦੀ ਨੁਕਤਾਚੀਨੀ ਵੀ ਹੁੰਦੀ ਹੈ, ਪਰ ਖਿੱਚ ਦਾ ਕੇਂਦਰ ਪੈਸੇ ਦਾ ਰਿਸਾਅ ਤੇ ਇਸ ਦੀ ਵਰਤੋਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਸਿਆਸੀ ਫੰਡਿੰਗ ਦੇ ਮਾਮਲੇ ਵਿਚ ਪਾਰਦਰਸ਼ਤਾ ਬਿਲਕੁਲ ਨਹੀਂ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ 642 ਵਾਂ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸਰਧਾ ਨਾਲ ਮਨਾਇਆ ਗਿਆ












**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤੀਆਂ ਦੇ ਮਸੀਹਾਂ ਅਤੇ ਗੁਲਾਮ ਸਾਮਰਾਜ ਵਿਰੁੱਧ ਆਵਾਜ਼ ਉਠਾਉਣ ਵਾਲੇ ਕ੍ਰਾਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 642 ਵਾਂ ਗੁਰਪੁਰਬ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾ ਹੋਈਆ ਅਤੇ ਕੀਰਤਨ ਦੀਵਾਨ ਸਜੇ। ਇਹਨਾਂ ਦੀਵਾਨਾ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਮਲਕੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਕਥਾਵਾਚਕ ਭਾਈ ਚਮਕੌਰ ਸਿੰਘ ਨੇ ਗੁਰੂ ਸ਼ਬਦ ਦੀ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਟਰਾਂਟੋ ਤੋਂ ਪਹੁੰਚੇ ਭਾਈ ਰਣਜੀਤ ਸਿੰਘ ਸਹੋਤਾ ਸਟੇਜ਼ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ। ਸਟੇਜ਼ ਸੰਚਾਲਕ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿੱਚ ਆਈ ਕੇ ਪੀ ਰਿਸਟੋਰੈਂਟ ਵਾਲੇ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਛੋਲੇ ਭਟੂਰਿਆ ਦਾ ਲੰਗਰ ਅਤੁੱਟ ਵਰਤਿਆ। ਇਸ ਸਮਾਗਮ ਦੀ ਵਿਸ਼ੇਸ਼ ਮਹਾਨਤਾ ਇਹ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਬਹੁ ਗਿਣਤੀ ਵਿੱਚ ਹਾਜ਼ਰੀਆਂ ਭਰਦੇ ਹੋਏ ਗੁਰੂ ਰਵਿਦਾਸ ਮਹਾਰਾਜ ਦਾ ਪੁਰਬ ਬਹੁਤ ਹੀ ਸਰਧਾ ਅਤੇ ਸਦਭਾਵਨਾ ਨਾਲ ਮਨਾਇਆਂ।

# ਸੈਕਰਾਮੈਂਟੋ 'ਚ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ

## ਨਵੀਂ ਗੁਰੂ ਘਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਹਰ ਵਰ੍ਹੇ ਵਾਂਗ ਐਤਕਾਂ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੂਰਬ ਪ੍ਰਤੀ ਵਿਸ਼ਾਲ ਨਗਰ ਕੀਰਤਨ ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਰਿਓਲਿੰਡਾ ਵਿਖੇ ਸਜਾਇਆ ਗਿਆ। ਇਸ ਨਗਰ ਕੀਰਤਨ ਵਿਚ ਸੰਗਤਾਂ ਨੇ ਪਿਛਲੇ ਸਾਲ ਨਾਲੋਂ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਪਹਿਲਾਂ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਦਾ ਨੀਂਹ ਪੱਥਰ ਪੰਜ ਪਿਆਰਿਆਂ ਦੇ ਹੱਥੋਂ ਰਖਾਇਆ ਗਿਆ। ਇਸ ਖੂਬਸੂਰਤ ਬਣ ਰਹੀ ਇਮ-ਾਰਤ ਲਈ ਸੰਗਤਾਂ ਨੇ ਭਰਪੂਰ ਯੋਗਦਾਨ ਦਿੱਤਾ। ਇਸ 642ਵੇਂ ਪ੍ਰਕਾਸ਼ ਦਿਵਸ ਦੌਰਾਨ ਕਈ ਹਫਤਿਆਂ ਤੋਂ ਤਿਆਰੀ ਕੀਤੀ ਜਾ ਰਹੀ ਸੀ ਤੇ ਵੱਖ-ਵੱਖ ਰਾਗੀਆਂ, ਢਾਡੀਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ, ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ ਭਾਇ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਲਾਡੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਅਤੇ ਹੋਰ ਸਥਾਨਕ ਜਥਿਆਂ ਨੇ ਮਨੋਹਰ ਗੁਰਬਾਣੀ ਦਾ ਕੀਰਤਨ ਸਰਬਣ ਕੀਤਾ। ਐਤਕਾਂ ਵੱਖ-ਵੱਖ ਵਲੰਟੀਅਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ, ਸਾਜੋ ਸਜਾਵਟ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਰੈਡ ਕਾਰਪੈਟ 'ਤੇ ਲੈ ਕੇ ਜਾਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਸੀ। ਪ੍ਰਬੰਧਕਾਂ ਵੱਲੋਂ ਗੁਰੂ ਦੇ ਲੰਗਰ, ਫੁੱਲਾਂ ਦੀ ਵਰਖਾ, ਸਕਿਊਰਟੀ ਦੇ ਖਾਸ ਪ੍ਰਬੰਧ ਕੀਤੇ ਹੋਏ ਸਨ। ਐਤਕਾਂ ਵੀ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਵਿਸ਼ੇਸ਼ ਤੌਰ 'ਤ ਹਾਜ਼ਰੀ ਭਰੀ। ਪ੍ਰਬੰਧਕਾਂ ਵੱਲੋਂ ਵੱਖ-ਵੱਖ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਗੁਰਦੁਆਰਾ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵੱਲੋਂ ਇਸ ਮੌਕੇ ਫਲੋਟ ਵੀ ਸ਼ਾਮਲ ਕੀਤਾ ਗਿਆ ਸੀ। ਇਸ ਨਗਰ ਕੀਰਤਨ ਵਿਚ ਜਿੱਥੇ ਵੱਖ-ਵੱਖ ਹੋਰ ਫਲੋਟ ਸ਼ਾਮਲ ਹੋਏ, ਉਥੇ ਇੱਥੇ ਲੱਗੇ ਧਾਰਮਿਕ ਸਾਜੋ ਸਮਾਨ ਦੇ ਬਜ਼ਾਰ ਵਿਚੋਂ ਲੋਕਾਂ ਨੇ ਖਰੀਦੋ-ਫਰੋਖਤ ਵੀ ਕੀਤੀ। ਐਤਕਾਂ ਪਿਛਲੇ ਸਾਲ ਨਾਲੋਂ ਲੰਗਰ ਦੀ ਸਮਰੱਥਾ ਜ਼ਿਆਦਾ ਸੀ ਤੇ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਸੰਗਤਾਂ ਨੇ ਸੁਆਦ ਚੱਖਿਆ। ਨਗਰ ਕੀਰਤਨ ਦੇ ਦੀਵਾਨ ਦੌਰਾਨ ਜਿਹਨਾਂ ਲੋਕਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਲਈ ਦਾਨ ਦਿੱਤਾ, ਉਹਨਾਂ ਨੂੰ ਸਿ-ਰੋਪਾਓ ਨਾਲ ਗੁਰਦੁਆਰਾ ਸਾਹਿਬ ਵੱਲੋਂ ਸਤਿਕਾਰ ਦਿੱਤਾ ਗਿਆ। ਇਹ ਨਗਰ ਕੀਰਤਨ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਕੱਢਿਆ ਗਿਆ ਤੇ ਲਾਗਲੀਆਂ ਸੜਕਾਂ ਤੇ ਹੁੰਦਾ ਹੋਇਆ ਬਾਅਦ ਦੁਪਹਿਰ 5 ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਮੁੜ ਵਾਪਸ ਆ ਕੇ ਸਮਾਪਤ ਹੋਇਆ। ਕਈ ਦਿਨਾਂ ਬਾਅਦ ਇਸ ਦਿਨ ਮੌਸਮ ਠੀਕ ਹੋਣ ਕਰਕੇ ਵੀ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ।








## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com





## BERKSHIRE HATHAWAY

Home Services

ELITE REAL ESTATE

BH HS BERKSHIRE HATHAWAY HOMESERVICES

**Shangara Ram**

Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

**Cell: 916-479-558, Fax # 916-721-2373**

**Office: 916-681-5112**

**shangararam2@gmail.com**

**7412 Elsie Ave., Sacramento, CA 95828**

# ਜੰਗ ਛਿੜੀ ਤਾਂ ਪਾਕਿਸਤਾਨ ਸਰਕਾਰ ਦੇ ਕੰਗਾਲ ਹੋ ਜਾਣ ਦਾ ਡਰ

ਨਵੀਂ ਦਿੱਲੀ - ਦਾਅਵੇ ਜਿੰਨੇ ਵੀ ਕਰ ਲਵੇ, ਅੱਤਵਾਦ ਨੂੰ ਪਨਾਹ ਦੇਣ ਵਾਲਾ ਪਾਕਿਸਤਾਨ ਜੇ ਜੰਗ ਛੇੜੇਗਾ ਤਾਂ ਉਸ ਦੀ ਅਰਥ ਵਿਵਸਥਾ ਬੁਰੀ ਤਰ੍ਹਾਂ ਤਬਾਹ ਹੋ ਜਾਵੇਗੀ। ਵਿਦੇਸ਼ੀ ਮਦਦ ਨਾਲ ਗੁਜ਼ਾਰਾ ਕਰਨ ਦੇ ਲਈ ਮਜਬੂਰ ਹੋਇਆ ਪਿਆ ਪਾਕਿਸਤਾਨ ਕੰਗਾਲ ਹੋ ਸਕਦਾ ਹੈ। ਉਸ ਦੇ ਸਾਹਮਣੇ ਜ਼ਰੂਰੀ ਚੀਜ਼ਾਂ ਦੀ ਦਰਾਮਦ ਲਈ ਵੀ ਵਿਦੇਸ਼ੀ ਕਰੰਸੀ ਲੱਭਣੀ ਔਖੀ ਹੋਵੇਗੀ। ਦੂਜੇ ਪਾਸੇ ਭਾਰਤੀ ਦੀ ਸਥਿਤੀ ਏਨੀ ਮਜ਼ਬੂਤ ਹੈ ਕਿ ਹਰ ਸਥਿਤੀ ਦਾ ਸਾਹਮਣਾ ਕਰ ਸਕਦੀ ਹੈ, ਇਸ ਦੀ ਆਰਥਿਕਤਾ ਹਰ ਪੱਖੋਂ ਪਾਕਿਸਤਾਨ ਤੋਂ ਕਈ ਗੁਣਾ ਬਿਹਤਰ ਹੈ।

ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਦੀ ਫੈਕਟਬੁੱਕ ਮੁਤਾਬਕ ਖਰੀਦ ਸ਼ਕਤੀ ਪਹਿਲ (ਪੀ ਪੀ ਪੀ) ਦੇ ਪੱਖ ਤੋਂ ਸਾਲ 2017 ਵਿੱਚ ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) 9.47 ਲੱਖ ਕਰੋੜ ਡਾਲਰ ਸੀ, ਪਰ ਪਾਕਿਸਤਾਨ ਦਾ ਸਿਰਫ ਇੱਕ ਲੱਖ ਕਰੋੜ ਡਾਲਰ ਸੀ। ਇਸ ਤਰ੍ਹਾਂ ਭਾਰਤ ਦੀ ਅਰਥ ਵਿਵਸਥਾ ਪਾਕਿਸਤਾਨ ਦੇ ਮੁਕਾਬਲੇ ਨੌ ਗੁਣਾ ਵੱਧ ਹੈ। ਇਸ ਤੋਂ ਇਲਾਵਾ ਭਾਰਤ ਦੀ ਵਿਕਾਸ ਦਰ ਵੀ ਪਾਕਿਸਤਾਨ ਤੋਂ ਵੱਧ ਹੈ। ਭਾਰਤ ਦਾ ਵਿਦੇਸ਼ੀ ਕਰੰਸੀ ਭੰਡਾਰ 400 ਅਰਬ ਡਾਲਰ ਤੋਂ ਵੱਧ ਹੈ, ਜਦ ਕਿ ਪਾਕਿਸਤਾਨ ਕੋਲ ਸਿਰਫ 18 ਅਰਬ ਡਾਲਰ ਦਾ ਵਿਦੇਸ਼ੀ ਕਰੰਸੀ ਭੰਡਾਰ ਹੈ। ਇਸ ਤਰ੍ਹਾਂ ਭਾਰਤ ਕੋਲ ਗੁਆਂਢੀ ਦੇਸ਼ ਦੇ ਮੁਕਾਬਲੇ 20 ਗੁਣਾ ਵੱਡਾ ਵਿਦੇਸ਼ੀ ਕਰੰਸੀ ਭੰਡਾਰ ਹੈ। ਖਾਸ ਗੱਲ ਇਹ ਹੈ ਕਿ ਪਾਕਿਸਤਾਨ ਕੋਲ ਵਿਦੇਸ਼ੀ ਕਰੰਸੀ ਇਕੱਠੀ ਕਰਨ ਦਾ ਕੋਈ ਪੱਕਾ ਵਸੀਲਾ ਨਹੀਂ ਹੈ।



ਪਾਕਿਸਤਾਨ ਪੂਰੇ ਸਾਲ ’ਚ ਸਿਰਫ 32 ਅਰਬ ਡਾਲਰ ਦੀ ਐਕਸਪੋਰਟ ਕਰਦਾ ਹੈ, ਭਾਰਤ ਦੀ ਇਕ ਸਾਲ ਦੀ ਐਕ-ਸਪੋਰਟ 300 ਅਰਬ ਡਾਲਰ ਤੋਂ ਵੱਧ ਹੈ। ਇਸ ਤਰ੍ਹਾਂ ਭਾਰਤ ਦੀ ਐਕਸਪੋਰਟ ਪਾਕਿਸਤਾਨ ਦੇ ਮੁਕਾਬਲੇ ਕਰੀਬ ਦਸ ਗੁਣਾ ਵੱਧ ਹੈ। ਸਿੱਖਿਆ ਤੇ ਸਿਹਤ ਵਰਗੀਆਂ ਜਨਤਕ ਸਹੂਲਤਾਂ ਦੇ ਪੱਖੋਂ ਭਾਰਤ ਦਾ ਖਰਚਾ ਪਾਕਿਸਤਾਨ ਦੇ ਮੁਕਾਬਲੇ ਕਾਫੀ ਵੱਧ ਹੈ। ਭਾਰਤ ਸਿਹਤ ਵਿਵਸਥਾ ਉਤੇ ਜੀ ਡੀ ਪੀ ਦਾ 4.7 ਫੀਸਦੀ ਖਰਚ ਕਰਦਾ ਹੈ, ਜਦ ਕਿ ਪਾਕਿਸਤਾਨ ਸਿਰਫ 2.6 ਫੀਸਦੀ ਕਰਦਾ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਭਾਰਤ ਨੇ ਪਾਕਿਸਤਾਨ ਨੂੰ ਕੂਟਨੀਤਕ ਤੌਰ ’ਤੇ ਇਕੱਲਾ ਕਰਨ ਦੀ ਮੁਹਿੰਮ ਛੇੜੀ ਹੈ, ਉਸ ਨਾਲ ਆਉਂਦੇ ਸਮੇਂ ’ਚ ਵੀ ਉਸ ਦੀਆਂ ਆਰਥਿਕ ਮੁਸੀਬਤਾਂ ਵਧ ਸਕਦੀਆਂ ਹਨ। ਪਾਕਿਸਤਾਨ ਦੀ ਸਭ ਤੋਂ ਵੱਧ ਇੰਪੋਰਟ ਚੀਨ ਤੋਂ ਹੁੰਦੀ ਹੈ। ਭਾਰਤ ਨਾਲ ਜੰਗ ਛਿੜਣ ਉੱਤੇ ਪਾਕਿਸਤਾਨੀ ਅਰਥ ਵਿਵਸਥਾ ਬੁਰੀ ਤਰ੍ਹਾਂ ਤਬਾਹ ਹੋ ਜਾਵੇਗੀ।

## ਅਭਿਨੰਦਨ ਨੇ ਪਾਕਿ ਜਹਾਜ਼ ਨੂੰ ਸਵਾ ਮਿੰਟ ’ਚ ਹੀ ਕਰ ਦਿੱਤਾ ਸੀ ਢੇਰ

ਨਵੀਂ ਦਿੱਲੀ- ਵਿੰਗ ਕਮਾਂਡਰ ਅਭਿਨੰਦਨ ਬੁੱਧਵਾਰ ਸਵੇਰੇ ਆਪਣੇ ਜਹਾਜ਼ ਵਿਚ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਨ, ਜਦ ਉਨ੍ਹਾਂ ਪਾਕਿਸਤਾਨੀ ਲੜਾਕੂ ਜਹਾਜ਼ ਨੂੰ



ਦੇਖਿਆ। ਮੀਡੀਆ ਰਿਪੋਰਟ ਮੁਤਾਬਕ, ਪਾਕਿਸਤਾਨੀ ਜਹਾਜ਼ ਤਦ 8 ਹਜ਼ਾਰ ਫੁੱਟ ਦੀ ਉਚਾਈ ’ਤੇ ਨੌਸ਼ੈਰਾ ਸੈਕਟਰ ਵਿਚ ਦਾਖ਼ਲ ਹੋ ਚੁੱਕਾ ਸੀ। ਇਸ ਨੂੰ ਮੈਂ ਖਦੇੜਦਾ ਹਾਂ, ਇਹ ਮੇਰਾ ਸ਼ਿਕਾਰ ਹੈ, ਵਿੰਗ ਕਮਾਂਡਰ ਅਭਿਨੰਦਨ ਨੇ ਇਹ ਸੰਦੇਸ਼ ਭਾਰਤੀ ਆਸਮਾਨ ਦੀ ਨਿਗਰਾਨੀ ਕਰ ਰਹੇ ਅਪਣੇ ਸਾਥੀਆਂ ਨੂੰ ਭੇਜਿਆ। ਇਸ ਦੇ ਨਾਲ ਹੀ 86 ਸੈਕਿੰਟ ਦਾ ਮੁਕਾਬਲਾ ਸ਼ੁਰੂ ਹੋਇਆ, ਜਿਸ ਨੂੰ ਡਾਗ ਫਾਈਟ ਨਾਂ ਤੋਂ ਜਾਣਿਆ ਜਾਂਦਾ ਹੈ। ਪਿੱਛਾ ਕਰਨ ਦੀ ਰਫਤਾਰ ਉਸ ਸਮੇਂ ਹਵਾ ਵਿਚ ਹਰ ਸੈਕਿੰਟ ਵਿਚ 1 ਕਿਲੋਮੀਟਰ ਹੈ ਅਤੇ ਇੱਕ ਘੰਟੇ ਵਿਚ 900 ਕਿਲੋਮੀਟਰ ਸੀ। ਇਹ ਅੱਗੇ ਪਿੱਛੇ ਚਲਣ ਦੀ ਖੇਡ 26 ਹਜ਼ਾਰ ਫੁੱਟ ਦੀ ਉਚਾਈ ਛੂਹ ਗਿਆ। ਉਪਰ ਥੱਲੇ ਜਾਂਦੇ ਦੋਵੇਂ ਪਾਇਲਟ ਇੱਕ ਦੂਜੇ ਦੀ ਅੱਖਾਂ ਵਿਚ ਅੱਖਾਂ ਪਾ ਕੇ ਲੜ ਰਹੇ ਸਨ। ਇਸੇ ਦੌਰਾਨ ਹਵਾ ਵਿਚ ਤਬਾਹੀ ਮਚਾਉਣ ਵਾਲਾ ਆਰ-73 ਮਿਜ਼ਾਈਲ ਵਿੰਗ ਕਮਾਂਡਰ ਅਭਿਨੰਦਨ ਨੇ ਦਾਗਿਆ, ਜਦ ਕਿ 60 ਡਿਗਰੀ ਦੇ ਮਾਰਕ ਐਂਗਲ ਤੋਂ ਇਸ ਦੌਰਾਨ ਲਾਭ ਲੈ ਕੇ ਦੂਜੇ ਪਾਕਿਸਤਾਨੀ ਜਹਾਜ਼ ਨੇ ਅਭਿਨੰਦਨ ਦੇ ਜਹਾਜ਼ ’ਤੇ ਫਾਇਰ ਕੀਤਾ। ਅਭਿਨੰਦਨ ਦੇ ਦੂਜੇ ਸਾਥੀ ਇਸ ਦੌਰਾਨ ਪਾਕਿਸਤਾਨ ਦੇ ਐਫ 16 ਨੂੰ ਖਦੇੜ ਰਹੇ ਸਨ। ਅਭਿਨੰਦਨ ਨੂੰ ਲੱਗਾ ਕਿ ਉਨ੍ਹਾਂ ਦਾ ਜਹਾਜ਼ ਬਚੇਗਾ ਨਹੀਂ। ਉਹ ਪੈਰਾਸ਼ੂਟ ਦੇ ਸਹਾਰੇ ਉਸ ਵਿਚੋਂ ਫੁਰਤੀ ਨਾਲ ਨਿਕਲੇ। ਹਵਾ ਦਾ ਰੁਖ ਉਨ੍ਹਾਂ 7 ਕਿਲੋਮੀਟਰ ਪਾਕਿ ਸਰਹੱਦ ਅੰਦਰ ਲੈ ਗਿਆ। ਇਸ ਤੋਂ ਬਾਅਦ ਅਭਿਨੰਦਨ ਪਾਕਿਸਤਾਨ ਦੇ ਲੋਕਾਂ ਅਤੇ ਬਾਅਦ ਵਿਚ ਸੈਨਾ ਦੀ ਪਕੜ ਵਿਚ ਆਏ।

## ਮਿਸ਼ਨ ਮੋਦੀ ਪੀ ਐੱਮ ਅਗੇਨ ਤਹਿਤ ਯੂਰਪ ਟੀਮ ਦੀ ਪ੍ਰਧਾਨਗੀ ਦਾ ਤਾਜ ਅਨਿਲ ਸ਼ਰਮਾ ਸਿਰ ਸਜਿਆ

**ਲੰਡਨ–** ਭਾਰਤੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ ਆਪਣੀ ਰਣਨੀਤੀ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਵੀ ਵਿਦੇਸ਼ਾਂ ਵਿੱਚ ਆਪਣੀ ਸ਼ਾਖ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ “ਮਿਸ਼ਨ ਮੋਦੀ ਪੀ ਐੱਮ ਅਗੇਨ“ ਤਹਿਤ ਯੂਰੋਪ ਟੀਮ ਦਾ ਗਠਨ ਕੀਤਾ ਗਿਆ। ਨਵੇਂ ਅਹੁਦੇਦਾਰਾਂ ਨੂੰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਨਿਰਦੇਸ਼ਾਂ ਅਨੁਸਾਰ ਬਰਮਿੰਘਮ ਦੇ ਹੈਰੀਟੇਜ ਬੈਂਕੁਇਟ ਹਾਲ ਵਿਖੇ ਨਿਯੁਕਤੀ ਪੱਤਰ ਵੰਡੇ ਗਏ। ਇਸ ਸਮੇਂ ਕੀਤੇ ਗਏ ਸਮਾਗਮ ਦੀ ਪ੍ਰਧਾਨਗੀ ਮਿਸ਼ਨ ਦੇ ਇੰਟਰਨੈਸ਼ਨਲ ਕਨਵੀਨਰ ਪ੍ਰਵੇਸ਼ ਕੁਮਾਰ ਸ਼ੁਕਲਾ ਨੇ ਕੀਤੀ। ਪ੍ਰਧਾਨ ਰਾਮ ਵਿਲਾਸ ਵੇਦਾਂਤੀ, ਕਾਰਜਕਾਰੀ ਪ੍ਰਧਾਨ ਰਾਮ ਗੋਪਾਲ ਕਾਕਾ ਜੀ, ਸੂਬਾ ਪ੍ਰਧਾਨ ਡਾ: ਸੰਜੀਵ ਚੌਧਰੀ ਦੇ ਸਾਥ ਨਾਲ ਸੰਪੰਨ ਹੋਏ ਇਸ ਸਮਾਗਮ ਦੌਰਾਨ ਮਿਸ਼ਨ ਦੀ ਯੂਰੋਪ ਟੀਮ ਦੀ ਪ੍ਰਧਾਨਗੀ ਦਾ ਤਾਜ਼ ਉੱਘੇ ਕਾਰੋਬਾਰੀ ਅਤੇ ਸਮਾਜਸੇਵੀ ਅਨਿਲ ਸ਼ਰਮਾ ਸਿਰ ਸਜਾਇਆ ਗਿਆ। ਇਸ ਸਮੇਂ ਨਮਿਤ ਟੰਡਨ ਤੇ ਬਲਜਿੰਦਰ ਢਿੱਲੋਂ ਨੂੰ ਮੀਤ ਪ੍ਰਧਾਨ, ਪੰਕਜ ਬੇਦੀ ਤੇ ਸੋਨੂੰ ਵਰਮਾ ਨੂੰ ਜਨਰਲ ਸਕੱਤਰ, ਪ੍ਰਭਜੋਤ ਸਿੰਘ ਨੂੰ ਸਕੱਤਰ, ਦੀਪ ਢਿੱਲੋਂ ਤੇ ਪ੍ਰਭਜੋਤ ਸਿੰਘ ਨੂੰ ਮੁੱਖ ਸਲਾਹਕਾਰ ਦੀਆਂ ਸੇਵਾਵਾਂ ਨਿਭਾਉਣ ਲਈ ਨਿਯੁਕਤੀ ਪੱਤਰ ਭੇਂਟ ਕੀਤੇ ਗਏ। ਇਸ ਸਮੇਂ ਆਪਣੇ ਸੰਬੋਧਨ ਦੌਰਾਨ ਜਿੱਥੇ ਪ੍ਰਵੇਸ਼ ਸ਼ੁਕਲਾ ਨੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਵੱਲੋਂ ਭੇਜੀਆਂ ਸੁਭਕਾਮਨਾਵਾਂ ਦਿੱਤੀਆਂ ਉੱਥੇ ਨਵ ਨਿਯੁਕਤ ਪ੍ਰਧਾਨ ਅਨਿਲ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਰਿੰਦਰ ਮੋਦੀ ਨੂੰ ਦੁਬਾਰਾ ਭਾਰਤ ਦਾ ਪ੍ਰਧਾਨ ਮੰਤਰੀ ਦੇਖਣ ਦੇ ਸੁਪਨੇ ਨੂੰ ਸੱਚ ਕਰਨ ਲਈ ਯੂਰੋਪ ਦੇ ਨਵੇਂ ਅਹੁਦੇਦਾਰਾਂ ਦੀ ਟੀਮ ਤਨਦੇਹੀ ਨਾਲ ਕਾਰਜ ਕਰੇਗੀ। ਉਹਨਾਂ ਕਿਹਾ ਕਿ ਯੂਰੋਪ ਵਿੱਚ ਵਸਦੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਰਾਬਤਾ ਕਰਕੇ ਪਾਰਟੀ ਗਤੀਵਿਧੀਆਂ ਤੋਂ ਜਾਣੂੰ ਕਰਵਾਇਆ ਜਾਵੇਗਾ। ਇਸ ਸਮੇਂ ਹਰਜੋਧ ਸਿੰਘ ਢਿੱਲੋਂ, ਇਸ਼ਾਨ ਬੇਦੀ, ਸੰਜੀਵ ਕੁਮਾਰ, ਮਦਨ ਮੋਹਨ ਆਦਿ ਸਰਗਰਮ ਆਗੂ ਵਿਸ਼ੇਸ਼ ਤੌਰ ’ਤੇ ਹਾਜਰ ਸਨ।



Biryani Express

ਸੇਲ Sale ਸੇਲ

An Absolute Gold Mine Restaurant.

Very Steady Sales With Clientele.

In 1400 sqft, Located By In-N-Out Anchored Shopping Center,

Across From Costco.

Low Rent With Long Lease.

The Owner is Selling Due To Health Reasons

Indian/Pakistani Restaurant For Sale

Sale Price: $120,000

Contact: Pervaiz Bhatti

Phone: (209)324-8109

3900 Pelandale Ave., Modesto, CA

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing



Prop: Jasbir Singh Takhar
510-755-2132

510- 733- 2222

1421 Industrial PKWY West#F Hay-ward, CA 94544

Harmandeep Singh

ਦੇਸ਼ ਦੁਆਬਾ

# ਰੁੱਤ ਚੋਣਾਂ ਦੀ ਆਈ

ਭਾਰਤ ਚੋਣ ਕਮਿਸ਼ਨ ਨੇ 17ਵੀਂ ਲੋਕ ਸਭਾ ਲਈ ਚੋਣਾਂ ਦੀਆਂ ਤਾਰੀਖਾਂ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਭਾਰਤ ਵਿਚ ਚੋਣਾਂ ਦਾ ਰੌਣਕ ਮੇਲਾ ਆਰੰਭ ਹੋ ਗਿਆ ਹੈ। ਪਿਛਲੀਆਂ ਚੋਣਾਂ ਵਿਚ 9 ਪੜਾਵਾਂ ਵਿਚ ਵੋਟਾਂ ਪਵਾਈਆਂ ਗਈਆਂ ਸਨ, ਜਦਕਿ ਇਸ ਵਾਰ 7 ਪੜਾਵਾਂ ਵਿਚ ਹੀ ਵੋਟਾਂ ਦਾ ਕੰਮ ਮੁਕੰਮਲ ਹੋ ਜਾਵੇਗਾ। ਭਾਰਤ ਵਿਚ 90 ਕਰੋੜ ਵੋਟਰ ਇਸ ਵਕਤ ਹਨ, ਜਿਹਨਾਂ ਵਿਚੋਂ ਕਾਫੀ ਵੱਡੀ ਗਿਣਤੀ ਇਸ ਵਾਰ ਨੌਜਵਾਨਾਂ ਦੀ ਹੈ। ਇਸ ਕਰਕੇ ਇੰਨੇ ਵੱਡੇ ਵੋਟਰ ਵਰਗ ਦਰਮਿਆਨ ਚੋਣਾਂ ਕਰਵਾਉਣ ਲਈ ਪੜਾਅਵਾਰ ਚੱਲਣਾ ਚੋਣ ਕਮਿਸ਼ਨ ਦੀ ਮਜਬੂਰੀ ਹੈ। ਇਹ ਮੰਨਣ ਵਾਲੀ ਗੱਲ ਹੈ ਕਿ ਪਹਿਲਾਂ ਦੇ ਮੁਕਾਬਲੇ ਚੋਣ ਕਮਿਸ਼ਨ ਜ਼ਿਆਦਾ ਸਰਗਰਮੀ ਨਾਲ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਇਸ ਵਾਰ ਈ. ਵੀ. ਐਮ. ਦੇ ਨਾਲ ਹੀ ਵੀ. ਵੀ. ਪੈਟ ਮਸ਼ੀਨ ਵੀ ਲੱਗੇਗੀ, ਤਾਂ ਜੋ ਈ. ਵੀ. ਐਮ. ਮਸ਼ੀਨਾਂ ਵਿਚ ਗੜਬੜੀ ਦੇ ਦੋਸ਼ਾਂ ਤੋਂ ਬਚਿਆ ਜਾ ਸਕੇ। ਇਸ ਨਾਲ ਫਰਕ ਇਹ ਪਿਆ ਕਿ ਚੋਣਾਂ ਬਹੁਤ ਜ਼ਿਆਦਾ ਖਰਚੀਲੀਆਂ ਹੋ ਗਈਆਂ। ਜੇਕਰ ਚੋਣ ਪ੍ਰਕਿਰਿਆ ਘੱਟ ਲੰਮੀ ਹੋਵੇਗੀ ਤਾਂ ਖਰਚ ਵਿਚ ਕਟੌਤੀ ਕੀਤੀ ਜਾ ਸਕਦੀ ਹੈ।

ਚੋਣਾਂ ਦਾ ਐਲਾਨ ਹੁੰਦਿਆਂ ਹੀ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਸਨ। ਹਾਲਾਂਕਿ ਉਤਰ ਪ੍ਰਦੇਸ਼ ਵਿਚ ਬਸਪਾ ਅਤੇ ਸਪਾ ਕਾਫੀ ਸਮੇਂ ਤੋਂ ਸਰਗਰਮ ਹਨ ਅਤੇ ਬੰਗਾਲ ਵਿਚ ਮਮਤਾ ਬੈਨਰਜੀ ਵੀ ਕਾਫੀ ਦੇਰ ਤੋਂ ਸਰਗਰਮੀ ਦਿਖਾ ਰਹੇ ਹਨ। ਕਾਂਗਰਸ ਨੇ ਇਸ ਵਾਰ ਕਈ ਅਜਿਹੇ ਮੁੱਦਿਆਂ ਨੂੰ ਉਛਾਲਿਆ, ਜਿਹਨਾਂ ਤੇ ਪਹਿਲਾਂ ਹੀ ਸੁਪਰੀਮ ਕੋਰਟ ਦੀ ਮੋਹਰ ਲੱਗ ਚੁੱਕੀ ਹੈ। ਇਸ ਵਾਰ ਵੀ ਵੋਟਾਂ ਵਿਚ ਜਾਤੀ, ਧਾਰਮਿਕ ਸਮੀਕਰਨਾਂ ਨੂੰ ਦੇਖ ਕੇ ਉਮੀਦਵਾਰਾਂ ਦੇ ਐਲਾਨ ਕੀਤੇ ਜਾ ਰਹੇ ਹਨ। ਕਾਂਗਰਸ ਨੇ ਆਪਣੀ ਪਹਿਲੀ ਲਿਸਟ ਜਾਰੀ ਕਰ ਦਿੱਤੀ ਹੈ, ਜਿਸ ਵਿਚ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੇ ਨਾਂ ਵੀ ਸ਼ਾਮਲ ਹਨ। ਇੱਧਰ ਭਾਜਪਾ ਇਸ ਵਾਰ ਕਾਫੀ ਜਾਂਚ-ਪੜਤਾਲ ਤੋਂ ਬਾਅਦ ਟਿਕਟਾਂ ਦੇਣ ਜਾ ਰਹੀ ਹੈ। ਭਾਜਪਾ ਆਪਣੇ ਮੌਜੂਦਾ ਐਮ. ਪੀਜ਼ ਵਿਚੋਂ ਉਹਨਾਂ ਨੂੰ ਹੀ ਦੁਬਾਰਾ ਟਿਕਟ ਦੇਣ ਦੀ ਚਾਹਵਾਨ ਹੈ, ਜਿਹਨਾਂ ਦਾ ਟਰੈਕ ਰਿਕਾਰਡ ਚੰਗਾ ਹੈ।

ਇਸ ਵਾਰ ਦੀਆਂ ਚੋਣਾਂ ਵਿਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਮੋਦੀ ਦੇ ਮੁਕਾਬਲੇ ਸਾਰੀ ਵਿਰੋਧੀ ਧਿਰ ਇੱਕਜੁਟਤਾ ਦਿਖਾਉਂਦੀ ਰਹੀ ਹੈ ਪਰ ਚੋਣਾਂ ਤੱਕ ਅਜਿਹੀ ਕੋਈ ਸਹਿਮਤੀ ਨਹੀਂ ਬਣ ਸਕੇ ਕਿ ਸਾਰੀਆਂ ਵਿਰੋਧੀ ਪਾਰਟੀਆਂ ਇਕ ਪਲੇਟਫਾਰਮ ਤੇ ਖੜ੍ਹੀਆਂ ਦਿਖਾਈ ਦੇਣ। ਚੋਣਾਂ ਤੋਂ ਬਾਅਦ ਕਿਸੇ ਗੱਠਜੋੜ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ ਪਰ ਚੋਣਾਂ ਆਪੋ-ਆਪਣੇ ਦਮ ਤੇ ਲੜਨ ਲਈ ਸਾਰੀਆਂ ਪਾਰਟੀਆਂ ਸਹਿਮਤ ਦਿਖਾਈ ਦਿੰਦੀਆਂ ਹਨ ਕਿਉਂਕਿ ਹਰੇਕ ਪਾਰਟੀ ਨੂੰ ਆਪਣੇ ਵਜੂਦ ਦੀ ਵੀ ਚਿੰਤਾ ਹੈ। ਜ਼ਿਆਦਾਤਰ ਛੋਟੀਆਂ ਪਾਰਟੀਆਂ ਜੇਕਰ ਚੋਣਾਂ ਤੋਂ ਪਹਿਲਾਂ ਕਿਸੇ ਪਾਰਟੀ ਨਾਲ ਗੱਠਜੋੜ ਕਰਦੀਆਂ ਹਨ ਤਾਂ ਵੱਡੀ ਪਾਰਟੀ ਛੋਟੀਆਂ ਪਾਰਟੀਆਂ ਦੇ ਵਜੂਦ ਲਣ ਖਤਰਾ ਬਣ ਜਾਂਦੀ ਹੈ।

ਯੂ. ਪੀ. ਤੋਂ ਇਲਾਵਾ ਗ੍ਰਹਿ ਸੂਬੇ ਪੰਜਾਬ ਵਿਚ ਇਸ ਵਾਰ ਅਕਾਲੀ ਦਲ ਅਤੇ ਭਾਜਪਾ ਦਾ ਪੁਰਾਣਾ ਗੱਠਜੋੜ ਹੈ, ਜਦਕਿ ਕਾਂਗਰਸ ਇਕੱਲੀ ਹੀ ਚੋਣਾਂ ਲੜਨ ਜਾ ਰਹੀ ਹੈ। ਕਾਂਗਰਸ ਨੂੰ ਵਜੂਦ ਗੁਆ ਰਹੀਆਂ ਕਮਿਊਨਿਸਟ ਪਾਰਟੀਆਂ ਦੀ ਵੋਟ ਮਿਲ ਸਕਦੀ ਹੈ ਪਰ ਆਮ ਆਦਮੀ ਪਾਰਟੀ ਵੀ ਇਸ ਵੋਟ 'ਤੇ ਆਪਣਾ ਹੱਕ ਸਮਝਦੀ ਆਈ ਹੈ। ਜਿੱਥੋਂ ਤੱਕ ਬਾਕੀ ਪਾਰਟੀਆਂ ਦਾ ਸਬੰਧ ਹੈ, ਅਕਾਲੀ ਦਲ ਟਕਸਾਲੀ ਅਤੇ ਆਮ ਆਦਮੀ ਪਾਰਟੀ ਇਕੱਠੇ ਇਕ ਮੰਚ ਤੇ ਦਿਖਾਈ ਦਿੱਤੇ ਹਨ ਪਰ ਬਸਪਾ ਫਿਲਹਾਲ ਕਿਸੇ ਪਾਰਟੀ ਨਾਲ ਰਲਗੱਡ ਹੁੰਦੀ ਦਿਖਾਈ ਨਹੀਂ ਦਿੱਤੀ। ਕਾਂਗਰਸ ਨੇ ਬਸਪਾ ਨਾਲ ਗੱਠਜੋੜ ਨੂੰ ਪੰਜਾਬ ਵਿਚ ਪਹਿਲਾਂ ਹੀ ਨਕਾਰ ਦਿੱਤਾ ਹੈ।

ਭਾਰਤ ਵਿਚ ਹਾਲਾਂਕਿ ਚੋਣਾਂ ਨੂੰ ਇਕ ਉਤਸਵ ਦਾ ਨਾਂ ਦਿੱਤਾ ਜਾਂਦਾ ਹੈ ਪਰ ਸੱਚ ਇਹ ਹੈ ਕਿ ਇਸ ਉਤਸਵ 'ਚ ਸਿਆਸੀ ਵੈਰ ਭਾਵਨਾ ਆਪਣੀ ਸਿਖਰ 'ਤੇ ਪਹੁੰਚਦੀ ਹੈ। ਕਈ ਵਾਰ ਆਪਸੀ ਵਿਰੋਧੀ ਸਿਆਸੀ ਪਾਰਟੀਆਂ ਇਕ-ਦੂਜੇ ਪ੍ਰਤੀ ਦੁਸ਼ਮਣਾਂ ਵਾਲਾ ਵਿਵਹਾਰ ਕਰਦੀਆਂ ਹਨ। ਉਹ ਨਾ ਸਿਰਫ ਆਪਣੇ ਸਿਆਸੀ ਵਿਰੋਧੀਆਂ ਪ੍ਰਤੀ ਅਸੱਭਿਅਕ ਭਾਸ਼ਾ ਦੀ ਵਰਤੋਂ ਕਰਦੀਆਂ ਹਨ, ਸਗੋਂ ਉਹਨਾਂ ਨੂੰ ਬਦਨਾਮ ਕਰਨ ਤੇ ਨੀਵਾਂ ਦਿਖਾਉਣ ਲਈ ਝੂਠ ਤੇ ਕਪਟ ਦਾ ਸਹਾਰਾ ਵੀ ਲੈਂਦੀਆਂ ਹਨ। ਵੋਟਾਂ ਵਿਚ ਨਸ਼ਾ ਅਤੇ ਹੋਰ ਲੋਭ-ਲਾਲਚ ਵੀ ਆਸਾਨੀ ਨਾਲ ਵੰਡੇ ਜਾਂਦੇ ਹਨ। ਜਾਤ-ਪਾਤ ਅਤੇ ਧਰਮ ਦੀ ਰਾਜਨੀਤੀ ਵੀ ਕੰਮ ਕਰਦੀ ਹੈ ਕਿਉਂਕਿ ਭਾਰਤੀ ਵੋਟਰ ਦਾ ਇਕ ਤਬਕਾ ਇਸ ਅਧਾਰ ਤੇ ਵੀ ਵੋਟ ਦਿੰਦਾ ਹੈ। ਲੋਕ ਸਭਾ ਚੋਣਾਂ ਹਾਲਾਂਕਿ ਭਾਰਤ ਦੀ ਕੇਂਦਰ ਸਰਕਾਰ ਚੁਣਨ ਲਈ ਹੁੰਦੀਆਂ ਹਨ ਪਰ ਕਈ ਅਜਿਹੇ ਖੇਤਰੀ ਮਸਲੇ ਵੀ ਹਨ, ਜਿਹਨਾਂ ਨੂੰ ਤਵੱਜੋਂ ਮਿਲਦੀ ਹੈ। ਭਾਰਤ ਵਿਚ ਪੂਰਨ ਲੋਕਤੰਤਰੀ ਪ੍ਰਣਾਲੀ ਹੈ ਪਰ ਹਾਲੇ ਵੀ ਸਾਡੇ ਬਹੁਤ ਸਾਰੇ ਵੋਟਰ ਇਸ ਪ੍ਰਣਾਲੀ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਨਹੀਂ ਹਨ, ਇਸ ਕਰਕੇ ਹੀ ਸਿਆਸਤਦਾਨ ਸੌੜੀ ਰਾਜਨੀਤੀ ਕਰਦੇ ਹਨ ਅਤੇ ਕਈ ਤਰ੍ਹਾਂ ਦੇ ਲੋਕ-ਲੁਭਾਊ ਵਾਅਦੇ ਅਤੇ ਐਲਾਨ ਕਰਕੇ ਜਨਤਾ ਤੋਂ ਵੋਟ ਲੈਣ ਦੀ ਕੋਸ਼ਿਸ਼ ਕਰਦੇ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-98

## ਅਠਾਰਾਂ ਖੂਹਣੀ (ਸੈਨਾ) ਦੀ ਅਸਲੀਅਤ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਗ੍ਰੰਥ ਵਿਖੇ ਜਿਕਰ ਹੈ-ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥(੯੩੭) ਜਿਸ ਦਾ ਭਾਵ ਕਿ ਮਾਇਆ ਮਮਤਾ ਤੋਂ ਪੈਦਾ ਹੋਏ ਵਿਤਕਰੇ ਦੇ ਕਾਰਨ, ਖਿਮਾ ਹੀਣ ਹੋ ਕੇ ਬੇਅੰਤ, ਲੱਖਾਂ ਅਣਗਿਣਤ ਜੀਵ ਖਪ ਮੋਏ ਜੋ ਗਿਣੇ ਨਹੀਂ ਜਾ ਸਕਦੇ। ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥ਗਿਣਤੀ ਦਾ ਕੀ ਲਾਭ? ਅਣਗਿਣਤ ਹੀ ਜੀਵ ਖਿਮਾ ਵਿਹੂਣੇ ਹੋ ਕੇ ਖੁਆਰ ਹੋਏ ਹਨ। ਖਸਮ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥ ਜੋ ਮਨੁੱਖ ਆਪਣੇ ਮਾਲਕ-ਪ੍ਰਭੂ ਨੂੰ ਪਛਾਣਦਾ ਹੈ ਉਹ ਖੁੱਲ੍ਹੇ ਦਿਲ ਵਾਲਾ ਹੋ ਜਾਂਦਾ ਤੇ ਉਸ ਦੀ ਤੰਗ-ਦਿਲੀ ਖਤਮ ਹੋ ਜਾਂਦੀ ਹੈ। ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥ (੯੩੭) ਉਹ ਗੁਰੂ ਸ਼ਬਦ ਰਾਹੀਂ ਟਿਕ ਕੇ ਜਿਗਰੇ ਵਾਲਾ ਹੋ ਜਾਂਦਾ, ਖਿਮਾ ਤੇ ਸੱਚ ਉਸ ਨੂੰ ਸੁਖੈਨ ਹੀ ਮਿਲ ਜਾਂਦੇ ਹਨ।

ਮਹਾਨ ਕੋਸ਼ ਅਤੇ ਗੁਰੂ ਗ੍ਰੰਥ ਸਾਹਿਬ ਕੋਸ਼ ਅਨੁਸਾਰ ਇੱਕ ਖਾਸ ਗਿਣਤੀ ਦੀ ਫੌਜ ਖੂਹਣਿ (ਖੂਹਣੀ-ਸੈਨਾ) ਜਿਸ ਵਿੱਚ ੧੦,੯੩੫੦ ਪੈਦਲ, ੬,੫੬੧੦ ਘੋੜੇ, ੨,੧੯੭੦ ਰਥ, ੨,੧੯੭੦ ਹਾਥੀ ਕੁੱਲਕ ਜੋੜ ੨੧,੮੭੦੦ ਹੋਣ ਉਸ ਨੂੰ ਅਖੌ-ਹਣੀ ਖੂਹਣੀ ਜਾਂ ਖੂਹਣਿ ਕਹਿੰਦੇ ਸਨ।

ਮਹਾਂਭਾਰਾਤ ਦੇ "ਆਦਿ ਪਰਵ" ਅਨੁਸਾਰ ਅਖੂਹਣੀ ਭਾਰਤੀ ਸੈਨਾ ਦਾ ਸਭ ਤੋਂ ਵੱਡਾ ਦਲ ਮੰਨਿਆਂ ਜਾਂਦਾ ਸੀ। ਇਸ ਦੇ ਹਾਥੀ, ਘੋੜੇ, ਰਥ ਅਤੇ ਪੈਦਲ ਚਾਰ ਹਿੱਸੇ ਹੁੰਦੇ ਸਨ। ਇਸ ਲਈ ਇਸ ਨੂੰ ਚਰੁਰੰਗਨੀ ਸੈਨਾ ਵੀ ਕਿਹਾ ਜਾਂਦਾ ਜਿਸ ਦੀ ਕੁੱਲ ਗਿਣਤੀ ਦੋ ਲੱਖ ਅਠਾਰਾਂ ਹਜ਼ਾਰ ਸੱਤ ਸੌ ਹੁੰਦੀ ਸੀ। ਜਿਸ ਦੀ ਸਭ ਤੋਂ ਛੋਟੀ ਇਕਾਈ "ਪੱਤਿ" (ਪਯਾਦਾ) ਜਿਸ 'ਚ ਇੱਕ ਰਥ, ਇੱਕ ਹਾਥੀ, ਤਿੰਨ ਘੋੜੇ ਅਤੇ ਪੰਜ ਪੈਦਲ ਸੈਨਿਕ ਸ਼ਾਮਲ ਹੁੰਦੇ ਸਨ। ਇਸ ਤੋਂ ਵੱਡੀਆਂ ਸੈਨਿਕ ਟੁਕੜੀਆਂ ਬਣਦੀਆਂ ਜਿਨ੍ਹਾਂ ਵਿੱਚ ਤਿੰਨ ਤਿੰਨ ਵਾਰ ਸਾਰੀਆਂ ਚੀਜ਼ਾਂ ਦਾ ਵਾਧਾ ਹੁੰਦਾ ਜਾਂਦਾ ਸੀ। ਅਖੀਰਲੀ ਟੁਕੜੀ ਜਾਂ ਦਲ ਦਾ ਨਾਂ ਅਨੀਕਿਨੀ ਸੀ। ਦਸ ਅਨੀਕਿਨੀਆਂ ਦਾ ਸਮੂੰਹ ਅਖੂਹਣੀ ਸੈਨਾ ਅਖਵਾਉਂਦਾ ਸੀ ਜਿਸ ਦੀ ਗਿਣਤੀ ਉੱਪਰ ਦੱਸੀ ਜਾ ਚੁੱਕੀ ਹੈ। ਮਹਾਂਭਾਰਤ ਅਨੁਸਾਰ ਕੁਰੂਕ੍ਸ਼ੇਤਰ ਦੀ ਯੁੱਧ ਭੂਮੀ 'ਚ ੧੮ ਅਖੂਹਣੀ ਸੈਨਾ ਬਲ ਆਪਸ ਵਿੱਚ ਲੜੀਆ ਸੀ। ਟਿਪਣੀ-ਜੇ ਮਹਾਂਭਾਰਤ ਦੇ ਆਦਿ ਪਰਵ ਦੀ ਉੱਪਰ ਦੱਸੀ ਕੁੱਲ ਗਿਣਤੀ ਜੋ ਦੋ ਲੱਖ ਅਠਾਰਾਂ ਹਜ਼ਾਰ ਸੱਤ ਸੌ (੨੧੮੭੦੦) ਨੂੰ ਅਠਾਰਾਂ ਨਾਲ ਜ਼ਰਬ ਕੀਤੀ ਜਾਵੇ ਤਾਂ ਉਨਤਾਲੀ ਕਰੋੜ, ਤਿੰਨ ਲੱਖ, ਛੇ ਹਜ਼ਾਰ, ਛੇ ਸੌ (੩੯੩੬੬੦੦) ਅਠਾਰਾਂ ਖੂਹਣੀਆਂ ਬਣਦੀ ਹੈ। ਇਹ ਗਿਣਤੀ ਕਿੰਨੀ ਕੁ ਸੱਚ ਹੈ ਦਾ ਅੰਦਾਜਾ ਅੱਜ ਭਾਰਤ ਦੀ ੧੦੦ ਕਰੋੜ ਤੋਂ ਉੱਪਰ ਦੀ ਅਬਾਦੀ ਤੋਂ ਲਾਇਆ ਜਾ ਸਕਦਾ ਹੈ ਕਿ ਅੱਜ ਤੋਂ ਲੱਖਾਂ ਕਰੋੜਾਂ ਸਾਲ ਪਹਿਲਾਂ ਮਹਾਂਭਾਰਤ ਦੇ ਯੁੱਧ ਵੇਲੇ ਅਜੋਕੇ ਹਰਿਆਣੇ ਦੇ ਕੁਰੂਕਸ਼ੇਤਰ ਸ਼ਹਿਰ ਵਿੱਚ (ਉਨਤਾਲੀ ਕਰੋੜ, ਤਿੰਨ ਲੱਖ, ਛੇ ਹਜ਼ਾਰ, ਛੇ ਸੌ) ਫੌਜ ਦੀ ਗਿਣਤੀ ਨਹੀਂ ਹੋ ਸਕਦੀ ਕਿਉਂਕਿ ਏਨੀ ਗਿਣਤੀ ਤਾਂ ਉਸ ਵੇਲੇ ਸਾਰੇ ਭਾਰਤ ਦੀ ਜਨਤਾ ਦੀ ਵੀ ਨਹੀਂ ਸੀ। ਅੰਦਾਜਾ ਲਾਓ ਜੇ ਫੌਜ ਹੀ ਏਡੀ ਵੱਡੀ ਗਿਣਤੀ ਵਿੱਚ ਸੀ ਤੇ ਫਿਰ ਆਮ ਜਨਤਾ ਤਾਂ ਅੱਜੋਕੀ ਅਬਾਦੀ ਤੋਂ ਵੀ ਕਿਤੇ ਜਿਆਦਾ ਹੋਵੇਗੀ! ਜਦ ਕਿ ਪੁਰਾਣੀ ਕਹਾਵਤ ਅਨੁਸਾਰ ਬਾਹਰੀਂ (12) ਕੋਹੀਂ ਦੀਵਾ ਜਗਦਾ ਸੀ ਭਾਵ ਪਿੰਡ ਵੀ ਕੋਈ ਨੇੜੇ ਨਹੀਂ ਸੀ ਹੁੰਦਾ ਅਬਾਦੀ ਬਹੁਤ ਘੱਟ ਸੀ।

ਗੁਰੂ ਸਾਹਿਬ ਦਾ ਗੁਰਬਾਣੀ ਵਿਖੇ ਇਸ ਦਾ ਪ੍ਰਚੱਲਤ ਗਿਣਤੀ ਅਨੁਸਾਰ ਹਵਾਲਾ ਦੇਣ ਦਾ ਭਾਵ ਵੱਡੀ ਗਿਣਤੀ ਜੋ ਸ਼ੁਭ ਗੁਣਾਂ ਸੱਚ ਖਿਮਾਂ ਆਦਿਕ ਤੋਂ ਖੀਣ ਹੀ ਹਉਮੈ ਹੰਕਾਰ ਵਿੱਚ ਖਪ-ਖਪ ਮਰ ਗਈ-ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥ (੯੩੭) "ਕਿਉਂ ਗਣੀ" ਭਾਵ ਮੈਂ ਉਨ੍ਹਾਂ ਨੂੰ ਕਿਉਂ ਗਿਣਾਂ ਜਿੰਨ੍ਹਾਂ ਔਗੁਣਆਰੇ ਹੰਕਾਰੀਆਂ ਦੀ ਬਹੁਤਾਤ ਹੈ। ਸੋ ਗੁਰੂ ਗ੍ਰੰਥ ਦੀ ਬਾਣੀ ਵਿਖੇ ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਪੁਰਾਤਨ ਮਨੌਤਾਂ ਦੇ ਹਵਾਲੇ ਕੇਵਲ ਦ੍ਰਿਸ਼ਟਾਂਤ ਮਾਤ੍ਰ ਲੋਕਾਂ ਨੂੰ ਸਮਝਾਉਣ ਲਈ ਦਿੱਤੇ ਨਾ ਕਿ ਉਹ ਉਨ੍ਹਾਂ ਦੇ ਆਪਣੇ ਵਿਚਾਰ ਸਨ। ਪੁਰਾਤਨ ਗ੍ਰੰਥਾਂ ਵਿੱਚ ਸੱਚ ਦੀ ਥਾਂ ਗਪੌੜਾਂ ਵੱਧ ਨੇ ਜੋ ਤੰਗ-ਦਿਲ ਵੱਖਵਾਦੀ ਲਿਖਾਰੀਆਂ ਤੇ ਲਾਲਚੀ ਪੁਜਾਰੀਆਂ ਨੇ ਵਧਾ ਚੜ੍ਹਾ ਕੇ ਲਿਖੀਆਂ ਹਨ। ਗੁਰੂ ਸਾਹਿਬਾਨ ਦਾ ਉਨ੍ਹਾਂ ਦੇ ਅਨੁਯਾਈਆਂ ਨਾਲ ਵਾਹ ਪਿਆ ਇਸ ਕਰਕੇ ਉਨ੍ਹਾਂ ਨੂੰ ਸਮਝਾਉਣ ਲਈ ਟੂਕ ਮਾਤ੍ਰ ਮਿਥਹਾਸਕ ਹਵਾਲੇ (ਪ੍ਰਮਾਣ) ਵਰਤੇ ਹਨ।

# ਅਮਰੀਕਨ ਸਿਟੀਜ਼ਨਸ਼ਿਪ ਲਈ ਉਡੀਕ ਸਮਾਂ ਦੂੱਗਣਾ ਹੋਇਆ

ਲਾਸ ਏਂਜਲਸ - ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਪ੍ਰਵਾਸੀਆਂ ਨੂੰ ਦੁੱਗਣੀ ਉਡੀਕ ਕਰਨੀ ਪੈ ਰਹੀ ਹੈ ਅਤੇ ਇਸ ਦਾ ਮੁੱਖ ਕਾਰਨ ਅਰਜ਼ੀਆਂ ਦੇ ਬੈਕਲਾਗ ਵਿਚ ਵਾਧਾ ਦੱਸਿਆ ਜਾ ਰਿਹਾ ਹੈ। ਦੋ ਸਾਲ ਪਹਿਲਾਂ ਤੱਕ ਅਮਰੀਕਾ ਦੀ ਸਿਟੀਜ਼ਨਸ਼ਿਪ ਲਈ ਅਰਜੀ ਦਾਖ਼ਲ ਕਰਨ ਤੋਂ ਪੰਜ ਮਹੀਨੇ ਦੇ ਅੰਦਰ ਇਸ ਦਾ ਨਿਪਟਾਰਾ ਕਰ ਦਿਤਾ ਜਾਂਦਾ ਸੀ ਪਰ ਹੁਣ 10 ਮਹੀਨੇ ਤੱਕ ਉਡੀਕ ਕਰਨੀ ਪੈਂਦੀ ਹੈ। ਲਾਸ ਵੇਗਸ ਵਰਗੇ ਸ਼ਹਿਰਾਂ ਵਿਚ ਉਡੀਕ ਸਮਾਂ 31 ਮਹੀਨੇ ਤੱਕ ਹੋ ਸਕਦਾ ਹੈ। ਅਮਰੀਕਾ ਵਿਚ ਇਸ ਵੇਲੇ ਤਕਰੀਬਨ 90 ਲੱਖ ਲੋਕ ਨਾਗਰਿਕਤਾ ਹਾਸਲ ਕਰਨ ਦੇ ਯੋਗ ਹਨ ਅਤੇ ਜੇ ਸਭਨਾਂ ਵੱਲੋਂ ਅਰਜ਼ੀਆਂ ਦਾਖ਼ਲ ਕਰ ਦਿਤੀਆਂ ਜਾਣ ਤੋਂ ਇੰਮੀਗ੍ਰੇਸ਼ਨ ਵਿਭਾਗ ਨੂੰ ਹੱਥਾਂ-ਪੈਰਾਂ ਦੀ ਪੈ ਜਾਵੇਗੀ। 725 ਡਾਲਰ ਦੀ ਫ਼ੀਸ ਅਤੇ ਹੋਰ ਕਈ ਤਰ੍ਹਾਂ ਦੀਆਂ ਸ਼ਰਤਾਂ ਨੂੰ ਵੇਖਦਿਆਂ ਜ਼ਿਆਦਾਤਰ ਪ੍ਰਵਾਸੀ ਗਰੀਨ ਕਾਰਡ ਨਾਲ ਹੀ ਗੁਜ਼ਾਰਾ ਚਲਾਉਣਾ ਬਿਹਤਰ ਸਮਝਦੇ ਹਨ।




ਅਮਰੀਕਾ ਦੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਦੇ ਬੁਲਾਰੇ ਮਾਈਕਲ ਬਾਰਜ਼ ਨੇ ਦੱਸਿਆ ਕਿ ਵੱਡਾ ਬੈਕਲਾਗੂ ਹੋਣ ਦੇ ਬਾਵਜੂਦ ਇੰਮੀਗ੍ਰੇਸ਼ਨ ਅਫ਼ਸਰਾਂ ਵੱਲੋਂ ਵਧੇਰੇ ਅਸਰਦਾਰ ਤਰੀਕੇ ਨਾਲ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਦੱਸ ਦੇਈਏ ਕਿ ਸਤੰਬਰ 2010 ਵਿਚ ਇੰਮੀਗ੍ਰੇਸ਼ਨ ਵਿਭਾਗ ਕੋਲ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਬੈਕਲਾਗ 2 ਲੱਖ 91 ਹਜ਼ਾਰ ਦਰਜ ਕੀਤਾ ਗਿਆ ਸੀ ਜੋ 2017 ਵਿਚ 7 ਲੱਖ ਦਾ ਅੰਕੜਾ ਪਾਰ ਕਰ ਗਿਆ। ਇਕ ਇੰਮੀਗ੍ਰੇਸ਼ਨ ਏਜੰਸੀ ਚਲਾ ਰਹੇ ਡਗ ਰੈਂਡ ਨੇ ਇਸ ਮਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਿਟੀਜ਼ਨਸ਼ਿਪ ਅਰਜ਼ੀਆਂ ਦੇ ਬੈਕਲਾਗ ਵਿਚ ਪਹਿਲਾਂ ਵੀ ਕਈ ਵਾਰ ਤੇਜ਼ ਵਾਧਾ ਵੇਖਿਆ ਗਿਆ ਪਰ ਵਿਭਾਗੀ ਅਫ਼ਸਰਾਂ ਵੱਲੋਂ ਵਧੇਰੇ ਸਰੋਤਾਂ ਦਾ ਪ੍ਰਬੰਧ ਕਰਦਿਆਂ ਇਸ ਨਾਲ ਨਜਿੱਠ ਲਿਆ ਜਾਂਦਾ ਸੀ ਪਰ ਇਸ ਵਾਰ ਉਡੀਕ ਸਮਾਂ ਦੁੱਗਣਾ ਹੋ ਚੁੱਕਾ ਹੈ ਅਤੇ ਵਿਭਾਗ ਹਾਲੇ ਤੱਕ ਅੱਧਾ ਬੈਕਲਾਗ ਖ਼ਤਮ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ। ਇਹ ਤੱਥ ਪ੍ਰਵਾ-ਸੀਆਂ ਲਈ ਚਿੰਤਾ ਪੈਦਾ ਕਰਨ ਲਈ ਕਾਫ਼ੀ ਹਨ।

# ਅਰਪਨ ਸੋਸਾਇਟੀ ਨੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ

**ਚੰਡੀਗੜ੍ਹ** – ਅਰਪਨ ਸੋਸਾਇਟੀ ਵੱਲੋਂ ਐਨ ਸੀ ਐਸ ਟੀ ਸੀ, ਡੀ ਐਸ ਟੀ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੌਲੋਜੀ, ਚੰਡੀਗੜ੍ਹ ਅਤੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਇੱਕ ਜਾਗ੍ਰਿਤੀ ਪ੍ਰੋਗਰਾਮ ਕਰਵਾਇਆ ਗਿਆ। ਰਾਸ਼ਟਰੀ ਵਿਗਿਆਨ ਦਿਵਸ ਦਾ ਇਸ ਸਾਲ ਦਾ ਮੁੱਖ ਵਿਸ਼ਾ ਸੀ "ਸਭ ਲਈ ਵਿਗਿਆਨ ਦਾ ਸੰਚਾਰ ਕਰਨਾ"। ਬੰਦੀ ਛੋੜ ਪਬਲਿਕ ਸਕੂਲ ਬਹਿਲੂ ਵਿੱਚ ਸਕੂਲ ਦੇ ਡਾਇਰੈਕਟਰ ਅਨਿਲ ਕੁਮਾਰ ਅਤੇ ਪ੍ਰਿੰਸੀਪਲ ਮੈਡਮ ਕਮਲੇਸ਼ ਰਾਣੀ ਦੀ ਅਗਵਾਈ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਆਂਚਲ ਸ਼ਰਮਾ, ਅਮਨਪ੍ਰੀਤ ਕੌਰ, ਨੂਰਪ੍ਰੀਤ ਕੌਰ, ਹਰਦੀਪ ਕੌਰ, ਖੁਸ਼ਪ੍ਰੀਤ ਕੌਰ, ਹਰਪ੍ਰੀਤ ਕੌਰ, ਚਰਨਜੀਤ ਸਿੰਘ, ਮਨਜੋਤ ਸਿੰਘ, ਸਾਹਿਲ ਸੈਣੀ, ਹਰਮਨਪ੍ਰੀਤ ਸਿੰਘ, ਨਵਜੋਤ ਸਿੰਘ, ਧਾਨਿਸ਼, ਦਿਨੇਸ਼ ਆਦਿ ਨੇ ਵਿਗਿਆਨ ਸਬੰਧੀ ਪ੍ਰਤੀਯੋਗਤਾ ਵਿੱਚ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਕਮਲੇਸ ਰਾਣੀ ਨੇ ਵਿਗਿਆਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਅੱਜ ਪੂਰੀ ਦੁਨੀਆਂ ਤਰੱਕੀ ਕਰ ਰਹੀ ਹੈ ਅਤੇ ਸਾਨੂੰ ਸਭਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਇਸ ਮੌਕੇ ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਵਿਗਿਆਨ ਦਿਵਸ ਦੀ ਮਹੱਤਤਾ ਅਤੇ ਸਾਲ 2019 ਦੇ ਉਦੇਸ਼ ਸਭ ਲਈ ਵਿਗਿਆਨ ਦਾ ਸੰਚਾਰ ਕਰਨਾ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਕਿਹਾ ਕਿ ਵਿਗਿਆਨ ਦਾ ਦੇਸ ਦੇ ਵਿਕਾਸ ਲਈ ਅਹਿਮ ਯੋਗਦਾਨ ਹੈ ਅਤੇ ਵਿਗਿਆਨ ਦੀ ਸਹਾਇਤਾ ਨਾਲ ਹੀ ਅਸੀਂ ਕਈ ਤਰਾਂ ਦੀਆਂ ਸਮਸਿਆਵਾਂ ਤੇ ਕਾਬੂ ਪਾਇਆ ਹੈ। ਉਨ੍ਹਾਂ ਨੇ ਵਿਗਿਆਨ ਕਾਰਨ ਹੋਈਆਂ ਪ੍ਰਾਪਤੀਆਂ ਦਾ ਵੀ ਵਿਸਥਾਰ ਵਿੱਚ ਵਰਣਨ ਕੀਤਾ। ਮੈਡਮ ਮੋਨਿਕਾ ਨੇ ਵਿਗਿਆਨ ਨਾਲ ਮਨੁਖੀ ਜੀਵਨ ਵਿਚ ਆਏ ਬਦਲਾਓ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਵਿਗਿਆਨ ਦੀਆਂ ਖੋਜਾਂ ਕਾਰਨ ਹੀ ਦੇਸ ਵਿੱਚ ਵੱਡੇ ਵੱਡੇ ਪ੍ਰਜੈਕਟ ਚੱਲ ਰਹੇ ਹਨ। ਮਨਜੀਤ ਕੌਰ ਨੇ ਅਰਪਨ ਸੰਸਥਾ ਵਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਉਨ੍ਹਾਂ ਨੇ ਵਿਗਿਆਨ ਦੁਆਰਾ ਸਿਹਤ ਅਤੇ ਮੈਡੀਕਲ ਖੇਤਰ ਵਿੱਚ ਕੀਤੀਆਂ ਗਈਆਂ ਕਾਢਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ ਗਈ। ਸਕੂਲ ਦੇ ਡਾਇਰੈਕਟਰ ਅਨਿਲ ਕੁਮਾਰ ਨੇ ਵਿਗਿਆਨਕ ਸੋਚ ਅਪਣਾਉਣ ਤੇ ਜ਼ੋਰ ਦਿਤਾ ਤੇ ਕਿਹਾ ਕਿ ਵਿਗਿਆਨ ਨੇ ਮਨੁਖੀ ਜੀਵਨ ਵਿੱਚ ਅਦਭੁਤ ਬਦਲਾਓ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਮੁਬਾਇਲ ਫੋਨ ਰਾਹੀ ਸਕਿੰਟਾਂ ਵਿੱਚ ਗੱਲ ਕਰ ਸਕਦੇ ਹਾਂ। ਵਿਗਿਆਨ ਦੁਆਰਾ ਕੀਤੀਆਂ ਗਈਆਂ ਖੋਜਾਂ ਕਾਰਨ ਅੱਜ ਮਨੁੱਖੀ ਜੀਵਨ ਵਿੱਚ ਖੁਸ਼ਹਾਲੀ ਆਈ ਹੈ ਅਤੇ ਲੋਕਾਂ ਦਾ ਜੀਵਨ ਸੁਖਾਲਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਕੰਪਿਊਟਰ ਦੀ ਕੀਤੀ ਗਈ ਖੋਜ ਨੇ ਸਾਰੀ ਦੁਨੀਆਂ ਦੀ ਤਰੱਕੀ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਇਸ ਪ੍ਰੋਗਰਾਮ ਵਿੱਚ ਸਕੂਲ ਅਧਿਆਪਕਾਂ ਨਿਧੀ ਸ਼ਰਮਾ, ਮਨਜੀਤ ਕੌਰ, ਨੀਸ਼ਾ ਕੁਮਾਰੀ, ਪੂਜਾ, ਮਨਪ੍ਰੀਤ ਕੌਰ, ਨਰਿੰਦਰ ਕੌਰ, ਅਮਨਦੀਪ ਕੌਰ, ਜਗੀਰ ਕੌਰ ਆਦਿ ਹਾਜਰ ਸਨ ਨੇ ਵੀ ਵਿਗਿਆਨ ਦੀ ਮਹੱਤਤਾ ਬਾਰੇ ਜਾਣਕਾਰੀ ਦਿਤੀ।




– ਕੁਲਦੀਪ ਚੰਦ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਅੰਬੇਡਕਰ ਮਿਸ਼ਨ ਸੁਸਾਇਟੀ ਦੀ ਚੋਣ, ਮੈਡਮ ਸੁਦੇਸ਼ ਕਲਿਆਣ ਬਣੇ ਪ੍ਰਧਾਨ

**ਜਲੰਧਰ–** ਬੀਤੇ ਦਿਨੀਂ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਸਾਲਾਨਾ ਚੋਣ ਦੇ ਸਬੰਧ ਵਿਚ ਸੁਸਾਇਟੀ ਦੇ ਆਮ-ਇਜਲਾਸ ਦੀ ਮੀਟਿੰਗ ਸੁਸਾਇਟੀ ਦੇ ਉਪ-ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਸਮੂਹ ਮੈਂਬਰਾਂ ਨੇ ਸਮੂਹਿਕ ਤੌਰ 'ਤੇ ਬੁੱਧ ਵੰਦਨਾ ਕਰਦੇ ਹੋਏ ਪੰਚਸ਼ੀਲ ਤ੍ਰੀਸ਼ਰਨ ਗ੍ਰਹਿਣ ਕੀਤਾ। ਸੁਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਸੁਸਾਇਟੀ ਦੇ ਬੀਤੇ ਇਕ ਸਾਲ ਦੀਆਂ ਗਤੀਵਿਧੀਆਂ ਦੀ ਰਿਪੋਰਟ ਅਤੇ ਸੁਸਾਇਟੀ ਦੇ ਖਜਾਨਚੀ ਹਰਭਜਨ ਨੇ ਸੁਸਾਇਟੀ ਦੇ ਬੀਤੇ ਸਾਲ ਦੀ ਆਮਦਨ-ਖਰਚ ਦੀ ਰਿਪੋਰਟ ਆਮ ਇਜਲਾਸ ਨੂੰ ਪੜ੍ਹ ਕੇ ਸੁਣਾਈ, ਜਿਸਨੂੰ ਸਰਵਸੰਮਤੀ ਨਾਲ ਪਾਸ ਕੀਤਾ ਗਿਆ।



ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚੋਣ ਅਧਿਕਾਰੀ ਐਡਵੋਕੇਟ ਕੁਲਦੀਪ ਭੱਟੀ ਨੇ ਚੋਣ ਪ੍ਰਕਿਰਿਆ ਨੂੰ ਅੰਜਾਮ ਦਿੰਦੇ ਹੋਏ ਹੇਠ ਲਿਖੇ ਅਹੁਦੇਦਾਰਾਂ ਦੀ ਚੋਣ ਕੀਤੀ, ਜਿਸ ਵਿਚ ਮੈਡਮ ਸੁਦੇਸ਼ ਕਲਿਆਣ (ਪ੍ਰਧਾਨ), ਵਰਿੰਦਰ ਕੁਮਾਰ (ਜਨਰਲ ਸਕੱਤਰ), ਹਰਭਜਨ (ਖਜਾਨਚੀ), ਚਰਨ ਦਾਸ ਸੰਧੂ (ਉਪ ਪ੍ਰਧਾਨ), ਕੁਲਦੀਪ ਭੱਟੀ (ਉਪ ਸਕੱਤਰ), ਤਿਲਕ ਰਾਮ (ਐਡੀਟਰ), ਐਡਵੋਕੇਟ ਹਰਭਜਨ ਦਾਸ ਸਾਂਪਲਾ (ਕਾਨੂੰਨੀ ਸਲਾਹਕਾਰ), ਲਾਹੌਰੀ ਰਾਮ ਬਾਲੀ (ਪੈਟਰਨ), ਸੋਹਣ ਲਾਲ (ਮੁੱਖ ਸਲਾਹਕਾਰ), ਜਸਵਿੰਦਰ ਵਰਿਆਣਾ, ਡਾ. ਮਨਜੀਤ ਸੋਢੀ, ਬਲਦੇਵ ਰਾਜ ਭਾਰਦਵਾਜ, ਮਨੋਹਰ ਲਾਲ ਬਾਲੀ ਅਤੇ ਅਮਨਦੀਪ ਸਿੰਘ (ਫਰੀਦਕੋਟ) ਕਾਰਜਕਾਰਨੀ ਮੈਂਬਰ ਚੁਣੇ ਗਏ।

## ਕਾਵਿ ਵਿਅੰਗ
## ਐਂਕਰਾਂ ਦੀ ਅੱਤਿ

ਮੂੰਹੋਂ ਕੱਢਦੇ ਰਹੇ ਅੰਗਿਆਰ ਸੂਹੇ
ਚੁੱਕ ਚੁੱਕ ਅੱਡੀਆਂ ਰਹੇ ਸੀ ਕਿੱਲ੍ਹ ਯਾਰੋ।

ਦੋਹੀਂ ਪਾਸੀਂ ਸਰਗਰਮੀਆਂ ਦੇਖ ਕੇ 'ਤੇ
ਫੜਕੇ ਬੈਠ ਗਏ ਲੋਕ ਸੀ ਦਿਲ ਯਾਰੋ।

ਜਾਨ-ਮਾਲ 'ਤੇ ਆਇਆ ਨਾ ਤਰਸ ਭੋਰਾ
ਜਨਤਾ ਹੋਏ ਗੀ ਭੁੱਜ ਕੇ ਖਿੱਲ ਯਾਰੋ।

ਨਿਰੇ ਝੂਠ ਨੂੰ ਸੱਚ ਬਣਾਉਣ ਵੇਲੇ
'ਬਊਂ ਬਊਂ' ਕਰਦਿਆਂ ਲਾਈ ਨਾ ਢਿੱਲ ਯਾਰੋ।

ਗੋਦੀ ਬਹਿ ਸਰਕਾਰ ਦੀ ਅੱਤਿ ਚੱਕੀ
ਲਗਦਾ ਸੀ ਦਿਮਾਗ ਗਏ ਹਿੱਲ ਯਾਰੋ।

ਭਾਰਤ-ਪਾਕਿ ਵਿਚ ਜੰਗ ਮਚਾਉਣ ਖਾਤਰ
ਟੀ. ਵੀ. ਐਂਕਰਾਂ ਲਾ ਲਿਆ ਟਿੱਲ ਯਾਰੋ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਭਾਰਤ ਅਤੇ ਪਾਕਿਸਤਾਨ ਵਿਚਕਾਰ ਸ਼ਾਂਤੀ ਲਈ ਸਿੱਖ ਕਾਕਸ ਕਮੇਟੀ ਨੇ ਅਮੈਰੀਕਨ ਸਿੱਖ ਕੰਗਰੈਸ਼ਨਲ ਕਾਕਸ ਨੂੰ ਕੀਤੀ ਅਪੀਲ

**ਵਾਸ਼ਿੰਗਟਨ ਡੀ.ਸੀ. (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚਲੀ ਮਜ਼ਬੂਤ ਸਿੱਖ ਰਾਜਨੀਤਕ ਸੰਸਥਾ, ਸਿੱਖ ਕਾਕਸ ਕਮੇਟੀ ਨੇ ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਨੂੰ ਅਪੀਲ ਕੀਤੀ ਹੈ ਕਿ ਉਹ ਦੱਖਣੀ ਏਸ਼ੀਆ ਦੇ ਗੁਆਂਢੀ ਮੁਲਕਾਂ ਪਾਕਿਸਤਾਨ ਤੇ ਭਾਰਤ ਵਿਚ ਪੈਦਾ ਹੋਏ ਜੰਗੀ ਮਾਹੌਲ ਦੇ ਖਤਰਨਾਕ ਮਸਲੇ ਨੂੰ ਸਟੇਟ ਵਿਭਾਗ ਕੋਲ ਜ਼ੋਰਦਾਰ ਢੰਗ ਨਾਲ ਚੁੱਕਣ। ਸੰਸਥਾ ਦੇ ਐਗਜ਼ੈਕਟਿਵ ਡਾਇਰੈਕਟਰ ਸ੍ਰ: ਹਰਪ੍ਰੀਤ ਸਿੰਘ ਸੰਧੂ ਨੇ ਆਪਣੀ ਅਪੀਲ ਵਿਚ ਕਿਹਾ ਹੈ ਕਿ ਦੋਵਾਂ ਦੇਸ਼ਾਂ ਕੋਲ ਪ੍ਰਮਾਣੂੰ ਹਥਿਆਰ ਹਨ, ਜਿਨਾਂ ਦੇ ਚੱਲਣ ਨਾਲ ਵਡੀ ਤਬਾਹੀ ਮੱਚ ਸਕਦੀ ਹੈ ਤੇ ਇਹ ਤਬਾਹੀ ਦੋਵਾਂ ਦੇਸ਼ਾਂ ਤੱਕ ਹੀ ਸੀਮਤ ਨਹੀਂ ਰਹੇਗੀ ਬਲਕਿ ਇਸਦਾ ਅਸਰ ਬਹੁਤ ਸਾਰੇ ਦੇਸ਼ਾਂ ਉਤੇ ਪਵੇਗਾ। ਕਰੋੜਾਂ ਲੋਕ ਮਾਰੇ ਜਾਣਗੇ। ਦੋਵੇਂ ਦੇਸ਼ ਗਰੀਬ ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਹੇਠਾਂ ਹਨ ਤੇ ਜੰਗ ਲੱਗਣ ਦੀ ਸੂਰਤ ਵਿਚ ਦੋਵੇਂ ਦੇਸ਼ ਪੱਛੜ ਜਾਣਗੇ ਤੇ ਹੋਰ ਗਰੀਬ ਹੋ ਜਾਣਗੇ। ਇਸ ਕਰਕੇ ਸਟੇਟ ਵਿਭਾਗ ਨੂੰ ਆਪਣੇ ਪ੍ਰਭਾਵ ਦੀ ਵਰਤੋਂ ਕਰਨੀ ਚਾਹੀਦੀ ਹੈ। ਹਾਲਾਂ ਕਿ ਪਹਿਲਾ ਹੀ ਸਟੇਟ ਵਿਭਾਗ ਨੇ ਦੋਵਾਂ ਦੇਸ਼ਾਂ ਨਾਲ ਸੰਪਰਕ ਕਰਕੇ ਦੋਵਾਂ ਦੇਸ਼ਾਂ ਨੂੰ ਇਕ ਦੂਜੇ ਪ੍ਰਤੀ ਨਰਮ ਰੁਖ ਅਖਤਿਆਰ ਕਰਨ ਲਈ ਕਿਹਾ ਹੈ ਤੇ ਕਿਸੇ ਵੀ ਕਿਸਮ ਦੀ ਭੜਕਾਊ ਕਾਰਵਾਈ ਤੋਂ ਟਾਲਾ ਵੱਟਣ ਦੀ ਜ਼ੋਰਦਾਰ ਸਲਾਹ ਦਿੱਤੀ ਹੈ ਪਰ ਇਸ ਦੇ ਬਵਾਜੂਦ ਵੀ ਸਿੱਖ ਕਾਕਸ ਕਮੇਟੀ ਨੇ ਪ੍ਰਵਾਵਸ਼ਾਲੀ ਢੰਗ ਨਾਲ ਇਸ ਗੰਭੀਰ ਮਾਮਲੇ ਨੂੰ ਉਠਾਉਣ ਲਈ ਕਿਹਾ ਹੈ। ਕਾਕਸ ਦੇ ਡਾਇਰੈਕਟਰ ਭਾਈ ਸੰਧੂ ਨੇ ਡੈਮੋਕਰੈਟਿਕ ਜਾਹਨ ਗੈਰੀਮੈਂਡੀ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਇਸ ਵੇਲੇ ਹਾਲਤ ਬੜੇ ਸੰਵੇਦਨਸ਼ੀਲ ਬਣੇ ਹੋਏ ਹਨ। ਤੇ ਭਾਰਤ ਪਾਕਿਸਤਾਨ ਦੀ ਸਰਹੱਦ ਸਿੱਖਾਂ ਦੀ ਬਹੁਗਿਣਤੀ ਵਾਲੇ ਸੂਬੇ ਪੰਜਾਬ ਨਾਲ ਲੱਗਦੀ ਹੈ ਤੇ ਪੰਜਾਬ ਦੀ ਸਰਹੱਦ ਦੇ ਨਾਲ ਨਾਲ ਜੰਗ ਵਾਲਾ ਮਾਹੌਲ ਹੈ, ਜਿਸ ਨਾਲ ਤਨਾਅ ਵਧ ਰਿਹਾ ਹੈ ਤੇ ਜੇ ਜੰਗ ਛਿੜਦੀ ਹੈ ਤਾਂ ਪੰਜਾਬ ਦੀ ਬਹੁਤ ਤਬਾਹੀ ਹੋ ਸਕਦੀ ਹੈ। ਗੱਲ ਅੱਗੇ ਤੋਰਦਿਆਂ ਉਨਾਂ ਕਿਹਾ ਹੈ ਕਿ ਜੰਗ ਦਾ ਚੱਕਰਵਿਊ ਬੀਜੇਪੀ ਤੇ ਆਰਐਸਐਸ ਦਾ ਬੁਣਿਆ ਲਗਦਾ ਹੈ ਤਾਂ ਕਿ ਇਸ ਸਾਲ ਹੋਣ ਵਾਲੀਆਂ ਰਾਸ਼ਟਰੀ ਚੋਣਾਂ ਵਿਚ ਦੋਬਾਰਾ ਫਿਰ ਤੋਂ ਮੋਦੀ ਦੀ ਸਰਕਾਰ ਬਣ ਸਕੇ। ਜਨਾਬ ਗੈਰੀਮੈਂਡੀ, ਜੋ ਅਮਰੀਕੀ ਸਿੱਖ ਕਾਂਗਰੈਸ਼ਨਲ ਕਾਕਸ ਦੇ ਦੇ ਸਹਿ-ਮੁਖੀ ਹਨ, ਨੂੰ ਆਪਣਾ ਪ੍ਰਭਾਵ ਵਰਤ ਕੇ ਜੰਗ ਵਾਲੀ ਹਾਲਤ ਨੂੰ ਟਾਲਣ ਲਈ ਬਾਰ ਬਾਰ ਬੇਨਤੀ ਕੀਤੀ ਹੈ। ਇਸ ਮੌਕੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਜੰਗ ਦੋਵਾਂ ਦੇਸ਼ਾਂ ਲਈ ਬਹੁਤ ਜ਼ਿਆਦਾ ਤਬਹਕੁੰਨ ਹੋਵੇਗੀ, ਇਸ ਕਰਕੇ ਦੋਵਾਂ ਦੇਸਾਂ ਨੂੰ ਕੋਈ ਐਸੀ ਗੱਲ ਨਹੀਂ ਕਰਨੀ ਚਾਹੀਦੀ, ਜਿਸ ਨਾਲ ਪਹਿਲਾਂ ਤੋਂ ਵਿਗੜਿਆ ਮਾਹੌਲ ਹੋਰ ਭੜਕ ਜਾਵੇ ਤੇ ਹਾਲਾਤ ਸੰਭਾਲਣੇ ਮੁਸ਼ਕਲ ਹੋ ਜਾਣ। ਸਾਨੂੰ ਇਸ ਗੱਲ ਹੀ ਬਹੁਤ ਚਿੰਤਾ ਹੈ ਕਿ ਪੰਜਾਬ ਦੀ ਧਰਤੀ ਜੰਗ ਦਾ ਮੈਦਾਨ ਨਾ ਬਣੇ ਤੇ ਹੋਣ ਵਾਲੀ ਬਰਬਾਦੀ ਟਾਲੀ ਜਾਵੇ। ਇਸ ਕਰਕੇ ਦੋਵਾਂ ਦੇਸ਼ਾਂ ਨੂੰ ਅਮਨ ਪੂਰਬਕ ਸਾਰੇ ਮਸਲੇ ਹੱਲ ਕਰਨੇ ਚਾਹੀਦੇ ਹਨ।

# ਹਰਦੇਵ ਸਿੰਘ ਆਸੀ (ਸਹਾਇਕ ਲੋਕ ਸੰਪਰਕ ਅਫ਼ਸਰ ਕਪੂਰਥਲਾ) ਨੂੰ ਸਨਮਾਨਿਤ ਕੀਤਾ ਗਿਆ

**ਜਲੰਧਰ (ਬਿਓਰੋ):** ਪਿਛਲੇ ਦਿਨੀਂ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਨਾਲ ਸਬੰਧਿਤ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇੰਜੀ ਡੀ ਪੀ ਐੱਸ ਖਰਬੰਦਾ (ਡਿਪਟੀ ਕਮਿਸ਼ਨਰ ਕਪੂਰਥਲਾ), ਅਵਤਾਰ ਸਿੰਘ ਭੁੱਲਰ (ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਹਰਦੇਵ ਸਿੰਘ ਆਸੀ (ਸਹਾਇਕ ਲੋਕ ਸੰਪਰਕ ਅਫ਼ਸਰ ਕਪੂਰਥਲਾ) ਅਤੇ ਡੀ ਐੱਸਂ ਪੀ ਸੰਦੀਪ ਸਿੰਘ ਮੰਡ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਇਸ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਜਿਲਾ ਪੱਧਰੀ ਸਮਾਗਮ ਦੌਰਾਨ ਸਹਾਇਕ ਲੋਕ ਸੰਪਰਕ ਅਫ਼ਸਰ ਕਪੂਰਥਲਾ ਹਰਦੇਵ ਸਿੰਘ ਆਸੀ ਨੂੰ ਸਨਮਾਨਿਤ ਵੀ ਕੀਤਾ ਗਿਆ।



ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਜਿਲਾ ਪੱਧਰੀ ਸਮਾਗਮ ਦੌਰਾਨ ਸਹਾਇਕ ਲੋਕ ਸੰਪਰਕ ਅਫ਼ਸਰ ਕਪੂਰਥਲਾ ਹਰਦੇਵ ਸਿੰਘ ਆਸੀ ਨੂੰ ਸਨਮਾਨਿਤ ਕਰਦੇ ਹੋਏ ਡਿਪਟੀ ਕਮਿਸ਼ਨਰ ਕਪੂਰਥਲਾ ਇੰਜ. ਡੀ. ਪੀ. ਐਸ ਖਰਬੰਦਾ। ਨਾਲ ਹਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਤਾਰ ਸਿੰਘ ਭੁੱਲਰ, ਡੀ. ਐਸ. ਪੀ ਸੰਦੀਪ ਸਿੰਘ ਮੰਡ ਤੇ ਹੋਰ।

# ਪੰਜਾਬੀਆਂ ਦੀ ਸ਼ਾਨ ਦੀ ਗੱਲ ਕਰਦਾ ਗੀਤ 'ਟੌਹਰਾਂ' ਜਲਦੀ ਹੀ ਹੋਏਗਾ ਰਿਲੀਜ਼

**ਚੰਡੀਗੜ੍ਹ–** ਲੱਚਰਤਾ ਤੇ ਹੱਥਿਆਰਾਂ ਵਾਲਿਆਂ ਗੀਤਾਂ ਨੇ ਪੰਜਾਬੀ ਸੱਭਿਆਚਾਰਕ ਗੀਤਾਂ ਨੂੰ ਗ੍ਰਹਿਣ ਹੀ ਲਾ ਕੇ ਰੱਖ ਦਿੱਤਾ ਹੈ। ਜਿੱਥੇ ਪੈਸੇ ਤੇ ਸ਼ੋਹਰਤ ਦੀ ਖਾਤਿਰ ਕੁੱਝ ਗਾਇਕ ਆਪਣਾ ਵਿਰਸਾ ਭੁੱਲ ਗਏ ਹਨ, ਉੱਥੇ ਇਸ ਵਿੱਚ ਸਰੋਤੇ ਵੀ ਜਿੰਮੇਵਾਰ ਹਨ ਜੋ ਇਹਨਾਂ ਗਾਇਕਾਂ ਨੂੰ ਉਤਸ਼ਾਹਤ ਕਰਦੇ ਹਨ। ਇਸ ਧੂਮ-ਧੜਕੇ ਵਾਲੇ ਗੀਤਾਂ ਦੇ ਦੌਰ ਵਿੱਚ ਹਮੇਸ਼ਾ ਦੀ ਤਰ੍ਹਾਂ ਇੱਕ ਵਾਰ ਫਿਰ ਸ਼ੇਖੂ ਪੁਰੀਏ ਭਰਾ ਸੁੱਚਾ ਤੇ ਜੈਲਾ ਪੰਜਾਬੀ





ਸੱਭਿਆਚਾਰ ਤੇ ਪੰਜਾਬੀਅਤ ਨਾਲ ਸਬੰਧਤ ਗੀਤ 'ਟੌਹਰਾਂ' ਲੈ ਕੇ ਸਰੋਤਿਆਂ ਦੀ ਕਚਹਿਰੀ ਵਿੱਚ ਹਾਜ਼ਿਰ ਹੋ ਰਹੇ ਹਨ। ਇਸ ਗੀਤ ਦੇ ਰਚਨਾਕਾਰ ਹਨ ਨਾਮਵਰ ਗੀਤਕਾਰ ਰਾਣਾ ਮਾਧੋ ਝੰਡੀਆ। ਇਸ ਨੂੰ ਸੰਗੀਤਬੱਧ ਕੀਤਾ ਹੈ, ਸੰਗੀਤਕਾਰ ਬਮਨ ਚੰਦ ਨੇ। ਐਚ. ਐਸ. ਔਲਖ ਤੇ ਵੰਝਲੀ ਰਿਕਾਰਡ ਦੀ ਇਸ ਪੇਸ਼ਕਸ ਵਿੱਚ ਭੂਮਿਕਾ ਨਿਭਾਈ ਹੈ, ਅਰਸ਼ਦੀਪ ਸਿੰਘ, ਮਾਧੁਰੀ, ਨਵਪ੍ਰੀਤ ਸਿੰਘ, ਰਾਇਲ ਤੇ ਸੋਨੂੰ ਲਾਲਕਾ ਨੇ।

ਐਡੀਟਰ ਕੁਲਦੀਪ ਸਿੰਘ, ਵੀਡੀਓ-ਡਾਇਰੈਕਟਰ ਸੋਨੂੰ ਲਾਲਕਾ ਤੇ ਡੀ. ਓ. ਪੀ. ਰੋਹਿਤ ਅੰਗੁਰਾਲ ਨੇ ਵੀ ਬਾਖੂਬੀ ਕੰਮ ਕੀਤਾ ਹੈ। ਪ੍ਰੈਸ ਨਾਲ ਗੱਲਬਾਤ ਕਰਦਿਆਂ ਗਾਇਕ ਸੁੱਚੇ, ਜੈਲੇ ਨੇ ਦੱਸਿਆ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਐਸੇ ਪੰਜਾਬੀ ਸੱਭਿਆਚਾਰਕ ਗੀਤਾਂ ਨਾਲ ਜੁੜ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦੇ ਰਹਿਣਗੇ।

# ਬਾਬਾ ਸਾਹਿਬ ਦੇ ਜੀਵਨ ਇਤਿਹਾਸ ਨੂੰ ਦਰਸਾਉਂਦੀ ਹਿੰਦੀ ਫਿਲਮ "ਬੋਲੇ ਇੰਡੀਆ ਜੈ ਭੀਮ" ਦੀ ਆਰੰਭਤਾ

**ਜਲੰਧਰ–** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਹਰ ਇਕ ਮਨੁੱਖ ਲਈ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਦੀ ਗੱਲ ਕਰਦੀ ਹੈ। ਜਿਹੜਾ ਵਿਅਕਤੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਪੜ੍ਹ ਲੈਂਦਾ ਹੈ, ਸਮਝ ਲੈਂਦਾ ਹੈ ਉਹ ਬਾਬਾ ਸਾਹਿਬ ਦਾ ਕਾਇਲ ਹੋ ਜਾਂਦਾ ਹੈ ਅਤੇ ਉਸ ਦੇ ਮੂੰਹ ਉਤੇ ਜੈ ਭੀਮ ਲਫਜ਼ ਚੜ੍ਹ ਜਾਂਦਾ ਹੈ। ਇਹੋ ਜਿਹੇ ਜ਼ਨੂਨ ਅਤੇ ਬਾਬਾ ਸਾਹਿਬ ਦੇ ਜੀਵਨ ਇਤਿਹਾਸ ਨੂੰ ਦਰਸਾਉਂਦੀ ਬਲਿਊ ਬੰਡਰ ਪ੍ਰੋਡੰਕਸ਼ਨ ਦੀ ਹਿੰਦੀ ਫਿਲਮ "ਬੋਲੇ ਇੰਡੀਆ ਜੈ ਭੀਮ" ਦੀ ਆਰੰਭਤਾ ਮਹਿਕ ਸਿਨੇਮਾਂ ਜਲੰਧਰ ਵਿਖੇ ਹੋਈ।ਅੱਜ ਅੰਤਰਰਾਸ਼ਟਰੀ ਨਾਰੀ ਦਿਵਸ ਦੇ ਸ਼ੁਭ ਦਿਹਾੜੇ ਤੇ ਅੰਬੇਡਕਰ ਮਿਸ਼ਨ ਦੀ ਉੱਘੀ ਗਾਇਕਾ ਗਿੰਨੀ ਮਾਹੀ ਨੇ ਰੀਬਨ ਕੱਟ ਕੇ ਇਸ ਫਿਲਮ ਦਾ ਸ਼ੁਭ ਆਗਾਜ਼ ਕੀਤਾ। ਗਿਨੀ ਮਾਹੀ ਦੇ ਪਿਤਾ ਰਾਕੇਸ਼ ਮਾਹੀ ਨੇ ਡਾ. ਅੰਬੇਡਕਰ ਜੀ ਦੀ ਤਸਵੀਰ ਤੇ ਫੁੱਲ ਭੇਟ ਕੀਤੇ। ਇਸ ਮੌਕੇ ਡਾ. ਭੀਮ ਰਾਓ ਅੰਬੇਡਕਰ ਚੇਤਨਾ ਮੰਚ ਦੇ ਮੁੱਖ ਬੁਲਾਰੇ ਮਾਸਟਰ ਸੂਰਤੀ ਲਾਲ ਨੇ ਕਿਹਾ ਕਿ ਬਾਬਾ ਸਾਹਿਬ ਦੀ ਇਹ ਫਿਲਮ ਸਾਨੂੰ ਸਾਰਿਆਂ ਨੂੰ ਆਪਣੇ ਪਰਿਵਾਰਾਂ ਸਮੇਤ ਦੇਖਣੀ ਚਾਹੀਦੀ ਹੈ। ਡਾ. ਅੰਬੇਡਕਰ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਰਮਨਮਾਹੀ ਨੇ ਮਹਾਂਰਾਸ਼ਟਰ ਤੋਂ ਫਿਲਮ ਦੀ ਟੀਮ ਦੇ ਹਾਜ਼ਰ ਮੁੱਖ ਮੈਂਬਰਾਂ ਸ੍ਰੀ ਗੁੱਡੇਰਾਓ ਮੇਸ਼ਰਾਮ ਅਤੇ ਅਸ਼ੋਕ ਗਜ਼ਭਈਆ ਦਾ ਧੰਨਵਾਦ ਕੀਤਾ। ਅਮਰਜੀਤ ਹੀਰ, ਸੂਬੇਦਾਰ ਸੇਵਾ ਸਿੰਘ ਟਾਂਡੀ, ਵਿਜੇ ਕੁਮਾਰ, ਅਮਰਜੀਤ ਖਰਲ, ਅਸ਼ਵਨੀ ਸਈਪੁਰ, ਅਮਰੀਕ ਮਾਹੀ, ਬਲਜਿੰਦਰ ਬਿਨਪਾਲਕੇ, ਹਰਜਿੰਦਰ ਸਿੰਘ, ਮਨਮਿੰਦਰ ਸਿੰਘ, ਹਰਦੀਪ ਸਿੰਘ, ਤਰਨਜੀਤ, ਪੰਕਜ਼, ਗੁਰਪ੍ਰੀਤ, ਦਿਨੇਸ਼ ਹੀਰ ਤੇ ਹੋਰ ਮੈਂਬਰਾਂ ਨੇ ਹਾਜ਼ਰੀ ਭਰੀ ਅਤੇ ਬੜੇ ਉਤਸ਼ਾਹ ਨਾਲ ਫਿਲਮ ਦੇਖੀ।

# "ਸੁਰਮਈ ਸ਼ਾਮ" ਦਾ ਪੁਨੀਤ ਸਹਿਗਲ ਜੀ ਦੀ ਅਗਵਾਈ ਹੇਠ ਆਯੋਜਨ

**ਬਠਿੰਡਾ (ਗੁਰਬਾਜ ਗਿੱਲ)–** ਸੰਗੀਤਮਈ ਵਿਭਾਗ ਦੇ ਮੁਖੀ ਪੁਨੀਤ ਸਹਿਗਲ ਦੀ ਯੋਗ ਅਗਵਾਈ ਹੇਠ "ਸੁਰਮਈ ਸ਼ਾਮ"ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੂਫੀ ਗਾਇਕ ਯਾਕੂਬ ਗਿੱਲ ਅਤੇ ਗਾਇਕਾ ਸੰਜਨਾ ਦੇ ਸਾਥੀਆ ਵਲੋ ਕੀਤੀ ਪੇਸ਼ਕਾਰੀ ਨੇ, ਸੁਰਾਂ ਭਰੀ ਸ਼ਾਮ ਦਾ ਅਨੰਦ ਮਾਣ ਰਹੇ, ਦਰਸ਼ਕਾਂ ਨੂੰ ਝੂੰਮਣ ਦੇ ਲਈ ਮਜਬੂਰ ਕਰ ਦਿੱਤਾ। ਸਟੇਜ ਦੀ ਸੇਵਾ ਨਿਭਾਅ ਰਹੀ ਮੈਡਮ ਟੀਨੂੰ ਸ਼ਰਮਾ ਦੀ ਪੇਸ਼ਕਾਰੀ ਲਾਜਵਾਬ ਸੀ। ਇਸ ਸੁਰਾਂ ਭਰੀ ਸ਼ਾਮ ਦਾ ਅਨੰਦ ਮਾਣਣ ਲਈ ਆਂਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੇ ਕੋਮੀ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਟੀ ਵੀ ਅਤੇ ਰੇਡੀਉ ਐਂਕਰ ਸਾਹਿਲ ਕੁਮਾਰ ਹੈਪੀ, ਅਲਾਇੰਸ ਕਲੱਬ ਬਰਗਾੜੀ ਦੇ ਪ੍ਰਧਾਨ ਡਾ ਬਲਵਿੰਦਰ ਸਿੰਘ ਸਿਵੀਆ, ਚੇਅਰਮੈਨ ਸੁਖਜੰਤ ਸਿੰਘ ਸਦਿਉੜਾ, ਮੁਹੰਮਦ ਜਾਸੀਰ ਅਤੇ ਗੀਤਕਾਰ ਗੁਰਸੇਵਕ ਸਿੰਘ ਬਰਗਾੜੀ ਉਚੇਚੇ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਤੇ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਅਤੇ ਤਕਨੀਕੀ ਨਿਰਦੇਸ਼ਕ ਆਰ ਕੇ ਜਰੰਗਲ ਸਮੇਤ ਸਮੁੱਚੀ ਟੀਮ ਨੂੰ ਇਸ ਸ਼ੋਅ ਦੀ ਕਾਮਯਾਬੀ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।



## ਜਨਮ ਦਿਨ ਮੁਬਾਰਕ



ਕਿਰਨਦੀਪ ਕੌਰ ਸਪੁੱਤਰੀ ਸ: ਗੁਰਪ੍ਰੀਤ ਸਿੰਘ ਮਹਿਦੂਦਾਂ, ਗੁਰਿੰਦਰ ਕੌਰ ਮਹਿਦੂਦਾਂ
ਲੁਧਿਆਣਾ ਪੰਜਾਬ

# ਲੰਮੇ ਸਮੇਂ ਤੋਂ ਲਟਕਦਾ ਅਯੁੱਧਿਆ ਵਿਵਾਦ ਸਾਲਸ ਜਰੀਏ ਹੱਲ ਹੋਵੇਗਾ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਰਾਮ ਜਨਮਭੂਮੀ-ਬਾਬਰੀ ਮਸਜਿਦ ਜ਼ਮੀਨ ਵਿਵਾਦ ਕੇਸ ਗੱਲਬਾਤ ਰਾਹੀਂ ਸੁਲਝਾਉਣ ਲਈ ਤਿੰਨ ਮੈਂਬਰਾਂ 'ਤੇ ਆਧਾਰਿਤ ਸਾਲਸੀਆਂ ਦੀ ਕਮੇਟੀ ਬਣਾ ਦਿੱਤੀ ਹੈ। ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਐਫ ਐਮ ਆਈ ਕਲੀਫ਼ੁੱਲ੍ਹਾ ਦੀ ਅਗਵਾਈ ਹੇਠ ਬਣਾਈ ਗਈ ਕਮੇਟੀ ਨੂੰ ਅਯੁੱਧਿਆ ਵਿਵਾਦ ਦਾ ਹੱਲ ਕੱਢਣ ਦੀ ਸੰਭਾਵਨਾ ਤਲਾਸ਼ਣ ਅਤੇ ਪ੍ਰਕਿਰਿਆ ਮੁਕੰਮਲ ਕਰਨ ਲਈ ਅੱਠ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ।

ਬੈਂਚ ਨੇ ਚਾਰ ਹਫ਼ਤਿਆਂ ਦੇ ਅੰਦਰ ਇਸ ਦੀ ਪ੍ਰਗਤੀ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਹੈ। ਕਮੇਟੀ ਦੇ ਹੋਰ ਮੈਂਬਰਾਂ 'ਚ ਧਾਰਮਿਕ ਆਗੂ ਸ੍ਰੀ ਸ੍ਰੀ ਰਵੀਸ਼ੰਕਰ ਅਤੇ ਸੀਨੀਅਰ ਵਕੀਲ ਸ੍ਰੀਰਾਮ ਪਾਂਚੂ ਸ਼ਾਮਲ ਹਨ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਪੰਜ ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚ ਨੇ ਕਿਹਾ ਕਿ ਜੇਕਰ ਲੋੜ ਪੈਂਦੀ ਹੈ ਤਾਂ ਉਹ ਹੋਰ ਮੈਂਬਰਾਂ ਦੀ ਚੋਣ ਕਰ ਸਕਦੇ ਹਨ।ਬੈਂਚ ਨੇ ਕਿਹਾ ਕਿ ਵਿਚੋਲਗੀ ਦਾ ਅਮਲ ਉੱਤਰ ਪ੍ਰਦੇਸ਼ ਦੇ ਫ਼ੈਜ਼ਾਬਾਦ 'ਚ ਹੋਵੇਗਾ ਅਤੇ ਸੂਬਾ ਸਰਕਾਰ ਨੂੰ ਇਸ ਸਬੰਧੀ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਜੀ.ਐਚ.ਜੀ.ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 'ਤੇ ਲੱਗੀਆਂ ਰੌਣਕਾਂ







**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸ਼ੈਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਜੀ.ਐਚ.ਜੀ. ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਵਿੱਚ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਜਿਸ ਦੀ ਸੁਰੂਆਤ ਗੁਰਮਤਿ ਮਰਿਆਦਾ ਅਨੁਸਾਰ ਅਰਦਾਸ ਕਰਨ ਉਪਰੰਤ ਕੀਤੀ ਗਈ। ਜਿਸ ਉਪਰੰਤ ਪਾਰਕ ਵਿੱਚ ਪ੍ਰਬੰਧਕਾਂ ਅਤੇ ਸਥਾਨਿਕ ਗਤਕਾ ਗਰੁੱਪ ਨੇ ਰਲ ਅਮਰੀਕਾ ਦੇ ਝੰਡੇ ਅਤੇ ਖਾਲਸਾਈ ਝੰਡੇ ਚੁੱਕ ਮਾਰਚ ਕੀਤਾ। ਇਸੇ ਦੌਰਾਨ ਗਤਕੇ ਦੇ ਜੌਹਰ ਵੀ ਦਿਖਾਏ ਗਏ। ਗਤਕਾ ਦਲ ਦੇ ਬੱਚਿਆ ਦੇ ਜੌਹਰ ਦੇਖ ਅਨੰਦਪੁਰ ਸਾਹਿਬ ਦੇ ਹੌਲਾ-ਮੁਹਾਲੇ ਦਾ ਮਹੌਲ ਨਜ਼ਰ ਆ ਰਿਹਾ ਸੀ। ਅਸਲ ਵਿੱਚ ਇਹ ਸਾਰਾ ਮਹੌਲ ਦੇਸੀ ਪੰਜਾਬੀ ਮੇਲੇ ਦੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰ ਰਿਹਾ ਸੀ। ਜਿਸ ਵਿੱਚ ਬੱਚਿਆ ਵੱਲੋਂ ਪੰਜਾਬੀ ਵਿਸਰ ਰਹੀਆਂ ਵਿਰਾਸਤੀ ਖੇਡਾਂ ਜਿੰਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਨਿੰਬੂ ਰੇਸ਼, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਜਦ ਕਿ ਬਾਬਿਆਂ ਦੇ ਗਰੁੱਪਾ ਨੇ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਮਿਊਜ਼ੀਕਲ ਚੇਅਰ, ਗੀਤ ਅਤੇ ਬੋਲੀਆਂ ਮੁਕਾਬਲੇ ਆਦਿਕ ਕਰਕੇ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਇਸ ਮਹੌਲ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ। ਇਸੇ ਦੌਰਾਨ ਸਤਾਰਾ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆ ਦੇ ਬਾਸਕਟਬਾਲ ਮੁਕਾਬਲੇ ਸਾਮਲ ਕੀਤੇ ਗਏ ਸਨ। ਇਸ ਤੋਂ ਇਲਾਵਾ ਛੋਟੇ ਬੱਚਿਆ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਤ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਗੀਤ-ਸੰਗੀਤ ਮੰਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਡਾ. ਅਜੀਤ ਸਿੰਘ ਖਹਿਰਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਮੁਫ਼ਤ ਡਾਕਟਰੀ ਕੈਂਪ ਲਾਇਆ ਗਿਆ ਸੀ। ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ, ਛੋਲੇ-ਭਟੂਰੇ ਅਤੇ ਫਰੂਟਾਂ ਆਦਿਕ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਸੀ। ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਵਿਰਾਸਤੀ ਖੇਡਾਂ ਤੋਂ ਇਲਾਵਾ ਬੱਚਿਆ ਦੇ ਕਰਵਾਏ ਗਏ। ਇਸ ਮੇਲੇ ਦੌਰਾਨ ਚਲ ਰਹੇ ਪ੍ਰੋਗਰਾਮ ਨੂੰ ਟੀ.ਵੀ. ਅਤੇ ਅਖ਼ਬਾਰਾਂ ਦੇ ਮਾਧਿਅਮ ਰਾਹੀ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਦੇ ਕੁਲਵੰਤ ਉੱਭੀ ਧਾਲੀਆਂ ਨੇ ਕਵਰਜ਼ ਦੀਆਂ ਸੇਵਾਵਾ ਨਿਭਾਈਆਂ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਰਮਜੀਤ ਧਾਲੀਵਾਲ, ਊਦੈਦੀਪ ਸਿੰਘ ਸਿੱਧੂ, ਗੁਰਦੀਪ ਸ਼ੇਰਗਿੱਲ, ਬਸੰਤ ਧਾਲੀਵਾਲ, ਸੁਖਦੇਵ ਚੀਮਾਂ, ਜਗਰੂਪ ਸਿੰਘ, ਜੀ. ਐਚ. ਜੀ. ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂੰਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ।

# ਸੈਨ ਫਰਾਂਸਿਸਕੋ 'ਚ ਭਾਰਤੀ ਗਦਰੀ ਯੋਧਿਆਂ ਦੀ ਯਾਦ ਵਿਚ ਗਦਰ ਮੈਮੋਰੀਅਲ ਪ੍ਰਾਜੈਕਟ 2021 ਤੱਕ ਮੁਕੰਮਲ ਹੋਵੇਗਾ

ਸੈਨ ਫਰਾਂਸਿਸਕੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)— ਭਾਰਤੀ ਅਜ਼ਾਦੀ ਘੁਲਾਟੀਆਂ ਦੀ ਯਾਦ ਵਿਚ ਗਦਰ ਮੈਮੋਰੀਅਲ ਰੀਸਟੋਰੇਸ਼ਨ ਪ੍ਰਾਜੈਕਟ ਜੋ ਇਸ ਸਾਲ ਮੁਕੰਮਲ ਕੀਤਾ ਜਾਣਾ ਸੀ, ਉਹ 2021 ਵਿਚ ਮੁਕੰਮਲ ਹੋਵੇਗਾ। ਇਸ ਪ੍ਰਾਜੈਕਟ ਉਪਰ 90 ਲੱਖ ਡਾਲਰ ਲਾਗਤ ਆਵੇਗੀ ਜਿਸ ਦਾ ਭੁਗਤਾਨ ਭਾਰਤ ਸਰਕਾਰ ਕਰੇਗੀ। ਲਾਇਰ ਐਂਡ ਐਸੋਸੀਏਟਸ ਸੈਨ ਫਰਾਂਸਿਸਕੋ ਦੇ ਅਧਿਕਾਰੀ ਅਰਵਿੰਦ ਲਾਇਰ ਤੇ ਭਾਰਤੀ ਕੌਂਸਲ ਵੈਸਟ ਕੋਸਟ ਸੰਜੇ ਪਾਂਡਾ ਨੇ ਇਸ ਸਬੰਧੀ ਇਕਰਾਰਨਾਮੇ ਉਪਰ ਦਸਤਖਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਘੀਆਂ ਸਿੱਖ ਸਖਸ਼ੀਅਤਾਂ ਹਾਜਰ ਸਨ। ਪਾਂਡਾ ਨੇ ਦਸਿਆ ਕਿ ਹੁਣ ਇਸ ਪ੍ਰਾਜੈਕਟ ਦੀ ਪ੍ਰਵਾਨਗੀ





ਸੈਨ ਫਰਾਂਸਿਸਕੋ ਪਲੈਨਿੰਗ ਕਮਿਸ਼ਨ ਵੱਲੋਂ ਦਿੱਤੀ ਜਾਵੇਗੀ। ਦੋ ਸਾਲਾਂ ਵਿਚ ਮੁਕੰਮਲ ਕੀਤੇ ਜਾਣ ਵਾਲੇ ਇਸ ਪ੍ਰਾਜੈਕਟ ਤਹਿਤ ਮੌਜੂਦਾ ਢਾਂਚੇ ਨੂੰ ਪੂਰੀ ਤਰਾਂ ਢਾਹਿਆ ਜਾਵੇਗਾ ਜਿਸ ਉਪੰਰਤ 4 ਮੰਜਿਲਾ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ। ਪਾਂਡਾ ਨੇ ਕਿਹਾ ਹੈ ਕਿ ਇਸ ਪ੍ਰਾਜੈਕਟ ਦੀ ਭਾਰਤੀਆਂ ਲਈ ਬੇਹੱਦ ਮਹੱਤਤਾ ਹੈ। ਇਹ ਯਾਦਗਾਰ ਜਿਨਾਂ ਦੇਸ਼ ਭਗਤਾਂ ਨੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ, ਉਨਾਂ ਦੇ ਮਹਾਨ ਬਲਿਦਾਨ ਦਾ ਪ੍ਰਤੀਕ ਹੋਵੇਗੀ। ਉਨਾਂ ਕਿਹਾ ਕਿ ਗਦਰ ਪਾਰਟੀ ਨੇ ਭਾਰਤ ਦੀ ਅਜ਼ਾਦੀ ਵਿਚ ਬੇਮਿਸਾਲ ਯੋਗਦਾਨ ਪਾਇਆ। ਗਦਰੀ ਯੋਧਿਆਂ ਨੇ ਭਾਰਤੀਆਂ ਵਿਚ ਆਜ਼ਾਦੀ ਦੀ ਚਿੰਗਾਰੀ ਪੈਦਾ ਕੀਤੀ। ਇਸ ਪ੍ਰਾਜੈਕਟ ਨੂੰ ਲੈ ਕੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਤੇ ਸਿੱਖ ਭਾਈਚਾਰੇ ਵਿਚ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ।







# 15 ਮਾਰਚ ਨੂੰ ਮਨਾਇਆ ਜਾਵੇਗਾ ਵਿਧਾਨ ਸਭਾ ਪੱਧਰ ਤੇ ਸ੍ਰੀ ਕਾਂਸ਼ੀ ਰਾਮ ਦਾ ਜਨਮ ਦਿਨ : ਬਿਲਗਾ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੇ ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਸਰਕਟ ਹਾਊਸ ਵਿਖੇ ਮੀਟਿੰਗ ਹੋਈ ਜਿਸ ਵਿੱਚ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ ਅਤੇ ਭੁਪਿੰਦਰ ਸਿੰਘ ਜੋੜਾ ਵਿਸ਼ੇਸ ਤੌਰ ਤੇ ਪਹੁੰਚੇ। ਵਰਕਰਾਂ ਦੀ ਭਰਵੀਂ ਮੀਟਿੰਗ 'ਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਨ ਸਬੰਧੀ ਵਿਚਾਰਾਂ ਹੋਈਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਪ੍ਰਗਣ ਬਿਲਗਾ ਅਤੇ ਗੋਗੀ ਨੇ ਕਿਹਾ ਕਿ ਬਸਪਾ ਦਾ ਟੀਚਾ ਇਸ ਵਾਰ ਸਾਰੀਆਂ ਲੋਕ ਸਭਾ ਸੀਟਾਂ ਜਿੱਤਣ ਦਾ ਹੈ ਅਤੇ ਇਸਦੇ ਚੱਲਦਿਆਂ ਜਿਥੋਂ ਬਸਪਾ ਦੇ ਉਮੀਦਵਾਰ ਚੋਣ ਲੜ ਰਹੇ ਹਨ ਉਥੇ ਤਾਂ ਸਾਰੀਆਂ ਟੀਮਾਂ ਪਹਿਲਾਂ ਹੀ ਸਰਗਰਮ ਹੋ ਗਈਆਂ ਹਨ ਅਤੇ ਜਿਥੇ ਗਠਜੋੜ ਦੇ ਉਮੀਦਵਾਰ ਚੋਣ ਲੜ੍ਹ ਰਹੇ ਹਨ ਉਨ੍ਹਾਂ ਸੀਟਾਂ ਨੂੰ ਵੀ ਜਿੱਤਣ ਲਈ ਰਣਨੀਤੀ ਬਣਾ ਲਗੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਦੀ ਸੀਟ ਗਠਜੋੜ ਦੇ ਖਾਤੇ ਵਿੱਚ ਨੂੰ ਇਤਿਹਾਸਿਕ ਲੀਡ ਨਾਲ ਜਿੱਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਮੋਦੀ ਐਂਡ ਪਾਰਟੀ ਤੋਂ ਪੂਰੀ ਤਰ੍ਹਾਂ ਨਿਰਾਸ਼ ਅਤੇ ਦੁੱਖੀ ਹਨ ਅਤੇ ਬਦਲ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬਸਪਾ ਮੁੱਖੀ ਕੁਮਾਰੀ ਮਾਇਆਵਤੀ ਦੇ ਮਜਬੂਤ ਪ੍ਰਸ਼ਾਸਨਿਕ ਢਾਂਚੇ ਦਾ ਪੂਰੀ ਦੁਨੀਆਂ ਲੋਹਾ ਮੰਨਦੀ ਹੈ ਅਤੇ ਭਾਰਤੀ ਵੋਟਰ ਹੁਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਨੂੰ ਵਿਕਾਸ ਦੇ ਨਾਲ ਅਮਨ ਅਤੇ ਸ਼ਾਂਤੀ ਦੀ ਜਰੂਰਤ ਹੈ ਜੋ ਕੁਮਾਰੀ ਮਾਇਆਵਤੀ ਹੀ ਦੇਸ਼ ਸਕਦੀ ਹੈ। ਉਨ੍ਹਾਂ ਕਿਹਾ ਕਿ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਲਈ ਉਹ ਲੋਕ ਸਭਾ ਚੋਣਾਂ ਜਿੱਤਣ ਲਈ ਜੀ ਜਾਨ ਲਗਾ ਦੇਣਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ 15 ਮਾਰਚ ਨੂੰ ਜਨਮ ਦਿਨ ਹੈ ਜੋ ਵਿਧਾਨ ਸਭਾਵਾਂ ਦੇ ਪੱਧਰ ਤੇ ਮਨਾਇਆ ਜਾਵੇਗਾ। ਇਸ ਮੌਕੇ ਨਿਰਮਲ ਸਿੰਘ ਸਾਇਆਂ ਨੂੰ ਦੇਹਾਤੀ ਦਾ ਦੁਬਾਰਾ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਮਾਸਟਰ ਰਾਮਨੰਦ, ਅਮਰੀਕ ਸਿੰਘ ਘੁਲਾਲ, ਵਿੱਕੀ ਕੁਮਾਰ, ਖਵਾਜਾ ਪ੍ਰਸ਼ਾਦ, ਇੰਦਰੇਸ਼ ਕੁਮਾਰ, ਮਨਜੀਤ ਸਿੰਘ ਬਾੜੇਵਾਲ, ਇੰਸ ਮਹਿੰਦਰ ਸਿੰਘ, ਜਸਵੀਰ ਪਾਲ, ਚਰਨ ਸਿੰਘ ਲੁਹਾਰਾ, ਗੁਰਦੀਪ ਸਿੰਘ ਚਮਿੰਡਾ, ਰਿਸ਼ੀਦੇਵ, ਬੂਟਾ ਸਿੰਘ ਸੰਗੋਵਾਲ, ਰਾਮਲੋਕ ਕੁਲੀਏਵਾਲ, ਦੇਵ ਸਰਾਭਾ, ਨਰਿੰਦਰ ਰੱਲ, ਹਰਦੇਵ ਸਿੰਘ ਧਾਲੀਆ ਅਤੇ ਹੋਰ ਸਾਮਲ ਸਨ।



# ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਸਰਗਰਮੀਆਂ ਸਿਖਰ ਤੇ ਪਹੁੰਚੀਆਂ

**(ਸਫਾ 1 ਦੀ ਬਾਕੀ)**

ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਦੱਸਿਆ ਕਿ ਦੇਸ਼ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ ਅਤੇ 25 ਮਾਰਚ 2019 ਉਮੀਦਵਾਰਾਂ ਲਈ ਨਾਮਜ਼ਦਗੀਆਂ ਭਰਨ ਦਾ ਆਖਰੀ ਦਿਨ ਹੋਵੇਗਾ।11 ਅਪਰੈਲ ਨੂੰ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀ ਸ਼ੁਰੂਆਤ ਹੋਵੇਗੀ। ਦੂਜੇ ਗੇੜ ਲਈ ਚੋਣਾਂ 18 ਅਪਰੈਲ ਨੂੰ ਪੈਣਗੀਆਂ, ਤੀਜੇ ਗੇੜ ਲਈ 23 ਅਪਰੈਲ ਨੂੰ ਵੋਟਿੰਗ ਹੋਵੇਗੀ। ਚੌਥੇ ਗੇੜ ਦੀ ਵੋਟਿੰਗ 29 ਅਪਰੈਲ ਨੂੰ ਹੋਵੇਗੀ, ਪੰਜਵੇਂ ਗੇੜ ਦੀ ਚੋਣਾਂ ਛੇ ਮਈ ਨੂੰ ਹੋਣਗੀਆਂ। ਛੇਵੇਂ ਗੇੜ ਲਈ ਵੋਟਿੰਗ ਦਾ ਦਿਨ 12 ਮਈ ਅਤੇ ਸੱਤਵੇਂ ਗੇੜ ਲਈ ਚੋਣਾਂ 19 ਮਈ ਨੂੰ ਪੈਣਗੀਆਂ।

### ਪਰਵਾਸੀ ਭਾਰਤੀ ਨਹੀਂ ਪਾ ਸਕਣਗੇ ਆਨਲਾਈਨ ਵੋਟ

ਇਸੇ ਵਰ੍ਹੇ ਲੋਕ ਸਭਾ ਚੋਣਾਂ ਵਿਚ ਪਰਵਾਸੀ ਭਾਰਤੀ ਆਪੋ-ਆਪਣੇ ਮੁਲਕਾਂ ਵਿਚ ਬੈਠੇ ਵੋਟਾਂ ਨਹੀਂ ਪਾ ਸਕਣਗੇ। ਜੇਕਰ ਉਨ੍ਹਾਂ ਨੂੰ ਵੋਟਾਂ ਪਾਉਣੀਆਂ ਹਨ ਤਾਂ ਉਨ੍ਹਾਂ ਨੂੰ ਭਾਰਤ ਆਉਣਾ ਪਵੇਗਾ ਤੇ ਉਨ੍ਹਾਂ ਦਾ ਨਾਂ ਵੋਟਰ ਸੂਚੀ ਵਿਚ ਵੀ ਦਰਜ ਹੋਣਾ ਚਾਹੀਦਾ ਹੈ। ਚੋਣ ਕਮਿਸ਼ਨ ਨੇ ਆਨਲਾਈਨ ਵੋਟਾਂ ਪਾਉਣ ਦੀ ਸਹੂਲਤ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ। ਭਾਰਤ ਦੇ 3 ਕਰੋੜ ਲੋਕ ਹੋਰ ਮੁਲਕਾਂ ਵਿਚ ਵਸੇ ਹੋਏ ਹਨ ਜਿਨ੍ਹਾਂ ਵਿਚੋਂ ਕਰੀਬ ਇਕ ਕਰੋੜ ਪਰਵਾਸੀ ਪੰਜਾਬੀ ਹਨ ਜੋ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਜਰਮਨੀ, ਬਰਤਾਨੀਆ, ਸਵੀਡਨ, ਕਈ ਅਰਬ ਮੁਲਕਾਂ ਸਮੇਤ ਹੋਰ ਦੇਸ਼ਾਂ ਵਿਚ ਵਸਦੇ ਹਨ। ਮੌਜੂਦਾ ਸਰਕਾਰ ਨੇ ਪਰਵਾਸੀਆਂ ਨੂੰ ਵੋਟ ਦੇਣ ਦੇ ਅਧਿਕਾਰ ਲਈ ਆਰ. ਪੀ. ਐਕਟ ਸੋਧ ਬਿੱਲ-2018 ਲੋਕ ਸਭਾ ਵਿਚ ਪਾਸ ਕਰ ਦਿੱਤਾ ਸੀ ਪਰ ਹੁਣ ਲੋਕ ਸਭਾ ਨਹੀਂ ਬੈਠਣੀ। ਬਿੱਲ ਪਾਸ ਕਰ ਕੇ ਰਾਜ ਸਭਾ ਵਿਚ ਭੇਜਿਆ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਪਰਵਾਸੀਆਂ ਦੀ ਭਾਰਤੀ ਰਾਜਨੀਤੀ ਵਿਚ ਖਾਸ ਦਿਲਚਸਪੀ ਰਹਿੰਦੀ ਹੈ। ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਰੀਬ 12 ਹਜ਼ਾਰ ਪਰਵਾਸੀ ਵੋਟਾਂ ਪਾਉਣ ਲਈ ਭਾਰੀ ਖਰਚਾ ਕਰ ਕੇ ਭਾਰਤ ਆਏ ਸਨ ਤੇ ਸਭ ਤੋਂ ਜ਼ਿਆਦਾ ਕੇਰਲ ਵਿਖੇ 11000 ਤੋਂ ਵੱਧ ਵੋਟਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਸੀ।



### ਜਲੇਬੀਆਂ ਤੇ ਪਕੌੜਿਆਂ ਦਾ ਭਾਅ ਕੀਤਾ ਤੈਅ

ਚੋਣ ਕਮਿਸ਼ਨ ਨੇ ਐਤਕੀਂ ਸਿਰੋਪੇ ਦਾ ਭਾਅ ਵੀ ਤੈਅ ਕੀਤਾ ਹੈ। ਇਵੇਂ ਹੀ ਝਾੜੂ ਦਾ ਰੇਟ ਵੀ ਨਿਸ਼ਚਿਤ ਕਰ ਦਿੱਤਾ ਗਿਆ ਹੈ। ਕਮਿਸ਼ਨ ਨੇ ਉਮੀਦਵਾਰਾਂ ਦੇ ਚੋਣ ਖ਼ਰਚੇ ਦਾ ਹਿਸਾਬ ਰੱਖਣ ਲਈ 171 ਵਸਤਾਂ ਦੇ ਭਾਅ ਤੈਅ ਕੀਤੇ ਹਨ। ਇਨ੍ਹਾਂ ਦੀ ਬਾਕਾਇਦਾ ਸੂਚੀ ਜਾਰੀ ਕੀਤੀ ਗਈ ਹੈ। ਬਾਜ਼ਾਰ ਦੇ ਭਾਅ ਮੁਤਾਬਕ ਰੇਟ ਬੰਨ੍ਹੇ ਗਏ ਹਨ। ਚੋਣ ਖ਼ਰਚੇ 'ਤੇ ਨਿਗ੍ਹਾ ਰੱਖਣ ਵਾਲੇ ਅਬਜ਼ਰਵਰ ਸੂਚੀ ਮੁਤਾਬਕ ਉਮੀਦਵਾਰਾਂ ਦੇ ਚੋਣ ਖ਼ਰਚੇ ਨੂੰ ਵੀ ਵਾਚਣਗੇ। ਸੂਚੀ ਅਨੁਸਾਰ ਸਿਰੋਪੇ ਦੀ ਕੀਮਤ 90 ਰੁਪਏ ਰੱਖੀ ਗਈ ਹੈ। ਇਸ ਤਹਿਤ ਜਦ ਵੀ ਹੁਣ ਕਿਤੇ ਨਾਮਜ਼ਦਗੀ ਮਗਰੋਂ ਉਮੀਦਵਾਰ ਦੀ ਹਾਜ਼ਰੀ ਵਿਚ ਮੋਹਤਬਰਾਂ ਦੇ ਸਿਰੋਪੇ ਪਾਏ ਜਾਣਗੇ ਤਾਂ ਪ੍ਰਤੀ ਸਿਰੋਪਾ 90 ਰੁਪਏ ਉਮੀਦਵਾਰ ਦੇ ਚੋਣ ਖ਼ਰਚੇ ਵਿਚ ਸ਼ਾਮਲ ਕੀਤੇ ਜਾਣਗੇ। ਜਾਪਦਾ ਹੈ ਕਿ ਉਮੀਦਵਾਰ ਸਿਰੋਪੇ ਪੁਆਉਣ ਤੋਂ ਖ਼ੁਦ ਵੀ ਪਾਸਾ ਹੀ ਵੱਟਣਗੇ। 'ਆਪ' ਦਾ ਚੋਣ ਨਿਸ਼ਾਨ ਝਾੜੂ ਹੈ ਤੇ ਪ੍ਰਤੀ ਝਾੜੂ ਕੀਮਤ 15 ਰੁਪਏ ਤੈਅ ਕੀਤੀ ਗਈ ਹੈ ਅਤੇ ਕਾਗਜ਼ ਵਾਲੀ ਟੋਪੀ ਦੀ ਕੀਮਤ 2 ਰੁਪਏ ਅਤੇ ਪ੍ਰਿੰਟ ਵਾਲੀ ਟੋਪੀ ਦੀ ਕੀਮਤ 15 ਰੁਪਏ ਨਿਸ਼ਚਿਤ ਕੀਤੀ ਗਈ ਹੈ। ਫੁੱਲਾਂ ਦੇ ਹਾਰ ਦੀ ਕੀਮਤ 10 ਰੁਪਏ ਅਤੇ 15 ਰੁਪਏ ਵੱਡੇ ਛੋਟੇ ਦੇ ਹਿਸਾਬ ਨਾਲ ਰੱਖੀ ਗਈ ਹੈ। ਕਮਿਸ਼ਨ ਨੇ ਚੋਣਾਂ ਵਿਚ ਆਮ ਤੌਰ ਤੇ ਵਰਤੇ ਜਾਂਦੇ ਖਾਣ-ਪੀਣ ਦੇ ਉਤਪਾਦਾਂ ਦੀ ਕੀਮਤ ਤੈਅ ਕਰ ਦਿੱਤੀ ਹੈ। ਬੇਸਣ ਦੀ ਬਰਫ਼ੀ 200 ਰੁਪਏ ਪ੍ਰਤੀ ਕਿੱਲੋ, ਖੋਏ ਦੀ ਬਰਫ਼ੀ ਦਾ ਭਾਅ 250 ਰੁਪਏ ਬੰਨ੍ਹਿਆ ਗਿਆ ਹੈ। ਜਲੇਬੀ ਦਾ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਭਾਅ 140 ਰੁਪਏ ਅਤੇ ਪਕੌੜਿਆਂ ਦਾ ਪ੍ਰਤੀ ਕਿੱਲੋ 150 ਰੁਪਏ ਦੇ ਹਿਸਾਬ ਨਾਲ ਚੋਣ ਖ਼ਰਚਾ ਉਮੀਦਵਾਰਾਂ ਨੂੰ ਪਏਗਾ। ਸਾਧਾਰਨ ਰੋਟੀ ਵਾਲੀ ਥਾਲੀ ਦੀ ਕੀਮਤ 70 ਰੁਪਏ ਰੱਖੀ ਗਈ ਹੈ ਜਦਕਿ ਚਾਹ ਦੇ ਕੱਪ ਦੀ ਅੱਠ ਰੁਪਏ ਤੇ ਕੌਫ਼ੀ ਦੇ ਕੱਪ ਦੀ ਕੀਮਤ 12 ਰੁਪਏ ਬੰਨ੍ਹੀ ਗਈ ਹੈ। ਇਸੇ ਤਰ੍ਹਾਂ ਟਰਾਂਸਪੋਰਟ ਦੇ ਮਾਮਲੇ ਵਿਚ ਵੱਡੀ ਬੱਸ ਦਾ 4,500 ਰੁਪਏ ਅਤੇ ਮਿਨੀ ਬੱਸ ਦਾ 3000 ਰੁਪਏ ਕਿਰਾਇਆ ਤੈਅ ਕੀਤਾ ਗਿਆ ਹੈ। ਰੇਹੜੇ ਦਾ ਇੱਕ ਚੱਕਰ 60 ਰੁਪਏ ਵਿਚ ਪਵੇਗਾ। ਹੋਟਲਾਂ ਅਤੇ ਮਹਿਮਾਨ ਘਰਾਂ ਵਿਚ ਠਹਿਰਨ ਦਾ ਖ਼ਰਚਾ ਵੀ ਚੋਣ ਖ਼ਰਚੇ ਵਿਚ ਸ਼ਾਮਲ ਕੀਤਾ ਜਾਣਾ ਹੈ। ਆਟੋ ਰਿਕਸ਼ਾ ਤੇ ਚੋਣ ਪ੍ਰਚਾਰ ਕਰਨ ਦਾ ਖ਼ਰਚਾ 2000 ਰੁਪਏ ਪ੍ਰਤੀ ਦਿਨ ਜੁੜੇਗਾ। ਹੈਵੀ ਸਾਊਂਡ ਸਿਸਟਮ ਦਾ ਖਰਚਾ 5000 ਰੁਪਏ ਜਦਕਿ ਲਾਊਡ ਸਪੀਕਰ ਸਮੇਤ ਐਂਪਲੀਫਾਇਰ 800 ਰੁਪਏ ਪ੍ਰਤੀ ਦਿਨ ਪਵੇਗਾ। ਪੰਡਾਲ ਅਤੇ ਸਟੇਜ ਦੀਆਂ ਕੁਰਸੀਆਂ, ਸੋਫਿਆਂ ਅਤੇ ਦਰੀਆਂ ਦਾ ਭਾਅ ਵੀ ਰੱਖਿਆ ਗਿਆ ਹੈ। ਚੋਣ ਖ਼ਰਚੇ ਤੋਂ ਜਾਪਦਾ ਹੈ ਕਿ ਉਮੀਦਵਾਰ ਬਹੁਤੀ ਚਮਕ-ਦਮਕ ਤੋਂ ਗੁਰੇਜ਼ ਹੀ ਕਰਨਗੇ। ਇਸੇ ਤਰ੍ਹਾਂ ਮਨੋਰੰਜਨ ਵਾਲੇ ਖ਼ਾਕੇ ਵਿਚ ਆਰਕੈਸਟਰਾ ਸਮੇਤ ਡੀਜੇ ਦੀ ਕੀਮਤ 12 ਹਜ਼ਾਰ ਅਤੇ ਇਕੱਲੇ ਡੀਜੇ ਦੀ ਕੀਮਤ 4 ਹਜ਼ਾਰ ਰੱਖੀ ਗਈ ਹੈ। ਸਥਾਨਕ ਕਲਾਕਾਰ ਦਾ ਪ੍ਰਤੀ ਪ੍ਰੋਗਰਾਮ 30 ਹਜ਼ਾਰ ਅਤੇ ਨਾਮੀ ਗਾਇਕ ਦੀ ਕੀਮਤ ਪ੍ਰਤੀ ਪ੍ਰੋਗਰਾਮ 2 ਲੱਖ ਰੁਪਏ ਤੈਅ ਕੀਤੀ ਹੈ।




# ਪੰਜਾਬ ਵਿੱਚ ਬਹੁਜਨ ਸਮਾਜ ਦੇ ਰਾਜਨੀਤਕ ਹਾਲਾਤਾਂ ਦੀ ਜਾਣਕਾਰੀ

ਸਾਹਿਬ ਕਾਂਸ਼ੀ ਰਾਮ ਜੀ ਨੇ ਪੰਜਾਬ ਦੇ ਸੁਤੇ ਹੋਏ ਬਹੁਜਨ ਸਮਾਜ ਨੂੰ ਜਗਾ ਕੇ ਰਾਜਨੀਤਕ ਤਾਕਤ ਪ੍ਰਦਾਨ ਕੀਤੀ ਸੀ।ਪੰਜਾਬ ਵਿੱਚ 1999 ਦੀਆਂ ਅਸੈਬਲੀ ਅਲੈਕਸ਼ਨਾਂ ਵਿੱਚ ਬਹੁਜਨ ਸਮਾਜ ਦੇ ਲੀਡਰਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਧੋਖੇ ਵਿੱਚ ਰੱਖਿਆ ਸੀ ਕਿਉਂਕਿ ਉਨਾਂ ਨੇ ਗਰਾਉਂਡ ਲੈਬਲ ਤੇ ਕੰਮ ਨਹੀ ਕੀਤਾ ਸੀ। ਪੰਜਾਬ ਦੀਆਂ ਅਸੈਬਲੀ ਅਲੈਕਸ਼ਨਾਂ ਵਿੱਚ ਬੁਰੀ ਤਰਾਂ ਹਾਰਨ ਨਾਲ ਉਨਾਂ ਦੀ ਸਹਿਤ ਦਿਨ ਪਰ ਦਿਨ ਬਿਗੜਦੀ ਗਈ ਤੇ ਅੰਤ ਵਿੱਚ ਪੰਜਾਬ ਦੇ ਬਹੁਜਨ ਸਮਾਜ ਨੂੰ ਸਦੀਵੀਂ ਵਿਛੋੜਾ ਦੇ ਗਏ॥

ਉਨਾਂ ਤੋਂ ਬਾਅਦ, ਅੱਜ ਤੱਕ ਪੰਜਾਬ ਨੂੰ ਕੋਈ ਸੂਝਬਾਨ ਲੀਡਰ ਨਹੀ ਮਿੱਲ ਸਕਿਆ ਜੋ ਪੰਜਾਬ ਦੇ ਬਹੁਜਨ ਲੋਕਾਂ ਨੂੰ ਰਾਜ-ਭਾਗ ਦੀ ਮੰਜ਼ਲ ਤੱਕ ਲਿਜਾ ਸਕੇ।

**ਕਾਰਨਾਂ ਦੀ ਪੜਚੋਲ ਕਰੀਏ**

1. ਬਹੁਜਨ ਸਮਾਜ ਦੇ ਲੋਕ ਹਰ ਬਾਰੀ ਅਲੈਕਨਸ਼ਾਂ ਤੋਂ ਪਹਿਲਾ ਜੋਸ਼ ਨਾਲ ਭਰੇ ਹੁੰਦੇ ਹਨ ਕਿਉਂਕਿ ਉਨਾਂ ਵਿੱਚ ਇੱਕ ਆਸ ਦੀ ਕਿਰਨ ਜਾਗਣ ਲੱਗ ਜਾਂਦੀ ਹੈ।
2. ਬਹੁਜਨ ਸਮਾਜ ਹਰ ਬਾਰੀ ਇੱਕ ਚੰਗੇ ਉਮੀਦਵਾਰ ਦੀ ਆਸ ਵਿੱਚ ਹੁੰਦਾ ਹੈ ਪਰ ਅਜਿਹਾ ਨਹੀ ਹੁੰਦਾ,ਕੁਝ ਹੋਰ ਹੀ ਹੋ ਜਾਂਦਾ ਹੈ। ਕਿਉਂ ?
3. ਕਿਆ ਪਾਰਟੀ ਨੇ ਤਾਂ ਆਪਣਾ ਫਾਇਦਾ ਦੇਖਣਾ ਹੁੰਦਾ ਹੈ।
4. ਆਪਣੀ ਪਾਰਟੀ ਕਿਵੇਂ ਆਪਣਾ ਉਮੀਦਵਾਰ ਖੜਾ ਕਰਦੀ ਹੈ, ਇਥੇ ਧਿਆਨ ਦੇਣ ਦੀ ਲੋੜ ਹੈ
5. ਅਕਾਲੀ-ਭਾਜਪਾ ਤੇ ਕਾਗਰਸ ਜਾਂ ਹੋਰ ਪਾਰਟੀਆਂ ਨੇ ਪਹਿਲਾ ਆਪਣੇ ਉਮੀਦਵਾਰ ਖੜ੍ਹੇ ਕਰਨੇ ਹੁੰਦੇ ਹਨ ਤੇ ਫਿਰ ਉਨਾਂ ਨੇ ਆਪਣਿਆਂ ਹਲਕਿਆ ਵਿੱਚ ਜਾਤੀ ਵੋਟਰਾਂ ਦਾ ਹਿਸਾਬ ਕਿਤਾਬ ਕਰਕੇ ਦੂਜੀਆਂ ਵਿੱਕਣ ਵਾਲੀਆਂ ਪਾਰਟੀਆਂ ਦੀ ਖਰੀਦੋ ਫਰੋਖਤ ਕਰਨੀ ਹੁੰਦੀ ਹੈ ਜੋ ਹਰ ਬਾਰੀ ਹੁੰਦਾ ਹੈ। ਯਾਦ ਕਰਨਾਂ ਕਿ ਜਿਵੇਂ ਪਿਛਲੀ ਵਾਰੀ ਸ਼੍ਰੀ ਅਨੰਦਪੁਰ ਸਾਹਿਬ ਤੋਂ ਸਰਦਾਰ ਕੇ.ਐਸ. ਮੱਖਣ ਪ੍ਰਸਿੱਧ ਸਿੰਗਰ ਅਕਾਲੀਦਲ ਪਾਰਟੀ ਵਲੋਂ ਆਪਣੀ ਪਾਰਟੀ ਨੇ ਖੜਾ ਕੀਤਾ ਸੀ ਕਿਉਂਕਿ ਉਨਾਂ ਨੇ ਕਾਗਰਸ ਦੀ ਦਲਿਤ ਵੋਟ ਤੋੜਨੀ ਸੀ ਤੇ ਅਕਾਲੀਦਲ ਦਾ ਉਮੀਦਵਾਰ ਜਿਤਾਉਣਾ ਸੀ - ਉਸੀ ਤਰਾਂ ਹੀ ਹੋਇਆ ਸੀ। ਸਰਦਾਰ ਕੇ.ਐਸ. ਮੱਖਣ ਆਪਣੇ ਬਹੁਜਨ ਸਮਾਜ ਨੂੰ ਛੱਡ ਕੇ ਚੱਲਦਾ ਬਣਿਆ ਕਿਉਂਕਿ ਉਸਦਾ ਰਾਜਨੀਤਕ ਮੰਤਵ ਹੱਲ ਹੋ ਗਿਆ ਸੀ ਤੇ ਅੱਜ ਤੱਕ ਉਸਦਾ ਦੁਵਾਰਾ ਸਮਾਜ ਵਿੱਚ ਕੋਈ ਵੀ ਜਿੱਕਰ ਨਹੀ ਹੁੰਦਾ॥ ਬਹੁਜਨ ਸਮਾਜ ਨੂੰ ਇਹ ਕਹਿ ਕੇ ਚੁਪ ਕਰਾ ਦਿੱਤਾ ਜਾਂਦਾ ਹੈ ਕਿ ਇਹ ਤਾਂ ਮਿਸ਼ਨ ਹੈ ਹਾਰਨਾ ਤੇ ਜਿੱਤਣਾ ਕੋਈ ਬਹੁਤੀ ਜਾਰੂਰੀ ਨਹੀ॥ ਅੱਜ ਪੰਜਾਬ ਦੇ ਬਹੁਜਨ ਸਮਾਜ ਨੂੰ ਸੱਮਝ ਆ ਗਈ ਹੋਵਗੀ ਕਿ ਰਾਜਨੀਤਕ ਖੇਡ ਕਿਵੇਂ ਖੇਡੀ ਜਾਂਦੀ ਹੈ।
6. ਇਸ ਬਾਰੀ ਵੀ ਬਹੁਜਨ ਸਮਾਜ ਬਹੁਤ ਗਰਮ ਜੋਸ਼ ਵਿੱਚ ਸੀ ਪਰ ਸਮਾਂ ਫਿਰ ਧੋਖਾ ਦੇ ਗਿਆ।ਸੋਡੀ ਜਾਂ ਖੁਸ਼ੀ ਰਾਮ ਜੀ ਕਿਥੋਂ ਆਏ ਤੇ ਕਿਵੇਂ ਆਏ, ਇਸਦਾ ਅੰਦਾਜ਼ਾ ਤੁਹਾਨੂੰ ਮਿਲ ਗਿਆ ਹੋਵੇਗਾ ਕਿ ਕਿਸ ਪਾਰਟੀ ਨੇ ਉਨਾਂ ਨੂੰ, ਆਪਣੀ ਪਾਰਟੀ ਵਿੱਚ ਉਮੀਦਵਾਰ ਖੜਾ ਕੀਤਾ ਹੋਵੇਗਾ॥
7. ਸਾਥੀਉ ਕਿਸੇ ਹੱਲਕੇ ਵਿੱਚ ਕਿਸੇ ਉਮੀਦਵਾਰ ਨੂੰ ਖੜੇ ਕਰਨ ਵਾਸਤੇ ਉਸ ਹਲਕੇ ਦੀ ਜਾਤੀ ਵੋਟਾਂ ਦਾ ਹਿਸਾਬ ਕਿਤਾਬ ਦੇਖਣਾ ਪੈਂਦਾ ਹੈ।ਜਲੰਧਰਨ,ਹੁਸ਼ਿਆਰਪੁਰ ਤੇ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਜ਼ਿਆਦਾ ਤਰ੍ਹ ਵੋਟ ਬੈਂਕ ਬਹੁਜਨ ਸਮਾਜ ਦਾ ਹੈ ਤੇ ਇੱਹ ਹੀ ਤੁਹਾਡੀ ਅਸਲੀ ਕੀਮਤ ਹੈ ਤੇ ਆਪਣੀ ਪਾਰਟੀ ਦੀ ਰਾਜਨੀਤਕ ਤਾਕਤ ਹੈ
8. ਅਜਿਹਾ ਕਿਊਂ ਕੀਤਾ ਜਾਂਦਾ ਹੈ ? ਸਾਨੂੰ ਸਾਰਿਆ ਨੂੰ ਪਤਾ ਹੈ ਪਰ ਉਸਦਾ ਹੱਲ ਤਾਂ ਸਾਡੇ ਸਮਾਜ ਕੋਲ ਮਾਯੂਦ ਹੈ।ਪੰਜਾਬ ਦੇ ਬਹੁਜਨ ਲੋਕ ਅਮੀਰ ਵਿਰਾਸਤ ਦੇ ਹਨ ਉਨਾਂ ਕੋਲ ਧੰਨ ਕਮੀ ਨਹੀ ਹੈ ਸਮਾਜ ਦੇ ਲੀਡਰਾਂ ਨੂੰ ਚੰਗੇ ਕੰਮ ਵਾਸਤੇ ਧੰਨ ਦੇ ਸੱਕਦੇ ਹਨ। ਮਾਨਿਆਵਰ ਸਾਹਿਬ ਕਾਂਸ਼ੀ ਰਾਮ ਜੀ ਨੇ ਬਿਨਾਂ ਪੈਸਿਆਂ ਤੋਂ ਬਹੁਜਨ ਸਮਾਜ ਨੂੰ ਰਾਜਨੀਤਕ ਸ਼ਕਤੀ ਪ੍ਰਦਾਨ ਕੀਤੀ ਹੈ।
9. ਅਜਿਹੀਆ ਕੁਰੀਤੀਆਂ ਨਾਲ ਸਾਡਾ ਸਮਾਜ ਹੋਲੀ ਹੋਲੀ ਵਿੱਖਰ ਰਿਹਾ ਹੈ ਅਸੀ ਦੁਜੇ ਸਮਾਜ ਨਾਲ ਗੱਲ ਵੀ ਨਹੀ ਕਰ ਸਕਦੇ ਕਿਉਂਕਿ ਉਹ ਲੋਕ ਸਾਡੇ ਸਮਾਜ ਨੂੰ ਵਿਕਾਊ ਮਾਲ ਵਜੋਂ ਗਿੱਣਦੇ ਹਨ॥
10. ਕੌਣ ਲੋਕ ਜ਼ੁਮੇਵਾਰ ਹਨ ਜੋ ਪੰਜਾਬ ਦੇ ਬਹੁਜਨ ਸਮਾਜ ਨਾਲ ਬੇਇੰਨਸਾਫੀ ਕਰਦੇ ਹਨ? ਇਹ ਲੜਾਈ ਤਾਂ ਬ੍ਰਹਮਣਵਾਧ ਤੋਂ ਵੀ ਲੜਨੀ ਭੈੜੀ ਹੈ। ਸਮਾਜ ਦੇ ਲੀਡਰਾਂ ਨੂੰ ਸਹੀ ਰਸਤੇ ਤੇ ਲਿਆਉਣ ਵਾਸਤੇ ਬਹੁਜਨ ਸਮਾਜ ਦਾ ਜਾਗਣਾ ਬਹੁਤ ਜਰੂਰੀ ਹੈ- ਮਾਨਿਆਵਰ ਸਾਹਿਬ ਕਾਂਸ਼ੀ ਰਾਮ ਜੀ ਦਾ ਸੰਦੇਸ਼ ਹੈ।

**ਜੈ ਭੀਮ ਜੈ ਭਾਰਤ**

# ਸਾਲਾਂ ਤੱਕ ਤਸੀਹੇ ਝੱਲਣੇ ਪੈਂਦੇ ਨੇ ਜੰਗੀ ਕੈਦੀਆਂ ਨੂੰ

ਚੰਡੀਗੜ੍ਹ - ਭਾਰਤੀ ਏਅਰਫੋਰਸ ਦੇ ਵਿੰਗ ਕਮਾਂਡਰ ਅਭਿਨੰਦਨ ਤਾਂ ਦੋ ਦਿਨ ਵਿਚ ਪਾਕਿਸਤਾਨ ਤੋਂ ਰਿਹਾਅ ਹੋ ਗਏ ਲੇਕਿਨ ਸਾਲ 1971 ਵਿਚ ਭਾਰਤ-ਪਾਕਿ ਯੁੱਧ ਦੌਰਾਨ ਫੜੇ ਗਏ ਏਅਰ ਕਮੋਡੋਰ ਜੇਐਲ ਭਾਰਗਵ ਨੂੰ ਇੱਕ ਸਾਲ ਤੱਕ ਪਾਕਿਸਤਾਨ ਦੇ ਤਸੀਹੇ ਝੱਲਣ ਤੋਂ ਬਾਅਦ ਛੱਡਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਜੇਲ੍ਹ ਵਿਚ ਉਨ੍ਹਾਂ ਕੋਲੋਂ ਸਾਰੀ ਰਾਤ ਪੁਛਗਿੱਛ ਕੀਤੀ ਜਾਂਦੀ ਅਤੇ ਸਿਗਰਟ ਨਾਲ ਦਾਗਿਆ ਜਾਂਦਾ। ਪੰਚਕੂਲਾ ਦੇ ਸੈਕਟਰ 20 ਵਿਚ ਰਹਿਣ ਵਾਲੇ ਭਾਰਗਵ ਅੱਜ ਵੀ ਸਾਲ 1971 ਦੀ ਪੰਜ ਦਸੰਬਰ ਦੀ ਤਾਰੀਕ ਨਹੀਂ ਭੁੱਲੇ ਹਨ। ਉਨ੍ਹਾਂ ਮੁਤਾਬਕ ਯੁੱਧ ਦੌਰਾਨ ਏਅਰਕਰਾਫਟ ਕਰੈਸ਼ ਹੋਣ ਤੋਂ ਬਾਅਦ ਉਹ ਪੈਰ-ਾਸ਼ੂਟ ਰਾਹੀਂ ਥੱਲੇ ਆਏ। ਉਨ੍ਹਾਂ ਪਤਾ ਨਹੀਂ ਸੀ ਕਿ ਉਹ ਭਾਰਤ ਦੀ ਜ਼ਮੀਨ 'ਤੇ ਹਨ ਜਾਂ ਦੁਸ਼ਮਨ ਦੇ ਖੇਤਰ ਵਿਚ। ਜਦ ਉਨ੍ਹਾਂ ਪਤਾ ਚਲਿਆ ਕਿ ਉਹ ਪਾਕਿ ਵਿਚ ਹਨ ਤਾਂ ਉਹ ਡਰੇ ਨਹੀਂ ਅਤੇ ਚਲਦੇ ਰਹੇ। ਮੀਲਾਂ ਚਲਣ ਤੋਂ ਬਾਅਦ ਉਨ੍ਹਾਂ ਜਇੱਕ ਝੁੱਗੀ ਦਿਖਾਈ ਦਿੱਤੀ। ਉਥੇ ਅਪਣਾ ਨਾਂ ਮੰਸੂਰ ਅਲੀ ਦੱਸਿਆ ਅਤੇ ਪੀਣ ਲਈ ਪਾਣੀ ਮਿਲਿਆ।



ਉਸ ਤੋਂ ਬਾਅਦ ਉਹ ਮੁੜ ਨਿਕਲ ਪਏ। ਉਨ੍ਹਾਂ ਦੱਸਿਆ ਕਿ ਯੁੱਧ ਦੌਰਾਨ ਪਾਇਲਟ ਨੂੰ ਇੱਕ ਸਰਵਾਈਵਰ ਕਿਟ, ਜਇੱਕ ਪਿਸਤੌਲ ਅਤੇ ਕੁਝ ਪਾਕਿ-ਸਤਾਨੀ ਰੁਪਏ ਦਿੱਤੇ ਜਾਂਦੇ ਹਨ। ਕਾਫੀ ਥਕੇ ਹੋਣ ਕਾਰਨ ਉਹ ਖੇਤ ਵਿਚ ਸੌਂ ਗਏ। ਕੁਝ ਰਾਹਗੀਰ ਅਪਣੇ ਵਤਨ ਦਾ ਸਮਝ ਕੇ ਅਪਣੇ ਨਾਲ ਲੈ ਗਏ, ਲੇਕਿਨ ਉਥੇ ਜਇੱਕ ਸਕੂਲ ਹੈਡਮਾਸਟਰ ਨੂੰ ਸ਼ੱਕ ਹੋ ਗਿਆ। ਉਸ ਨੇ ਭਾਰਗਵ ਤੋਂ ਪੁਛਿਆ ਕਿ ਕਿੱਥੋਂ ਹੋ, ਭਾਰਗਵ ਨੇ ਜਵਾਬ ਦਿੱਤਾ ਕਿ ਰਾਵਲਪਿੰਡੀ ਤੋਂ। ਰਾਵਲਪਿੰਡੀ ਵਿਚ ਕਿੱਥੋਂ, ਕਿਹਾ ਮਾਲ ਰੋਡ ਤੋਂ। ਇਸੇ ਦੌਰਾਨ ਪਿੰਡ ਵਾਲਿਆਂ ਨੇ ਪਾਕਿ ਰੇਂਜਰਾਂ ਨੂੰ ਬੁਲਾ ਲਿਆ ਤੇ ਫੜੇ ਗਏ। ਬਾਅਦ ਵਿਚ ਪਾਕਿ ਸੈਨਾ ਦੇ ਹਵਾਲੇ ਕਰ ਦਿੱਤਾ ਗਿਆ।

ਭਾਰਗਵ ਨੇ ਦੱਸਿਆ ਕਿ ਪੁਛਗਿੱਛ ਦੌਰਾਨ ਪਾਕਿਸਤਾਨੀ ਅਫ਼ਸਰ ਉਨ੍ਹਾਂ ਸਿਗਰਟ ਨਾਲ ਦਾਗਦੇ ਸਨ। ਇਸ ਤੋਂ ਤੰਗ ਆ ਕੇ ਉਨ੍ਹਾਂ ਨੇ ਜੇਲ੍ਹ ਦੀ ਕੰਧ ਤੋੜ ਕੇ ਤਿੰਨ ਪਾਇਲਟਾਂ ਨੂੰ ਭਜਾਇਆ ਸੀ। ਉਹ ਇੰਜਰੀ ਦੇ ਕਾਰਨ ਖੁਦ ਭੱਜ ਨਹੀਂ ਸਕੇ ਸੀ। ਹਾਲਾਂਕਿ ਪਾਇਲਟਾਂ ਨੂੰ ਫੜ ਲਿਆ ਗਿਆ ਸੀ। ਭਾਰਗਵ ਨੇ ਦੱਸਿਆ ਕਿ ਉਨ੍ਹਾਂ ਕਈ ਸਾਲਾਂ ਤੱਕ ਤਸੀਹੇ ਝੱਲਣੇ ਪਏ ਸੀ। ਇਸ ਦੌਰਾਨ ਉਹ ਸਪਾਈਨ ਇੰਜਰੀ ਦਾ ਸ਼ਿਕਾਰ ਹੋ ਗਏ। ਦਰਦ ਕਾਰਨ ਉਨ੍ਹਾਂ ਦਾ ਚਲਣਾ ਫਿਰਨਾ ਮੁਸ਼ਕਲ ਹੋ ਗਿਆ ਸੀ। ਲੇਕਿਨ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਪਾਕਿ ਨੇ ਉਨ੍ਹਾਂ ਇਸ ਆਸ 'ਤੇ ਛੱਡਿਆ ਸੀ ਕਿ ਇੰਦਰਾ ਗਾਂਧੀ ਪਾਕਿ ਦੇ 93 ਹਜ਼ਾਰ ਸੈਨਿਕਾਂ ਨੂੰ ਰਿਹਾਅ ਕਰੇਗੀ। ਉਸ ਦੌਰਾਨ ਪਾਕਿਸਤਾਨ ਨੇ ਭਾਰਤ ਦੇ 12 ਪਾਇਲਟਾਂ, 6 ਆਰਮੀ ਅਫ਼ਸਰਾਂ ਸਮੇਤ 600 ਜਵਾਨਾਂ ਨੂੰ ਰਿਹਾਅ ਕੀਤਾ ਸੀ।

# ਨਬਾਲਗ ਧੀ ਦੇ ਨਵ-ਜਨਮੇ ਬੱਚੇ ਨੂੰ ਡਬੋਕੇ ਮਾਰ ਦਿੱਤਾ

**ਕੈਲੀਫੋਰਨੀਆ-** ਇਕ ਪੰਜਾਬੀ ਮਾਂ ਵੱਲੋਂ ਆਪਣੀ ਨਬਾਲਗ 15 ਵਰਿਆਂ ਦੀ ਧੀ ਵੱਲੋਂ ਜਨਮੇ ਬੱਚੇ ਨੂੰ ਪਾਣੀ ਵਿਚ ਡਬੋਕੇ ਮਾਰ ਦੇਣ ਦੀ ਘਟਨਾ ਉਪਰੰਤ ਸਮੁੱਚਾ ਭਾਈਚਾਰਾ ਸ਼ਰਮਸਾਰ ਹੈ। ਹਾਲ ਹੀ ਵਿਚ ਇਸ ਮਾਮਲੇ ਸਬੰਧੀ ਦਾਇਰ ਪੁਲਿਸ ਰਿਪੋਰਟ ਅਨੁਸਾਰ ਇਹ ਘਟਨਾ ਪਿਛਲੇ ਸਾਲ ਨਵੰਬਰ ਮਹੀਨੇ ਵਿਚ ਵਾਪਰੀ ਸੀ। ਬੇਅੰਤ ਕੌਰ ਵਿਲੋਂ ਨਾਮੀ ਔਰਤ ਨੇ ਆਪਣੀ ਨਬਾਲਗ ਬੇਟੀ ਨੂੰ ਆਪਣੇ ਘਰ ਦੇ ਬਾਥਰੂਮ ਵਿਚ ਪਾਇਆ ਜਿਥੇ ਉਸ ਨੇ ਇਕ ਲੜਕੇ ਨੂੰ ਜਨਮ ਦਿੱਤਾ ਸੀ। ਉਸ ਨੇ ਭਾਈਚਾਰੇ ਵਿਚ ਆਪਣੇ ਪਰਿਵਾਰ ਦੀ ਇਜ਼ਤ ਬਚਾਉਣ ਲਈ ਨਵਜੰਮੇ ਬੱਚੇ ਨੂੰ ਪਾਣੀ ਵਿਚ ਡਬੋਕੇ ਮਾਰ ਦਿੱਤਾ। ਰਿਪੋਰਟ ਅਨੁਸਾਰ ਬੱਚੇ ਨੂੰ ਮਾਰਨ ਉਪਰੰਤ ਬੇਅੰਤ ਕੌਰ ਦੇ ਪਤੀ ਜਗੀਰ ਸਿੰਘ ਨੇ ਮ੍ਰਿਤਕ ਬੱਚੇ ਨੂੰ ਇਕ ਪਲਾਸਟਿਕ ਦੇ ਲਿਫ਼ਾਫੇ ਵਿਚ ਪਾ ਕੇ ਆਪਣੇ ਭਤੀਜੇ ਬਖਸ਼ਿੰਦਰਪਾਲ ਸਿੰਘ ਨੂੰ ਦੇ ਦਿੱਤਾ ਜਿਸ ਨੇ ਮਕਾਨ ਦੇ ਪਿਛਲੇ ਪਾਸੇ ਇਸ ਨੂੰ ਜਮੀਨ ਵਿਚ ਦਫ਼ਨਾ ਦਿੱਤਾ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ

















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼)











**ਫਰਿਜ਼ਨੋ (ਬਿਊਰੋ)–** ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ ਫਰਵਰੀ ਮਹੀਨੇ ਤੋਂ ਪੂਰੇ ਵਿਸ਼ਵ 'ਚ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਕੈਲੇਫੋਰਨੀਆ ਅੰਦਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸੇਲਮਾ, ਯੂਬਾ ਸਿਟੀ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੇਫੋਰਨੀਆ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਪੂਰਨ ਸਹਿਯੋਗ ਨਾਲ ਆਪਣੇ ਨਿਰਧਾਰਿਤ ਸਮੇਂ ਮੁਤਾਬਕ 3 ਮਾਰਚ 2019 ਦਿਨ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ।

ਇਸ ਸਬੰਧਤ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਸ੍ਰੀ ਅਖੰਡ ਪਾਠ 1 ਮਾਰਚ ਨੂੰ ਸਵੇਰੇ ਆਰੰਭ ਹੋਏ ਅਤੇ 3 ਮਾਰਚ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਤੋਂ ਪਹਿਲਾਂ 2 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ, ਅਤੇ ਸ਼ਾਮਾਂ ਦੇ ਕੀਰਤਨ ਦੀਵਾਨ ਸਜਾਏ ਗਏ। ਜਿਸ ਵਿਚ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜਰੀਆਂ ਭਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਿਆ।

3 ਮਾਰਚ ਦਿਨ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਵੱਖ-ਵੱਖ ਰਾਗੀ/ਕੀਰਤਨੀ ਜਥਿਆਂ ਨੇ ਗੁਰਬਾਣੀ ਸ਼ਬਦ ਗਾਇਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਜਿਹਨਾਂ ਵਿਚ ਭਾਈ ਰਾਮ ਸਿੰਘ ਜੀ, ਭਾਈ ਸਤਪਾਲ ਸਿੰਘ ਜੀ, ਭਾਈ ਇੰਦਰਜੀਤ ਸਿੰਘ ਅਤੇ ਭਾਈ ਅਮਨਜੋਤ ਸਿੰਘ, ਭਾਈ ਹਰਬਲਾਸ ਸਿੰਘ ਝਿੰਗੜ, ਬੀਬੀ ਕਮਲਜੀਤ ਕੌਰ ਭਾਟੀਆ (ਪਿਟਸਬਰਗ) ਅਤੇ ਜੋਗਿੰਦਰ ਸਿੰਘ ਦਿੱਲੀ ਵਾਲੇ, ਭਾਈ ਭੁਪਿੰਦਰ ਸਿੰਘ, ਉਸਤਾਦ ਯਮਲਾ ਜੱਟ ਦੇ ਸ਼ਾਗਿਰਦ ਭਾਈ ਰਾਜ ਬਰਾੜ ਅਤੇ ਨਾਮਵਰ ਗਾਇਕ ਯਸ਼ ਵਡਾਲੀ ਅਤੇ ਰਾਜੇਸ਼ ਰਾਜੂ ਆਦਿ ਜਥਿਆਂ ਨੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਗੁਰਪੁਰਬ ਦਿਹਾੜੇ ਤੇ ਇਕੱਤਰ ਹੋਈ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਦਿਲੀ ਹਾਰਦਿਕ ਵਧਾਈ ਸਾਂਝੀ ਕੀਤੀ ਅਤੇ ਗੁਰੂ ਰਵਿਦਾਸ ਜੀ ਦੇ ਰੂਹਾਨੀ ਪੱਖ ਦੇ ਨਾਲ-ਨਾਲ ਇਨਕਲਾਬੀ ਪੱਖ ਨੂੰ ਸਮਝਣ ਲਈ ਦੋ ਸ਼ਬਦ ਰੱਖਦਿਆਂ ਅਲੱਗ-ਅਲੱਗ ਬੁਲਾਰਿਆਂ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ, ਜਿਹਨਾਂ ਵਿਚ ਡਾ. ਸਤਨਾਮ ਬੰਗੜ, ਕੈਲੇਫੋਰਨੀਆ ਸੁਪਰੀਮ ਕੋਰਟ ਦੇ ਜੱਜ ਮਾਣਯੋਗ ਨੀਤੂ ਐਸ ਬੱਧਨ-ਸਮਿੱਥ, ਸ੍ਰੀ ਰਾਜਿੰਦਰ ਗੰਗੜ, ਡਾ. ਹਰਮੇਸ਼ ਕੁਮਾਰ, ਭਾਈ ਪਰਮਪਾਲ ਸਿੰਘ, ਸ੍ਰੀ ਵਿਨੋਦ ਚੁੰਬਰ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇਅ-ਏਰੀਆ), ਸ੍ਰੀ ਓ. ਪੀ. ਬਾਲੀ (ਫਾਊਂਡਰ ਮੈਂਬਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਜਨਰਲ ਸਕੱਤਰ ਸ੍ਰੀ ਗੁਰੂ ਸੁਪਰੀਮ ਕੌਂਸਲ ਯੂਐਸਏ), ਸ੍ਰੀ ਰਾਜ ਗੁਰੂ ਜੀ, ਸ੍ਰੀ ਬੌਬ ਸਹੋਤਾ (ਬੇਕਰਸਫੀਲਡ), ਸ੍ਰੀ ਰਾਮ ਪਾਲ ਮੱਲ, ਸ੍ਰੀ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ), ਸ੍ਰੀ ਪਰਮੋਦ ਲੋਈ, ਸ੍ਰੀ ਪਰਵੀਨ ਕੁਮਾਰ (ਨਿਊਯਾਰਕ), ਬੀਬੀ ਸ਼ਾਲੂ ਜੀ, ਬੀਬੀ ਮਨਦੀਪ ਕੌਰ ਜੀ, ਸ੍ਰੀ ਮਲਕੀਤ ਐਸ ਬੰਗੜ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਦੇ ਮੌਜੂਦਾ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਆਦਿ ਨੇ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪਾਵਨ ਗੁਰਪੁਰਬ ਦਿਹਾੜੇ ਦੀਆਂ ਦਿਲੀ ਹਾਰਦਿਕ ਵਧਾਈਆਂ ਦਿੰਦਿਆਂ ਸਤਿਗੁਰੂ ਦੇ ਧਾਰਮਿਕ ਰੂਹਾਨੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਹਿਲੂਆਂ ਤੇ ਸੋਚਣ-ਵਿਚਾਰਨ ਲਈ ਸੱਦਾ ਦਿੱਤਾ। ਉਹਨਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦਾ ਸਮੂਹ ਮਾਨਵਤਾ ਲਈ ਭਰਾਤਰੀ ਸੁਨੇਹਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਪਸਟ ਮਿਲਦਾ ਹੈ। ਇਸੇ ਲਈ ਤਾਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਆਪਣੀ ਪ੍ਰਸਿੱਧ ਪੁਸਤਕ 'ਸ਼ੂਦਰ ਕੌਣ ਤੇ ਕਿਵੇਂ" ਸੰਤ ਚੋਖਾ ਮੇਲਾ, ਨੰਦਨਾਰ ਅਤੇ ਰਵਿਦਾਸ ਜੀ ਨੂੰ ਸਮਰਪਿਤ ਕੀਤੀ ਸੀ ਅਤੇ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਵੀ ਆਦਿ ਮਹਾਂਪੁਰਖਾਂ ਨੂੰ ਆਪਣਾ ਇਸ਼ਟ ਮੰਨਿਆ ਅਤੇ ਘਰ-ਘਰ ਸੁਨੇਹਾ ਪਹੁੰਚਾਇਆ। ਇਹੀ ਵਜ੍ਹਾ ਹੈ ਕਿ ਇਸ ਗੁਰੂ ਘਰ ਅੰਦਰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਨਾਂ 'ਤੇ ਲਾਇਬ੍ਰੇਰੀ ਵੀ ਖੋਲ੍ਹੀ ਗਈ ਹੈ, ਜਿਸ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰਾਂ ਵੀ ਇਸ ਹਾਲ 'ਚ ਸੁਸ਼ੋਭਿਤ ਹੈ। ਇਸ ਗੁਰੂ ਘਰ ਦੀ ਖਾਸੀਅਤ ਹੈ ਕਿ ਇੱਥੇ ਸਾਰੇ ਆਦਿ ਮਹਾਂਪੁਰਖਾਂ ਤੇ ਦਸ ਗੁਰੂ ਸਾਹਿਬਾਨਾਂ ਦੇ ਨਾਲ ਬਹੁਜਨ ਸਮਾਜ ਦੇ ਰਹਿਬਰਾਂ ਦਾ ਗੁਣਗਾਨ ਅਕਸਰ ਹੁੰਦਾ ਰਹਿੰਦਾ ਹੈ, ਜਿਹਨਾਂ ਦੀ ਵਿਚਾਰਧਾਰਾ ਨੂੰ ਲੈ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਭਾਰਤ ਅੰਦਰ ਵੀਹਵੀਂ ਸਦੀ 'ਚ ਇਕ ਨਵਾਂ ਇਨਕਲਾਬ ਲਿਆ ਕੇ ਡਾ. ਅੰਬੇਦਕਰ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ। ਸੋ ਬੁਲਾਰਿਆਂ ਦੇ ਕਹੇ ਸ਼ਬਦਾਂ ਨੂੰ ਸਮਝਿਆ ਜਾਵੇ ਤਾਂ ਉਸ ਵਿਚ ਇਕ ਸਮਾਜਿਕ ਪਰਿਵਰਤਨ ਦੀ ਝਲਕ, ਇਕ ਸੁਨਹਿਰੀ ਯੁੱਗ ਵੱਲ ਤੋਰਦੀ ਨਜ਼ਰ ਆਉਂਦੀ ਹੈ।

ਅੱਜ ਦੇ ਇਸ ਸ਼ੁਭ ਮੌਕੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਪ੍ਰਕਾਸ਼ਿਤ ਪੁਸਤਕ 'ਬਾਬੂ ਮੰਗੂ ਰਾਮ ਮੁਗੋਵਾਲੀਆ 'ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ' ਡਾ ਜਸਵੰਤ ਰਾਏ ਦੁਆਰਾ ਲਿਖਤ ਕਿਤਾਬਾਂ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤੀਆਂ ਗਈਆਂ।

ਸੰਗਤਾਂ ਦਾ ਭਾਰੀ ਇਕੱਠ, ਏਕਤਾ ਦਾ ਪ੍ਰਤੀਕ ਨਜ਼ਰ ਆਉਂਦਾ ਸੀ ਕਿਉਂਕਿ ਸੰਗਤਾਂ ਦੂਰੋਂ-ਨੇੜਿਉਂ ਹਰ ਵਰਗ, ਧਰਮ, ਅਲੱਗ-ਅਲੱਗ ਸੰਸਥਾਵਾਂ ਅਤੇ ਮੀਡੀਏ ਵੱਲੋਂ ਹਾਜ਼ਰੀਆਂ ਭਰਦੀਆਂ ਨਜ਼ਰ ਆ ਰਹੀਆਂ ਸਨ। ਇਸ ਗੁਰੂ ਘਰ 'ਚ ਬੀਬੀਆਂ ਵੀ ਕਾਫੀ ਵੱਧ-ਚੜ੍ਹ ਕੇ ਗੁਰੂ ਘਰ ਲਈ ਪੰਜਾਬੀ ਭਾਈਚਾਰੇ 'ਚ ਜਾ ਕੇ ਮਾਇਆ ਦੇ ਸਹਿਯੋਗ ਲਈ ਪਹੁੰਚ ਕਰਦੀਆਂ ਹਨ। ਉਹਨਾਂ ਸਾਰੀਆਂ ਬੀਬੀਆਂ/ਭੈਣਾਂ ਤੇ ਭਰਾਵਾਂ ਦਾ ਪਲੈਕਾਂ ਨਾਲ ਸਨਮਾਨ ਵੀ ਕੀਤਾ ਗਿਆ ਜਿਹਨਾਂ ਵਿਚ ਕੇਵਲ ਕੌਰ ਬੰਗੜ, ਸੁਰਿੰਦਰ ਕੌਰ ਬੰਗੜ, ਹਰਬੰਸ ਕੌਰ ਬੰਗੜ, ਬਲਬੀਰ ਕੌਰ ਮੋਮੀ, ਸੁਰਿੰਦਰ ਕੌਰ ਮੋਮੀ, ਜਸਵੀਰ ਕੌਰ ਤੇ ਬਲਵੀਰ ਕੌਰ, ਬਲਜਿੰਦਰ ਕੌਰ, ਦੀਪਿਕਾ ਕੌਰ, ਮਹਿੰਦਰ ਕੌਰ ਜੱਸੀ, ਸੁਰਿੰਦਰ ਕੌਰ ਭਾਟੀਆ, ਸ਼ਕੁੰਤਲਾ ਸ਼ਾਹ, ਸੁਰਿੰਦਰ ਕੌਰ ਰੱਲ੍ਹ, ਨੀਲਮ ਰਾਣੀ, ਸੁਰਿੰਦਰ ਕੌਰ ਬਿਰਦੀ, ਰਾਜ ਗੁਰੂ, ਪਿਰਥੀ ਮਹਿਮੀ, ਰਾਜ ਕੁਮਾਰ, ਸਰਬਜੀਤ ਚੁੰਬਰ, ਸਲੀਮ ਕਲੇਰ, ਨਵਜੋਤ ਸਿੰਘ, ਪਰਵੀਨ ਕੇ. ਕਲੇਰ, ਅਮਿਤ ਭੱਟੀ, ਨਵਜੋਤ ਸਿੰਘ, ਡਾ. ਸਤਨਾਮ ਬੰਗੜ ਅਤੇ ਜੱਜ ਨੀਤੂ ਐਸ ਬੱਧਣ-ਸਮਿੱਥ ਅਤੇ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ਼ ਦੁਆਬਾ ਅਤੇ ਅੰਬੇਦਰ ਟਾਈਮਜ)।

ਇਸ ਦੇ ਨਾਲ ਹੀ ਵੱਖ-ਵੱਖ ਸੰਸਥਾਵਾਂ ਤੇ ਅਲੱਗ ਮੀਡੀਆ ਤੋਂ ਆਏ ਨੁਮਾਇੰਦਿਆਂ ਦਾ ਵੀ ਪਲੈਕ ਅਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ ਜਿਵੇਂ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਸੇਲਮਾ, ਯੂਬਾ ਸਿਟੀ ਅਤੇ ਸੈਕਰਾਮੈਂਟੋ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਸੁਪਰੀਮ ਕੌਂਸਲ, ਯੂਐਸਏ ਆਦਿ।

ਲੰਗਰ ਦੀ ਸੇਵਾ ਤਿੰਨ ਦਿਨ ਚਲਦੀ ਰਹੀ। ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ, ਗਰਮਾ-ਗਰਮ ਚਾਹ-ਪਕੌੜੇ, ਆਲੂ-ਟਿੱਕੀਆਂ, ਕੋਲਡ ਡਰਿੰਕਸ, ਛੋਲੇ-ਭਟੂਰੇ ਆਦਿ ਸਾਰਾ ਦਿਨ ਅਤੁੱਟ ਵਰਤਾਏ ਗਏ। ਪਾਰਕਿੰਗ ਲਾਟ ਦਾ ਵੀ ਵਧੇਰੇ ਅਤੇ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਡਾ. ਬੰਗੜ ਵੱਲੋਂ ਆਪਣੀ ਟੀਮ ਨਾਲ ਫਰੀ ਮੈਡੀਕਲ ਚੈਕਅਪ ਕੈਂਪ ਪਿਛਲੇ ਸਾਲਾਂ ਦੀ ਤਰ੍ਹਾਂ ਲਗਾਇਆ ਗਿਆ। ਬੱਚਿਆਂ ਦੇ ਖੇਡਣ ਲਈ ਭੰਗੂੜੇ ਆਦਿ ਦਾ ਵੀ ਪ੍ਰਬੰਧ ਕੀਤਾ ਅਤੇ ਕੁਝ ਕੁ ਘਰੇਲੂ ਜ਼ਰੂਰਤਾਂ ਸਬੰਧਤ, ਨਿਆਣਿਆਂ ਲਈ ਖਿਡੌਣੇ ਆਦਿ ਦੇ ਸਟਾਲ ਵੀ ਲੱਗੇ ਹੋਏ ਸਨ। ਕੁੱਲ ਮਿਲਾ ਕੇ ਸਤਿਗੁਰੂ ਦੀ ਸੇਵਾ ਵਿਚ ਜੁਟੀ ਸਭਾ ਤੇ ਗੁਰਮੁਖ ਪਰਿਵਾਰਾਂ ਦੀਆਂ ਸੇਵਾਵਾਂ ਨਾਲ ਗੁਰੂ ਰਵਿਦਾਸ ਜੀ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ ਬਹੁਤ ਹੀ ਗੁਰਮਤਿ ਵਿਚਾਰਾਂ ਦੇ ਨਾਲ ਸਮਾਜਿਕ, ਆਰਥਿਕ ਤੇ ਰਾਜ ਪ੍ਰਫੁੱਲਤਾ ਲਈ ਯਾਦ ਕੀਤਾ ਜਾਂਦਾ ਰਹੇਗਾ।

ਇੱਥੋਂ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵਧਾਈ ਦੀ ਪਾਤਰ ਹੈ। ਇਹੀ ਉਮੀਦ ਸਭਾ ਦੇ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਨੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਮੀਡੀਆ ਦੇ ਤੌਰ ਤੇ ਨਿਭਾਈ ਜਾ ਰਹੀ ਸੇਵਾ ਦੀ ਰੱਜ ਕੇ ਸਰਾਹਨਾ ਕੀਤੀ। ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਬਾਖੂਬੀ ਨਾਲ ਨਿਭਾਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਇਕ ਵਾਰ ਫਿਰ ਤੋਂ ਦੂਰੋਂ-ਨੇੜਿਓ ਆਈ ਸੰਗਤ ਦਾ ਧੰਨਵਾਦ ਕੀਤਾ।

*****

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ
























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼)











# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ


















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼)






# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਪਾਵਨ ਗੁਰਪੁਰਬ ਦਿਹਾੜਾ
























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼)

15 ਮਾਰਚ ਜਨਮ ਦਿਨ 'ਤੇ

# ਕਾਂਸ਼ੀ ਰਾਮ ਹੋਣ ਦੇ ਅਰਥ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

'ਕਾਂਸ਼ੀ ਰਾਮ' ਹੁਣ ਇਕ ਵਿਅਕਤੀ ਵਿਸ਼ੇਸ਼ ਦਾ ਨਾਂ ਨਹੀਂ ਹੈ। ਉਹ ਇਕ ਲਹਿਰ, ਇਕ ਇਨਕਲਾਬ, ਇਕ ਜਾਗ੍ਰਿਤੀ, ਇਕ ਸੰਘਰਸ਼ ਦਾ ਪ੍ਰਤੀਕ ਬਣ ਚੁੱਕਿਆ ਹੈ। ਜ਼ਿਲ੍ਹਾ ਰੋਪੜ ਦੇ ਇਕ ਛੋਟੇ ਜਿਹੇ ਪਿੰਡ ਖੁਆਸਪੁਰੇ ਤੋਂ ਉੱਠ ਕੇ ਸਾਧਨਹੀਣ ਹੋਣ ਦੇ ਬਾਵਜੂਦ ਉਨ੍ਹਾਂ ਨੇ ਦੋ ਪੈਰਾਂ ਤੇ ਦੋ ਪਹੀਆਂ (ਸਾਈਕਲ) ਨਾਲ ਅਜਿਹਾ ਕਮਾਲ ਕਰ ਵਿਖਾਇਆ ਕਿ ਦਿੱਲੀ ਦੇ ਤਖਤ ਨੂੰ ਤਰੇਲੀਆਂ ਆ ਗਈਆਂ। ਸਦੀਆਂ ਤੋਂ ਸਥਾਪਤ, ਸਰਬ ਸਾਧਨ ਸੰਪੰਨ, ਰਾਜ ਕਰਤਾਰ ਜਮਾਤ ਇਸ ਖਾਲੀ ਹੱਥ, ਖਾਲੀ ਪੇਟ ਅਣਥੱਕ ਯੋਧੇ ਦੀ ਗਰਜਣਾ ਤੋਂ ਭੈਅ ਖਾਣ ਲੱਗ ਪਈ ਸੀ। ਉਹ ਸਮਾਜ ਜੋ ਸਦੀਆਂ ਤੋਂ ਗੁਲਾਮੀ, ਭੁੱਖ-ਨੰਗ, ਉਤਪੀੜਨ ਤੋਂ ਸਿਵਾਏ ਕੁਝ ਨਹੀਂ ਸੀ ਜਾਣਦਾ, ਇਸੇ ਸਮਾਜ ਨੂੰ ਕਾਂਸ਼ੀ ਰਾਮ ਜੀ ਨੇ ਇਸ ਕਦਰ ਤਿਆਰ ਕੀਤਾ ਕਿ ਜਾਗ੍ਰਿਤੀ ਦੀ ਇਕ ਮਿਸਾਲ ਉਸਦੇ ਸੀਨੇ ਵਿਚ ਲਟ-ਲਟ ਕਰ ਉੱਠੀ, ਜਿਸਦੀ ਰੌਸ਼ਨੀ ਵਿਚ ਇਸਨੂੰ ਆਪਣੀ ਮੰਜ਼ਿਲ ਨਜ਼ਰ ਆਉਣ ਲੱਗੀ। ਤੇ ਫਿਰ ਇਹ ਸਮਾਜ ਵਹੀਰਾਂ ਘੱਤ ਕੇ ਆਪਣੇ ਰਹਿਬਰ ਦੇ ਪਿੱਛੇ ਲੱਗ ਤੁਰਿਆ। ਇਸੇ ਸਮਾਜ ਦੀ ਬਿਹਤਰੀ ਲਈ ਅਣਥੱਕ ਮਿਹਨਤ, ਸੱਚੀ ਲਗਨ, ਦਲੇਰੀ ਤੇ ਸਵੈ-ਵਿਸ਼ਵਾਸ ਨਾਲ ਅੱਗੇ ਹੀ ਅੱਗੇ ਵਧਦੇ ਜਾਣਾ ਬੱਸ ਇਹੀ ਉਹ ਗੁਣ ਸਨ ਜੋ ਉਸਦੀ ਤਾਕਤ ਸੀ ਤੇ ਜਿਸ ਤੋਂ ਵਿਰੋਧੀ ਭੈਅ ਖਾਂਦੇ ਸਨ।

ਲੋਕੀ ਆਉਂਦੇ ਹਨ ਤੁਰ ਜਾਂਦੇ ਹਨ। ਸੰਤ, ਮਹਾਤਮਾ, ਗੁਰੂ, ਭਗਤ ਵੀ ਆਉਂਦੇ ਹਨ ਤੇ ਆਪਣਾ ਰੋਲ ਨਿਭਾਅ ਕੇ ਚਲੇ ਜਾਂਦੇ ਹਨ। ਪਰ ਜਾਣ ਤੋਂ ਬਾਅਦ ਲੋਕਾਂ ਦੇ ਦਿਲਾਂ 'ਤੇ ਉਹੀ ਰਾਜ ਕਰਦੇ ਹਨ, ਜਿਹਨਾਂ ਨੇ ਆਪਣਾ ਜੀਵਨ ਆਪਣੇ ਲਈ ਨਹੀਂ ਦੂਜਿਆਂ ਲਈ ਜੀਵਿਆ ਹੋਵੇ। ਇਤਿਹਾਸ ਇਹਨਾਂ ਹੀ ਮਰਜੀਵੜਿਆਂ ਦਾ ਹੁੰਦਾ ਹੈ। ਇਹੀ ਯੁੱਗ ਪੁਰਸ਼ ਹੁੰਦੇ ਹਨ। ਇਹੀ ਲੋਕ ਹਨ ਜੋ ਕਦੇ-ਕਦੇ ਪੈਣਾ ਹੁੰਦੇ ਹਨ। ਇਹੀ ਲੋਕ ਹਨ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਾਰ-ਵਾਰ ਕਰਦਾ ਹੈ।

ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਾਣ ਤੋਂ ਬਾਅਦ ਦਲਿਤ ਸਮਾਜ ਵਿਚ ਪਿਆ ਖੱਪਾ ਇਕ ਦਹਾਕੇ ਬਾਅਦ ਹੀ ਕਾਂਸ਼ੀ ਰਾਮ ਜੀ ਨੇ ਭਰਨ ਦਾ ਬੀੜਾ ਚੁੱਕ ਲਿਆ। ਉਸ ਵੇਲੇ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇੱਡਾ ਵੱਡਾ ਸੁਪਨਾ ਲੈਣ ਵਾਲਾ ਇਹ ਇਕ ਮਾਮੂਲੀ ਇਨਸਾਨ ਇੰਨਾ ਕੁਝ ਕਰ ਸਕਣ ਦੀ ਸਮਰੱਥਾ ਰੱਖਦਾ ਵੀ ਹੈ? ਪਰ ਸਮੇਂ ਨੇ ਵੇਖਿਆ ਕਿ ਇਹੀ ਇਨਸਾਨ ਆਪਣੀ ਵਧੀਆ ਨੌਕਰੀ ਦਾ ਤਿਆਗ ਕਰਕੇ, ਦਰਵੇਸ਼ਾਂ ਵਾਲੇ ਭੇਸ ਵਿਚ ਸੜਕਾਂ, ਗਲੀਆਂ ਤੇ ਮੁਹੱਲਿਆਂ ਵਿਚ ਘੁੰਮ ਕੇ ਲੋਕਾਂ ਨੂੰ ਸਮਝਾਉਂਦਿਆਂ-ਬੁਝਾਉਂਦਿਆਂ, ਤਿਆਰ ਕਰਦਿਆਂ ਸੱਚੀਂ ਇਕ ਦਿਨ ਇਕ ਯੁੱਗ ਪਲਟਾਊ ਸ਼ਖਸੀਅਤ ਹੋ ਨਿੱਬੜਿਆ, ਜਿਸ ਤੋਂ ਸਦੀਆਂ ਤੋਂ ਸਥਾਪਤ ਕਹਿੰਦੇ ਕਹਾਉਂਦੇ ਖਾਨਦਾਨੀ ਸਿਆਸਤਦਾਨ, ਪੂੰਜੀਪਤੀ ਅਤੇ ਆਗੂ ਭੈਅ ਖਾਣ ਲੱਗ ਪਏ। ਸਾਰਿਆਂ ਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਇਹ ਕੌਣ ਹੈ ਜੋ ਸਦੀਆਂ ਤੋਂ ਲਤਾੜੇ, ਨਪੀੜੇ, ਲੁੱਟੇ ਖਸੁੱਟੇ, ਬਚਿਆ-ਖੁਚਿਆ ਖਾਣ ਤੇ ਪਹਿਨਣ ਵਾਲੇ, ਅੱਧੇ ਅਧੂਰੇ ਜਾਨਵਰ ਸਮਾਨ 'ਮਨੁੱਖਾਂ' ਨੂੰ ਰਾਜਗੱਦੀ 'ਤੇ ਬਿਠਾਉਣਾ ਚਾਹੁੰਦਾ ਹੈ? ਸਾਰੀ ਮਾਇਆ ਇਕੱਠੀ ਹੋ ਗਈ, ਜਾਤ ਹੰਕਾਰੀ ਇਕੱਠੇ ਹੋ ਗਏ, ਸਿਆਸਤ ਇਕੱਠੀ ਹੋ ਗਈ ਪਰ ਇਸ ਖਾਲੀ ਹੱਥ, ਖਾਲੀ ਜੇਬ, ਦਿਨ ਰਾਤ ਪੈਦਲ ਜਾਂ ਸਾਈਕਲ ਚਲਾਉਂਦੇ ਇਨਸਾਨ ਦੇ ਪੈਦਾ ਕੀਤੇ ਤੂਫਾਨ ਅੱਗੇ ਇਹ ਕੱਖ ਕੰਡੇ ਵਾਂਗ ਉੱਡਦੇ ਨਜ਼ਰ ਆਉਣ ਲੱਗੇ।

1934 ਦਾ ਵਰ੍ਹਾ ਸੀ ਜਦੋਂ ਬਾਬਾ ਸਾਹਿਬ ਦਾ ਸੰਘਰਸ਼ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ। 1932 ਵਿਚ ਹੋਏ ਪੂਨਾ ਪੈਕਟ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆ ਐਕਟ 1935 ਹੋਂਦ ਵਿਚ ਆਉਣ ਜਾ ਰਿਹਾ ਸੀ ਜਿਸ ਅਧੀਨ ਸਦੀਆਂ ਤੋਂ ਮਾਰਿਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਣੀਆਂ ਸਨ। ਇਸੇ ਵਰ੍ਹੇ ਦੇ ਮਾਰਚ ਮਹੀਨੇ ਦੀ 15 ਤਰੀਕ ਨੂੰ ਰੋਪੜ ਜ਼ਿਲ੍ਹੇ ਦੇ ਖੁਆਸਪੁਰ ਵਿਚ ਮਾਤਾ ਬਿਸ਼ਨ ਦੇਈ ਅਤੇ ਪਿਤਾ ਸ. ਹਰੀ ਸਿੰਘ ਦੇ ਘਰ ਜਿਸ ਬਾਲਕ ਨੇ ਜਨਮ ਲਿਆ, ਉਹ ਹੀ ਸਮਾਂ ਪਾ ਕੇ ਕਾਂਸ਼ੀ ਰਾਮ ਨਾਮੀ ਬਹੁਜਨ ਸਮਾਜ ਦਾ ਮਹਾਨ ਰਾਜਨੀਤੀਵਾਨ ਬਣਿਆ ਅਤੇ ਬਾਬਾ ਸਾਹਿਬ ਤੋਂ ਬਾਅਦ ਦੂਜਾ ਮਸੀਹਾ ਅਖਵਾਇਆ।

ਰੋਪੜ ਸਰਕਾਰੀ ਕਾਲਜ ਤੋਂ ਬੀ. ਐਸ. ਸੀ. ਪਾਸ ਕਰਕੇ ਬਾਬਾ ਸਾਹਿਬ ਦੀ ਮੁਢਲੀ ਕਰਮ ਭੂਮੀ ਮਹਾਰਾਸ਼ਟਰ ਪੂਨੇ ਵਿਚ ਆਰਡੀਨੈਂਸ ਫੈਕਟਰੀ ਵਿਚ ਸਾਇੰਸਦਾਨ ਦੇ ਅਹੁਦੇ 'ਤੇ ਜਾ ਲੱਗੇ। ਉਥੇ ਕੰਮ ਕਰਦਿਆਂ ਪਹਿਲੀ ਵਾਰੀ ਡੀ. ਕੇਢ ਖਾਪਰਡੇ ਕੋਲੋਂ ਡਾ. ਅੰਬੇਡਕਰ ਦਾ ਨਾਂ ਸੁਣਿਆ। ਇਹ ਵਕਤ ਦੀਆਂ ਸਰਕਾਰਾਂ ਦੀ ਬਿਮਾਰ ਮਾਨਸਿਕਤਾ ਅਤੇ ਸੋਚ ਸਮਝ ਕੇ ਵਰਤੀ ਸੰਕੀਰਨਤਾ ਸੀ ਕਿ ਬਹੁਜਨ ਸਮਾਜ ਨੂੰ ਉਸਦੇ ਮਸੀਹਾ ਦਾ ਨਾਂ ਜਾਨਣ ਤੋਂ ਵੀ ਦੂਰ ਰੱਖਿਆ ਗਿਆ। ਭਾਵੇਂ ਉਹ ਸਕੂਲਾਂ-ਕਾਲਜਾਂ ਤੋਂ ਹੁੰਦਾ ਹੋਇਆ ਨੌਕਰੀ ਵਿਚ ਵੀ ਦਾਖਲ ਹੋ ਗਿਆ ਸੀ। ਡਾ. ਅੰਬੇਡਕਰ ਬਾਰੇ ਕਾਂਸ਼ੀ ਰਾਮ ਉਹਨਾਂ ਦੀ ਜਗਿਆਸਾ ਵਧੀ ਤਾਂ ਉਹਨਾਂ ਦਾ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੋਈ ਤੇ ਫਿਰ ਇਕ ਦਿਨ ਬਾਬਾ ਸਾਹਿਬ ਦੀ ਰਚਨਾ 'ਜਾਤਪਾਤ ਦਾ ਬੀਜ ਨਾਸ' ਪੜ੍ਹੀ ਤਾਂ ਬੱਸ ਕਾਇਆ ਕਲਪ ਹੋ ਗਈ।



ਇਹ ਪੁਸਤਕ ਉਹਨਾਂ ਨੇ ਲਗਾਤਾਰ ਛੇ ਵਾਰੀ ਪੜ੍ਹੀ ਤੇ ਬੱਸ ਇਕ ਵੱਖਰਾ ਹੀ ਯੁੱਗ ਪਲਟਾਊ ਮਨੁੱਖ ਬਣ ਉਭਰੇ। ਨੌਕਰੀ ਛੱਡ ਦਿੱਤੀ, ਘਰ ਬਾਰ ਤਿਆਗ ਦਿੱਤਾ, ਵਿਆਹ ਦੀਆਂ ਤਿਆਰੀਆਂ ਸਨ ਉਹ ਵੀ ਛੱਡ ਦਿੱਤਾ, ਸੁਖ ਆਰਾਮ ਤਿਆਗ ਦਿੱਤਾ ਅਤੇ ਸਦੀਆਂ ਤੋਂ ਲਿਤਾੜਿਆਂ ਲਈ ਕੰਮ ਕਰਨ ਖਾਤਰ ਬਾਬਾ ਸਾਹਿਬ ਵਾਲਾ, ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ ਤੇ ਪੈਰੀਆਰ ਵਾਲਾ ਰਾਹ ਫੜ ਲਿਆ। ਆਪਣੇ ਆਪ ਨਾਲ ਵਾਅਦਾ ਕੀਤਾ ਕਿ ਵਿਆਹ ਨਹੀਂ ਕਰਵਾਵਾਂਗਾ, ਜਾਇਦਾਦ ਨਹੀਂ ਬਣਾਵਾਂਗਾ, ਘਰ-ਬਾਰ ਨਹੀਂ ਬਣਾਵਾਂਗਾ। ਅੱਜ ਤੋਂ ਬਾਅਦ ਸਾਰਾ ਦੇਸ਼ ਮੇਰਾ ਘਰ ਹੈ, ਇਹ ਵਕਤ ਦੇ ਮਾਰੇ ਤੇ ਲਤਾੜੇ ਹੋਏ ਹੀ ਮੇਰਾ ਪਰਿਵਾਰ ਹੈ, ਜਿਨ੍ਹਾਂ ਲਈ ਮੈਂ ਜੀਣਾ ਹੈ ਤੇ ਮਰਨਾ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲੀ ਇਕ ਲੰਬੀ ਚਿੱਠੀ ਆਪਣੀ ਮਾਂ ਨੂੰ ਲਿਖ ਕੇ ਮਾਂ-ਬਾਪ, ਘਰ-ਬਾਰ ਤੋਂ ਆਖਰੀ ਅਲਵਿਦਾ ਲੈ ਲਈ ਅਤੇ ਮੈਦਾਨ ਵਿਚ ਨਿੱਤਰ ਪਏ।

ਉਹਨਾਂ ਦੀ ਸੋਚ, ਉਹਨਾਂ ਦੀ ਘਾਲਣਾ ਨੇ ਰੰਗ ਪਕੜਨਾ ਸ਼ੁਰੂ ਕੀਤਾ। ਬਾਬਾ ਸਾਹਿਬ ਆਪਣੇ ਅਖੀਰਲੇ ਵਰ੍ਹਿਆਂ ਵਿਚ ਆਪਣੇ ਸਮਾਜ ਦੇ ਪੜ੍ਹੇ-ਲਿਖੇ ਨੌਕਰੀਆਂ ਕਰ ਰਹੇ ਲੋਕਾਂ ਤੋਂ ਬਹੁਤ ਨਿਰਾਸ਼ ਹੋਏ ਸਨ। ਉਹਨਾਂ ਦਾ ਕਹਿਣਾ ਸੀ ਕਿ ''ਇਹਨਾਂ ਲੋਕਾਂ ਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਸੋਚਦਾ ਸੀ ਇਹ ਪੜ੍ਹ-ਲਿਖ ਕੇ ਸਮਾਜ ਲਈ, ਆਪਣੇ ਲੋਕਾਂ ਲਈ ਵੀ ਕੁਝ ਸੋਚਣਗੇ ਪਰ ਇਹ ਤਾਂ ਆਪਣੀ ਹੀ ਰੋਟੀ ਰੋਜ਼ੀ ਦੇ ਚੱਕਰਾਂ ਵਿਚ ਉਲਝ ਗਏ ਹਨ।' ਤੇ ਕਾਂਸ਼ੀ ਰਾਮ ਜੀ ਨੇ ਇਹਨਾਂ ਹੀ ਲੋਕਾਂ ਨੂੰ ਆਪਣੇ ਸੰਘਰਸ਼ ਦੀ ਪੌੜੀ ਦਾ ਪਹਿਲਾ ਡੰਡਾ ਬਣਾਇਆ। 6 ਦਸੰਬਰ 1978 ਨੂੰ ਪੜ੍ਹੇ-ਲਿਖੇ ਕਰਮਚਾਰੀਆਂ ਦੀ ਸਰਬ ਭਾਰਤੀ ਸੰਸਥਾ 'ਬਾਮਸੇਫ' ਬਣਾਈ। ਇਸ ਵਿਚ ਐਸ. ਸੀ., ਐਸ. ਟੀ., ਓ. ਬੀ. ਸੀ. ਤੇ ਧਾਰਮਿਕ ਘੱਟ ਗਿਣਤੀਆਂ ਦੇ ਨੌਕਰੀ ਪੇਸ਼ਾ ਲੋਕ ਸੰਗਠਿਤ ਕੀਤੇ। ਕਾਂਸ਼ੀ ਰਾਮ ਜੀ ਦਾ ਕਹਿਣਾ ਸੀ ਕਿ ਇਹਨਾਂ ਲੋਕਾਂ ਨੇ ਪੜ੍ਹਾਈ ਜਾਂ ਨੌਕਰੀ ਵਿਚ ਕਿਤੇ ਨਾ ਕਿਤੇ ਸਮਾਜ ਦੇ ਨਾਂ 'ਤੇ ਲਾਭ ਲਿਆ ਹੈ, ਜਿਸਦੇ ਇਵਜ਼ ਵਿਚ ਉਹਨਾਂ ਨੂੰ ਸਮਾਜ ਨੂੰ ਕੁਝ ਮੋੜਨਾ ਚਾਹੀਦਾ ਹੈ। ਉਹਨਾਂ ਨੇ ਇਸ ਸੰਸਥਾ ਨੂੰ ਇਕ ਅਲਾਦੀਨ ਦੇ ਚਿਰਾਗ ਦਾ ਨਾਂ ਦਿੱਤਾ ਸੀ ਤੇ ਕਿਹਾ ਸੀ ਕਿ ਮੈਨੂੰ ਸਮਾਜ ਦੇ ਨਾਂ ਤੇ ਪੈਸਾ, ਦਿਮਾਗ ਜਾਂ ਸਮਾਂ ਜਿੰਨਾ ਕੋਈ ਦੇ ਸਕਦਾ ਹੈ, ਦੇਵੇ। ਮੈਂ ਇਸ ਨਾਲ ਹੀ ਇਕ ਜ਼ਬਰਦਸਤ ਲਹਿਰ ਖੜ੍ਹੀ ਕਰ ਦੇਵਾਂਗਾ। ਤੇ ਉਹਨਾਂ ਨੇ ਕਰ ਦਿਖਾਈ। ਉਨ੍ਹਾਂ ਨੇ ਅਲਾਦੀਨ ਦੇ ਚਿਰਾਗ ਨੂੰ ਰਗੜਿਆ ਅਤੇ ਠੀਕ ਤਿੰਨ ਸਾਲਾਂ ਬਾਅਦ 6 ਦਸੰਬਰ 1981 ਨੂੰ ਇਕ ਸੰਘਰਸ਼ਮਈ ਜਥੇਬੰਦੀ ਡੀ. ਐਸ. ਫੋਰ (ਦਲਿਤ, ਸ਼ੋਸ਼ਿਤ, ਸਮਾਜ ਸੰਘਰਸ਼ ਸੰਮਤੀ) ਤਿਆਰ ਕੀਤੀ। ਕਿਉਂਕਿ ਬਾਮਸੇਫ ਨੌਕਰੀ ਪੇਸ਼ਾ ਲੋਕਾਂ ਦੀ ਜਥੇਬੰਦੀ ਸੀ, ਇਸ ਲਈ ਉਸਦੀ ਮਜਬੂਰੀ ਸੀ ਕਿ ਉਹ ਕੋਈ ਰਾਜਨੀਤਿਕ ਘੋਲ ਜਾਂ ਜੇਲ੍ਹ ਜਾਣ ਵਰਗਾ ਸੰਘਰਸ਼ ਨਹੀਂ ਸੀ ਕਰ ਸਕਦੀ। ਡੀ. ਐਸ. ਫੋਰ ਨੇ ਆਪਣੇ ਮੁਢਲੇ ਦਿਨਾਂ ਤੋਂ ਹੀ ਸੰਘਰਸ਼ ਛੇੜ ਦਿੱਤਾ। ਇਸਦੀ ਤਾਕਤ ਦਿਨਾਂ ਵਿਚ ਹੀ ਸਾਹਮਣੇ ਆ ਗਈ। ਡੀ. ਐਸ. ਫੋਰ ਦੇ ਮਾਧਿਅਮ ਤੋਂ ਹੀ ਰਾਜਨੀਤਿਕ ਖੇਤਰ ਵਿਚ ਛਾਲ ਮਾਰ ਦਿੱਤੀ। ਉਹਨਾਂ ਦਾ ਕਹਿਣਾ ਸੀ ਕਿ ਰਾਜਨੀਤਿਕ ਤਾਕਤ ਹਾਸਲ ਕੀਤੇ ਬਿਨਾਂ ਅਸੀਂ ਕੁਝ ਪ੍ਰਾਪਤ ਨਹੀਂ ਕਰ ਸਕਦੇ।

ਜਿਸ ਸਮਾਜ ਨੂੰ ਸਿਆਸਤ ਦਾ ਊੜਾ ਐੜਾ ਨਹੀਂ ਸੀ ਪਤਾ ਕਾਂਸ਼ੀ ਰਾਮ ਜੀ ਨੇ ਉਸਨੂੰ ਬੱਚਿਆਂ ਵਾਂਗ ਸਮਝਾਇਆ ਕਿ ਕਿਵੇਂ ਟਿਕਟ ਬਣਾਉਣੀ ਹੈ, ਕਿਵੇਂ ਚੋਣ ਲੜਨੀ ਹੈ, ਕਿਵੇਂ ਪਾਰਟੀ ਰਜਿਸਟਰਡ ਹੁੰਦੀ ਹੈ, ਕਿਵੇਂ ਸੂਬਾ ਜਾਂ ਦੇਸ਼ ਪੱਧਰ ਦੀ ਮਾਨਤਾ ਪ੍ਰਾਪਤ ਪਾਰਟੀ ਬਣ ਸਕਦੀ ਹੈ, ਕਿਵੇਂ ਦੂਜੀਆਂ ਪਾਰਟੀਆਂ ਨਾਲ ਮੁੱਠਭੇੜ ਕਰਨੀ ਹੈ, ਕਿਵੇਂ ਸਮਝੌਤੇ ਕਰਨੇ ਹਨ ਆਦਿ। ਇਹ ਨੁਕਤੇ ਕਾਂਸ਼ੀ ਰਾਮ ਜੀ ਨੇ ਕਲਾਸਾਂ ਲਾ ਲਾ ਕੇ ਸਮਾਜ ਨੂੰ ਸਮਝਾਏ। ਪਹਿਲੀ ਚੋਣ 1992 ਵਿਚ ਹਰਿਆਣਾ ਤੋਂ ਸ਼ੁਰੂ ਕੀਤੀ ਗਈ। ਇਸ ਵਿਚ ਸੀਟ ਭਾਵੇਂ ਕੋਈ ਨਹੀਂ ਜਿੱਤੀ ਜਾ ਸਕੀ ਪਰ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਦੇ ਇਹ ਸੁਨਹਿਰੀ ਅੱਖਰ ''ਆਪਣੀਆਂ ਦੀਵਾਰਾਂ 'ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ'' ਲੋਕਾਂ ਦੇ ਦਿਲਾਂ ਵਿਚ ਉਤਾਰ ਦਿੱਤੇ।

ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਨੂੰ ਤਿਮਾਹੀ, ਛਿਮਾਹੀ ਕੱਚੇ ਇਮਤਿਹਾਨ ਲੈ-ਲੈ ਕੇ ਸਲਾਨਾ ਇਮਤਿਹਾਨ ਲਈ ਇਸ ਕਦਰ ਤਿਆਰ ਕਰ ਦਿੱਤਾ ਕਿ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ ਉੱਤੇ 1984 ਨੂੰ ਇਕ ਪੂਰੀ ਸੂਰੀ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' (ਬੀ. ਐਸ. ਪੀ.) ਦੇਸ਼ ਦੇ ਰਾਜਨੀਤਿਕ ਖੇਤਰ ਵਿਚ ਦਾਗ ਦਿੱਤੀ। ਇਹ ਕਾਂਸ਼ੀ ਰਾਮ ਜੀ ਦਾ ਹੀ ਕ੍ਰਿਸ਼ਮਾ ਸੀ ਕਿ ਜਿਹਨਾਂ ਪੜ੍ਹੇ-ਲਿਖੇ ਲੋਕਾਂ ਨੇ ਬਾਬਾ ਸਾਹਿਬ ਨੂੰ ਰੋਣ ਲਾ ਦਿੱਤਾ ਸੀ।

ਕਾਂਸ਼ੀ ਰਾਮ ਜੀ ਨੇ ਉਹਨਾਂ ਲੋਕਾਂ ਨੂੰ ਹੀ ਸੰਗਠਿਤ ਕਰਕੇ ਉਹਨਾਂ ਤੋਂ ਸੰਘਰਸ਼ ਕਰਵਾ ਕੇ ਦੇਸ਼ ਦਾ ਰਾਜਨੀਤਿਕ ਪਿੜ ਮੱਲ ਲਿਆ। ਇਸਦੀ ਰਾਜਨੀਤਿਕ ਸ਼ਿਖਰ ਇਹ ਸੀ ਕਿ ਕਾਂਸ਼ੀ ਰਾਮ ਜੀ ਨੇ ਦੇਸ਼ ਦਾ ਸਭ ਤੋਂ ਵੱਡਾ ਸੂਬਾ ਖੋਹ ਲਿਆ ਅਤੇ ਇਕ ਦਲਿਤ ਔਰਤ ਕੁਮਾਰੀ ਮਾਇਆਵਤੀ ਨੂੰ ਉਸ ਸੂਬੇ ਦੀ ਚਾਰ ਵਾਰ ਮੁੱਖ ਮੰਤਰੀ ਬਣਾਇਆ। ਇਹ ਕਾਂਸ਼ੀ ਰਾਮ ਜੀ ਦੀ ਹੀ ਚਿਣਗ ਲਾਈ ਹੋਈ ਹੈ ਕਿ ਬਹੁਜਨ ਸਮਾਜ ਹੁਣ ਦੇਸ਼ ਦੀ ਸਭ ਤੋਂ ਵੱਡੀ ਕੁਰਸੀ ਤੇ ਅੱਖ ਰੱਖਣ ਕਾਬਲ ਵੀ ਹੋ ਗਿਆ ਹੈ ਤੇ ਅੱਖ ਰੱਖੀ ਬੈਠਾ ਵੀ ਹੈ।

ਕਾਂਸ਼ੀ ਰਾਮ ਜੀ ਨੇ ਲੱਗਭੱਗ ਅੱਧੀ ਸਦੀ ਬਹੁਜਨ ਸਮਾਜ ਦੇ ਉਥਾਨ ਹਿੱਤ ਲਾਈ। ਔਖੇ ਤੋਂ ਔਖੇ ਹਾਲਾਤ ਵਿਚ ਭੁੱਖਿਆਂ ਰਹਿ ਕੇ ਵੀ ਉਹਨਾਂ ਨੇ ਦਿਨ ਰਾਤ ਸੰਘਰਸ਼ ਕੀਤਾ। ਇਸ ਦਰਮਿਆਨ ਉਹਨਾਂ ਨੇ ਲੱਖਾਂ ਹੀ ਲੋਕਾਂ ਨਾਲ ਨੇੜਤਾ ਬਣਾਈ, ਕਰੋੜਾਂ ਲੋਕਾਂ ਨੂੰ ਰਹਿਨੁਮਾਈ ਦਿੱਤੀ ਅਤੇ ਅਖੀਰ ਉਹ ਇਕ ਤਾਕਤਵਰ ਇਤਿਹਾਸਕ ਨਾਇਕ ਦੇ ਤੌਰ 'ਤੇ ਭਾਰਤ ਦੇ ਨਕਸ਼ੇ 'ਤੇ ਉਭਰ ਕੇ ਸਾਹਮਣੇ ਆਏ। ਉਹਨਾਂ ਦੇ ਸੁਫਨੇ ਭਾਵੇਂ ਬਹੁਤ ਵੱਡੇ ਸਨ ਪਰ ਉਹਨਾਂ ਨੇ ਸੁਫਨਿਆਂ ਨੂੰ ਪੂਰਾ ਕਰਨ ਦੀ ਸਮਰੱਥਾ ਹਾਸਲ ਕਰ ਲਈ ਸੀ। ਬਾਬਾ ਸਾਹਿਬ ਨੇ ਕਿਹਾ ਸੀ ਕਿ ''ਮੈਂ ਇਸ ਕਾਰਵਾਂ ਨੂੰ ਬਹੁਤ ਮੁਸ਼ਕਿਲਾਂ ਝੱਲ ਕੇ ਇੱਥੇ ਤੱਕ ਲਿਆਇਆ ਹਾਂ।

ਮੇਰੇ ਪੈਰੋਕਾਰ ਜੇ ਇਸਨੂੰ ਅੱਗੇ ਨਾ ਲਿਜਾ ਸਕੇ ਤਾਂ ਕਿਰਪਾ ਕਰਕੇ ਇਸਨੂੰ ਪਿਛਾਂਹ ਵੀ ਨਾ ਜਾਣ ਦੇਣ।'' ਤੇ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਦੇ ਕਾਰਵਾਂ ਨੂੰ ਅੱਗੇ ਤੋਂ ਅੱਗੇ ਹੀ ਤੋਰਿਆ ਅਤੇ ਨਵੀਆਂ ਤੋਂ ਨਵੀਆਂ ਪੈੜਾਂ ਪਾਈਆਂ ਜੋ ਹਮੇਸ਼ਾ ਅੱਗੇ ਵਧਣ ਦਾ ਸੁਨੇਹਾ ਦਿੰਦੀਆਂ ਰਹਿਣਗੀਆਂ। ਸਮੇਂ ਤੇ ਸਿਹਤ ਨੇ ਕਾਂਸ਼ੀ ਰਾਮ ਜੀ ਨਾਲ ਵਫ਼ਾ ਨਹੀਂ ਕੀਤੀ। ਇਹ ਸੰਘਰਸ਼ ਦਾ ਪ੍ਰਤੀਕ, ਬਾਬਾ ਸਾਹਿਬ ਦੇ ਕਾਰਵਾਂ ਦਾ ਗਾਡੀ ਤੇ ਬਹੁਜਨ ਸਮਾਜ ਦਾ ਮਸੀਹਾ 9 ਅਕਤੂਬਰ 2006 ਨੂੰ ਕਰੋੜਾਂ ਹੀ ਨਮ ਅੱਖਾਂ ਨੂੰ ਛੱਡ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਪਰ ਉਹਨਾਂ ਵੱਲੋਂ ਇਤਿਹਾਸ ਦੇ ਪੰਨਿਆਂ ਤੇ ਪਾਈਆਂ ਪੈੜਾਂ ਨੂੰ ਸਮਾਂ ਮਿਟਾ ਨਹੀਂ ਸਕੇਗਾ ਤੇ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਈਆਂ। ਉਹਨਾਂ ਦੀਆਂ ਯਾਦਾਂ ਨੂੰ ਕੋਈ ਭੁਲਾ ਨਹੀਂ ਸਕੇਗਾ, ਉਹ ਜੁਗਾਂ ਤੱਕ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦੀਆਂ ਇਕ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਰਹਿਣਗੀਆਂ।

ਸਾਲਾ ਉਹ ਕੁਝ ਵਰ੍ਹੇ ਹੋਰ ਜੀ ਸਕਦੇ!!

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਭਾਰਤ ਵਿੱਚ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ ਅਤੇ ਬਹੁਤੇ ਲੋਕ ਅਪਣੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਜਿਨ੍ਹਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋ ਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਇੱਕ ਕਾਂਗਰਸੀ



ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿਤਾ ਅਤੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿੱਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿੱਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਸਿਖਲਾਈ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨਕ ਦੇ ਤੋਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਆਪ ਨੇ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਦਲਿੱਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ

(ਬਾਕੀ ਅਗਲੇ ਸਫੇ 'ਤੇ)

# ਬਲੋਚਿਸਤਾਨ ਦੀ ਆਜਾਦੀ ਦੀਆਂ ਜੜ੍ਹਾਂ ਉਥੋਂ ਦੇ ਇਤਿਹਾਸ ਅਤੇ ਸੰਸਕ੍ਰਿਤੀ ਵਿੱਚ ਹਨ



ਅਮਰ ਗਰਗ ਕਲਮਦਾਨ
91-98143-41746

ਪਾਕਿਸਤਾਨ ਦੇ ਚਾਰ ਸੂਬਿਆਂ : ਪੰਜਾਬ, ਸਿੰਧ, ਸਰਹੱਦੀ ਸੂਬਾ ਅਤੇ ਬਲੋਚਿਸਤਾਨ ਵਿੱਚੋਂ ਬਲੋਚਿਸਤਾਨ ਸਭ ਤੋਂ ਵੱਡਾ ਹੈ। ਇਹ ਪਾਕਿਸਤਾਨ ਦੀ ਕੁੱਲ ਭੂਮੀ ਦਾ 40ਗ ਹੈ, ਜਦੋਂਕਿ ਇਸ ਦੀ ਜਨਸੰਖਿਆ ਪਾਕਿਸਤਾਨ ਦੀ ਜਨਸੰਖਿਆ ਦੀ ਮਾਤਰ 3.6% ਹੈ। 1947 ਤੋਂ ਪਹਿਲਾਂ ਬਲੋਚਿਸਤਾਨ ਖੁਦ ਚਾਰ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਇਨ੍ਹਾਂ 'ਚ ਕਲਾਤ, ਲਾਸਬੇਲਾ, ਖਾਰਨ ਅਤੇ ਮਕਰਾਨ ਸਨ। ਕਲਾਤ, ਲਾਸਬੇਲਾ ਅਤੇ ਖਾਰਨ ਉਪੱਰ ਕਲਾਤ ਦੇ ਖਾਨ ਰਾਜ ਕਰਦੇ ਸਨ।

17ਵੀਂ ਸਦੀ ਵਿੱਚ ਬਲੋਚਾਂ ਦੀ ਰਾਸ਼ਟਰੀ ਚੇਤਨਾ ਅਤੇ ਸੰਘਰਸ਼ ਕਲਾਤ ਦੇ ਖਾਨਾ ਦੇ ਇਰਦ-ਗਿਰਦ ਕੇਂਦਰਿਤ ਹੋ ਗਿਆ ਸੀ। 1666 'ਚ ਮੀਰ ਅਹਿਮਦ ਨੇ ਕਲਾਤ ਦੇ ਖਾਨ ਦੀ ਗੱਦੀ ਸਥਾਪਿਤ ਕੀਤੀ। 1758 'ਚ ਨਸੀਰ ਖਾਨ ਪਹਿਲਾਂ ਕਲਾਤ ਦੀ ਗੱਦੀ ਉਪੱਰ ਬੈਠਿਆ, ਇਸ ਕਾਲ ਨੂੰ ਬਲੋਚਿਸਤਾਨ ਦਾ ਸੁਨਿਹਰੀ ਕਾਲ ਮੰਨਿਆ ਜਾਂਦਾ ਹੈ। 1839 ਵਿੱਚ ਅੰਗ੍ਰੇਜੀ ਸੈਨਾ ਨੇ ਕਲਾਤ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਖਾਨ ਅਤੇ ਉਸਦੇ ਬਹੁਤ ਸਾਰੇ ਸੈਨਿਕ ਮਾਰੇ ਗਏ। ਅੰਗ੍ਰੇਜਾਂ ਨੇ ਬਲੋਚਿਸਤਾਨ ਦੀ ਤਾਕਤ ਨੂੰ ਘੱਟ ਕਰਨ ਲਈ ਉਸਨੂੰ ਚਾਰ ਭਾਗਾਂ ਵਿੱਚ ਵੰਡ ਦਿੱਤਾ।

1931 ਵਿੱਚ ਬਲੋਚ ਮੱਧ ਵਰਗੀ ਜਮਾਤ ਨੇ ਅੰਗ੍ਰੇਜਾਂ ਤੋਂ ਆਜ਼ਾਦੀ ਹਾਸਿਲ ਕਰਨ ਲਈ ਕੌਮੀ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਉਨ੍ਹਾਂ ਅੰਜੁਮਨ-ਏ-ਇਤਿਹਾਦ-ਏ ਬਲੋਚਿਸਤਾਨ ਲਹਿਰ ਚਲਾਈ। ਉਹ ਆਜ਼ਮ ਖਾਨ ਨੂੰ ਕਲਾਤ ਦੇ ਖਾਨ ਦੀ ਗੱਦੀ ਦਵਾਉਣ 'ਚ ਕਾਮਯਾਬ ਰਹੇ ਅਤੇ ਉਸਦੇ ਅਧੀਨ ਇੱਕ ਸੰਵਿਧਾਨਿਕ ਸਰਕਾਰ ਕਾਇਮ ਕੀਤੀ। ਉਸਤੋਂ ਬਾਅਦ ਉਸਦੇ ਉਤਰਾਧਿਕਾਰੀ ਮੀਰ ਅਹਮਦ ਯਾਰ ਖਾਨ ਨੇ ਅੰਜੁਮਨ ਅਤੇ ਅੰਗ੍ਰੇਜ ਦੋਹਾਂ ਨਾਲ ਰਿਸ਼ਤੇ ਕਾਇਮ ਕਰਨ ਦੀ ਨੀਤੀ ਅਪਣਾਈ। ਅੰਜੁਮਨ ਦਾ ਕਲਾਤ ਸਟੇਟ ਨੈਸ਼ਨਲ ਪਾਰਟੀ 'ਚ ਤਬਾਦਲਾ ਹੋ ਗਿਆ ਅਤੇ ਮੀਰ ਅਹਮਦ ਯਾਰ ਖਾਨ ਨੇ ਮੁਸਲਿਕ ਲੀਗ ਖੜੀ ਕਰ ਦਿੱਤੀ। ਮੁਹੰਮਦ ਅਲੀ ਜਿਨ੍ਹਾ ਨੂੰ ਕਲਾਤ ਸਟੇਟ ਦਾ ਲੀਗਲ ਅਡਵਾਈਜ਼ਰ ਨਿਯੁਕਤ ਕਰ ਲਿਆ।

**ਪਹਿਲਾ ਸੰਘਰਸ਼ :** 4 ਅਗਸਤ 1947 ਨੂੰ ਯਾਰਖਾਨ ਅਤੇ ਮੁਹੰਮਦ ਅਲੀ ਜਿਨ੍ਹਾ ਵਿਚਕਾਰ ਸਮਝੌਤਾ ਹੋਇਆ ਕਿ ਕਲਾਤ, 5 ਅਗਸਤ 1947 ਨੂੰ ਆਜਾਦ ਹੋ ਜਾਵੇਗਾ ਤੇ ਉਸਦਾ 1838 ਵਾਲਾ ਰੁਤਬਾ ਬਹਾਲ ਕਰ ਦਿੱਤਾ ਜਾਵੇਗਾ।

ਪਾਕਿਸਤਾਨ ਦੇ ਰਾਸ਼ਟਪਤਰੀ ਜਿਨ੍ਹਾ ਨੇ ਕਲਾਤ ਨੂੰ ਪਾਕਿਸਤਾਨ ਵਿੱਚ ਸ਼ਾਮਿਲ ਹੋਣ ਲਈ ਦਬਾ ਬਣਾਇਆ, ਪਰ ਕਲਾਤ ਦਾ ਖਾਨ ਅਹਮਦ ਯਾਰ ਖਾਨ ਨਹੀਂ ਝੁਕਿਆ। 27 ਮਾਰਚ 1948 ਨੂੰ ਪਾਕਿਸਤਾਨ ਨੇ ਕਲਾਤ 'ਤੇ ਹਮਲਾ ਕਰ ਦਿੱਤਾ। ਫ਼ੌਜ ਕਿਸੇ ਰਾਜੇ ਨੂੰ ਕੈਦੀ ਬਣਾ ਕੇ ਜੇਕਰ ਕੁਝ ਲਖਵਾ ਲੈਂਦੀ ਹੈ ਤਾਂ ਉਸਨੂੰ ਸਹੀ ਡਾਕੂਮੈਂਟ ਨਹੀਂ ਮੰਨਿਆ ਜਾ ਸਕਦਾ, ਇਹੋ ਗੱਲ ਕਲਾਤ ਨਾਲ ਵਾਪਰੀ। ਅਹਮਦ ਯਾਰ ਖਾਨ ਦੇ ਭਾਈ ਆਗਾ ਅਬਦੁਲ ਕਰੀਮ ਬਲੋਚ, ਅਤੇ ਮੁਹੰਮਦ ਰਹੀਮ ਹਥਿਆਰ ਸੁੱਟਣ ਤੋਂ ਮੁਨਕਰ ਹੋ ਗਏ ਅਤੇ 1950 ਤੱਕ ਪਾਕਿ ਫ਼ੌਜ ਦੇ ਖਿਲਾਫ਼ ਲੜਦੇ ਰਹੇ।

**ਦੂਜਾ ਸੰਘਰਸ਼: –** 1958-59 ਵਿੱਚ ਨਵਾਬ ਨੁਰੋਜ਼ ਖਾਨ ਨੇ ਪਾਕਿਸਤਾਨੀ ਫ਼ੌਜ ਦੇ ਖਿਲਾਫ਼ ਗੁਰੀਲਾ ਯੁੱਧ ਲੜਿਆ। ਪਾਕਿਸਤਾਨੀ ਫ਼ੌਜ ਨੇ ਨਵਾਬ ਨਰੋਜਖਾਨ ਅਤੇ ਉਸਦੇ ਸਬੰਧੀਆਂ ਨੂੰ ਧੋਖੇ ਨਾਲ ਫੜ ਲਿਆ। ਉਸਦੇ ਪੰਜ ਸਬੰਧੀਆਂ ਨੂੰ ਫਾਂਸੀ ਦੇ ਦਿੱਤੀ ਅਤੇ ਖੁਦ ਨਵਾਬ ਨੁਰੋਜ਼ ਖਾਨ ਜੇਲ ਵਿੱਚ ਮਰ ਗਏ।

**ਤੀਜਾ ਸੰਘਰਸ਼:–** 1960 ਵਿੱਚ ਬਲੋਚ ਆਜ਼ਾਦੀ ਲਹਿਰ ਨੂੰ ਬਲ ਮਿਲਿਆ, ਕਿਉਂਕਿ ਪਾਸਿਤਾਨ ਦੀ ਸਰਕਾਰ ਨੇ 1956 ਵਿੱਚ ਬਣੇ ਨਵੇਂ ਸੰਵਿਧਾਨ ਤਹਿਤ ਖੇਤਰੀ ਤਾਕਤਾਂ ਨੂੰ ਖ਼ਤਮ ਕਰਕੇ ਇਕਾਈ ਤਾਕਤ ਨੀਤੀ ਅਪਣਾ ਲਈ ਸੀ। ਪਾਕਿ: ਫ਼ੌਜ ਨੇ ਬਲੋਚਿਸਤਾਨ ਵਿੱਚ ਆਪਣੇ ਕਈ ਠਿਕਾਣੇ ਕਾਇਮ ਕਰ ਲਏ ਸਨ। ਸ਼ੇਰ ਮੁਹੰਮਦ ਬਿਜਰਾਨੀ ਮਾਰੀ ਅਤੇ ਉਸਦੇ ਸਾਥੀਆਂ ਨੇ 1963-1969 ਵਿਚਕਾਰ ਪਾਕਿਸਤਾਨੀ ਫ਼ੋਜ ਖ਼ਿਲਾਫ ਛਾਪਾ ਮਾਰ ਯੁੱਧ ਲੜਿਆ। ਇਹ ਛਾਪਾ ਮਾਰ ਯੁੱਧ ਸਾਰੇ ਬਲੋਚਿਸਤਾਨ ਵਿੱਚ ਫੈਲ ਗਿਆ। 1970 ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਯਾਹੀਆ ਖਾਨ ਨੇ ਇਕਾਈ ਤਾਕਤ ਪ੍ਰਣਾਲੀ ਨੀਤੀ ਨੂੰ ਤਿਆਗ ਦਿੱਤਾ। ਬਲੌਚ ਛਾਪਾਮਾਰ ਯੁੱਧ ਬੰਦੀ ਲਈ ਸਹਿਮਤ ਹੋ ਗਏ। ਬਲੋਚਿਸਤਾਨ ਨੂੰ ਪਾਕਿਸਤਾਨ ਦਾ ਚੌਥਾ ਸੂਬਾ ਮੰਨ ਲਿਆ ਗਿਆ, ਜਿਸ ਵਿੱਚ ਚਾਰੋਂ ਬਲੋਚ ਰਿਆਸਤਾਂ, ਹਾਈ ਕਮੀਸ਼ਨਰ ਰਾਜ ਅਤੇ ਗਵਾਦਰ ਦਾ 800 ਵਰਗ ਕਿ. ਮੀ. ਤੱਟ ਦਾ ਖੇਤਰ ਜੋ ਉਮਾਨ ਤੋਂ ਖਰੀਦਿਆ ਗਿਆ ਸੀ, ਸ਼ਾਮਲ ਸਨ।

**ਚੌਥਾ ਸੰਘਰਸ਼:–** 1973 ਵਿੱਚ ਪ੍ਰਧਾਨ ਮੰਤਰੀ ਭੁੱਟੋ ਨੇ ਬਲੋਚਿਸਤਾਨ ਅਤੇ ਉਤੱਰ ਪੱਛਮੀ ਸਰਹੱਦੀ ਰਾਜ ਦੀਆਂ ਖੇਤਰੀ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਅਤੇ ਮਾਰਸ਼ਲ ਲਾ ਲਗਾ ਦਿੱਤਾ। ਜਿਸ ਨਾਲ ਬਲੋਚਿਸਤਾਨ ਵਿੱਚ ਵਿਦਰੋਹ ਭੜਕ ਉਠਿਆ। ਖੈਰ ਬਖਸ਼ ਮਾਰੀ ਨੇ ਬਲੋਚਿਸਤਾਨ ਪੀਪਲਜ਼ ਲਿਬਰੇਸ਼ਨ ਫਰੰਟ (ਬੀ.ਪੀ.ਐਲ.ਐਫ) ਬਣਾਇਆ, ਜਿਸ ਕਾਰਨ ਬਹੁਤ ਸਾਰੇ ਮਾਰੀ ਅਤੇ ਮੈਂਗਲ ਕਬੀਲੇ ਦੇ




ਛਾਪਾਮਾਰ ਯੁੱਧ 'ਚ ਕੁੱਦ ਪਏ। 400 ਦੇ ਲਗਭਗ ਪਾਕਿਸਤਾਨੀ ਫ਼ੌਜੀ ਮਾਰੇ ਗਏ ਅਤੇ 8000 ਦੇ ਲਗਭਗ ਛਾਪਾਮਾਰ ਅਤੇ ਆਮ ਨਾਗਰਿਕ ਮਾਰੇ ਗਏ।

**ਪੰਜਵਾਂ ਸੰਘਰਸ਼:–** ਸਾਰੇ ਬਲੋਚਿਸਤਾਨ ਦੀ ਪੂਰਨ ਆਜਾਦੀ ਲਈ ਇਹ ਸੰਘਰਸ਼ 2004 ਤੋਂ ਸ਼ੁਰੂ ਹੋਕੇ ਅੱਜਤੱਕ ਚੱਲ ਰਿਹਾ ਹੈ। ਅਗਸਤ 2006 ਵਿੱਚ ਬਲੋਚ ਨੇਤਾ ਨਵਾਬ ਅਕਬਰ ਖਾਨ ਬੁਗਤੀ ਜੋ ਕਿ 79 ਸਾਲ ਦੇ ਸਨ ਪਾਕਿਸਤਾਨੀ ਫ਼ੌਜ ਨਾਲ ਲੜਦੇ ਹੋਏ ਮਾਰੇ ਗਏ। ਅਪ੍ਰੈਲ 2009 ਵਿੱਚ ਬਲੋਚ ਨੈਸ਼ਨਲ ਮੂਵਮੈਂਟ ਦੇ ਪ੍ਰਧਾਨ ਗੁਲਾਮ ਮੁਹੰਮਦ ਬਲੋਚ ਅਤੇ ਉਸਦੇ ਦੋ ਹੋਰ ਨੇਤਾ ਲਾਲਾ ਮੁਨੀਰ ਅਤੇ ਸ਼ੇਰ ਮੁਹੰਮਦ ਪਾਕਿਸਤਾਨੀ ਫ਼ੌਜ ਦੀ ਸ਼ਹਿ ਪ੍ਰਾਪਤ ਪਰਸ਼ੀਅਨ ਅੱਤਵਾਦੀਆਂ ਨੇ ਮਾਰ ਦਿੱਤੇ।

12 ਅਗਸਤ 2009 'ਚ ਕਲਾਤ ਦੇ ਖਾਨ ਮੀਰ ਸੁਲੇਮਾਨ ਦਾਉਦ ਨੂੰ ਬਲੋਚਿਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਆਜ਼ਾਦ ਬਲੋਚਿਸਤਾਨ ਕੌਂਸਿਲ ਬਣਾ ਲਈ। ਕੌਂਸਿਲ ਨੇ ਇਰਾਨ ਵਿੱਚ ਹਾਜ਼ਰ ਬਲੋਚ ਇਲਾਕੇ ਸਿਸਤਾਨ ਅਤੇ ਇਰਾਨੀ ਬਲੋਚਿਸਤਾਨ, ਪਾਕਿਸਤਾਨੀ ਬਲੋਚਿਸਤਾਨ ਉਪੱਰ ਆਪਣਾ ਅਧਿਕਾਰ ਦਿਖਾਇਆ ਸੀ। ਉਸਨੇ ਅਫ਼ਗਾਨੀਸਤਾਨ 'ਚ ਹਾਜ਼ਰ ਬਲੋਚ ਇਲਾਕੇ ਨੂੰ ਨਹੀਂ ਦਿਖਾਇਆ ਸੀ। ਕੌਂਸਿਲ ਨੇ ਦਾਵਾ ਕੀਤਾ ਉਸ ਨਾਲ ਬਲੋਚਿਸਤਾਨ ਦੀ ਆਜਾਦੀ ਲਈ ਲੜ ਰਹੇ ਸਾਰੇ ਦਲ ਅਤੇ ਨਵਾਬ ਜਾਦਾ ਬ੍ਰਹਮਦਾਗ ਬੁਗਤੀ ਦੀ ਸਹਿਮਤੀ ਸੀ।

ਮੌਜੂਦਾ ਬਲੋਚ ਸੰਘਰਸ਼ ਨੇ ਪਾਕਿਸਤਾਨੀ ਹਕੂਮਤ ਸਾਹਮਣੇ ਵੱਡੀ ਚੂਨੋਤੀ ਪੇਸ਼ ਕਰ ਦਿੱਤੀ ਹੈ। ਪਹਿਲਾਂ ਹੋਏ ਸੰਘਰਸ਼ਾਂ ਨਾਲੋਂ ਭਿੰਨ ਇਹ ਸੰਘਰਸ਼ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਲਗਭਗ ਸਾਰੇ ਬਲੋਚਿਸਤਾਨ ਵਿੱਚ ਫੈਲ ਗਿਆ ਹੈ। ਇਸ ਸੰਘਰਸ਼ 'ਚ ਔਰਤਾਂ ਅਤੇ ਮਰਦ ਇਕੱਠੇ ਭਾਗ ਲੈ ਰਹੇ ਹਨ। ਇਸ ਆਜਾਦੀ ਸੰਘਰਸ਼ ਵਿੱਚ ਖਾੜਕੂ ਸੰਗਠਨਾਂ ਨਾਲੋਂ ਆਮ ਬਲੋਚੀ ਜਨਤਾ ਅਤੇ ਉਥੋਂ ਦੀਆਂ ਲੋਕਤਾਂਤ੍ਰਿਕ ਪਾਰਟੀਆਂ ਅਤੇ ਸੰਗਠਨ ਮੋਹਰੀ ਹਨ। ਇਸ ਸੰਘਰਸ਼ ਨੇ ਅੰਤਰਾਸ਼ਟਰੀ ਬਰਾਦਰੀ ਦਾ ਧਿਆਨ ਵੀ ਖਿੱਖਿਆ ਹੈ। 2012 ਵਿੱਚ ਅਮਰੀਕਾ ਦੀ ਕਾਂਗਰਸ ਵਿੱਚ ਬਲੋਚੀਸਤਾਨ ਦੇ ਆਜਾਦੀ ਸੰਘਰਸ਼ ਬਾਰੇ ਸੁਣਵਾਈ ਹੋ ਚੁੱਕੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ 15 ਅਗਸਤ 2016 ਨੂੰ ਭਾਰਤ ਦੇ ਮੁੱਖ ਆਜਾਦੀ ਸਮਾਗਮ ਮੌਕੇ ਲਾਲ ਕਿਲੇ ਦੇ ਮੰਚ ਤੋਂ ਬਲੋਚਿਸਤਾਨ ਦੇ ਲੋਕਾਂ ਦੀ ਆਜਾਦੀ ਸੰਘਰਸ਼ ਦਾ ਖੁੱਲਾ ਸਮਰਥਣ ਕਰਨਾ ਐਨੀ ਵੱਡੀ ਘਟਨਾ ਹੈ ਕਿ ਇਸ ਘਟਨਾ ਨੂੰ ਆਜਾਦ ਬਲੋਚੀਸਤਾਨ ਦੀ ਸਰਕਾਰ ਨੂੰ ਮਾਨਤਾ ਦੇਣ ਦੇ ਬਰਾਬਰ ਸਮਝਿਆ ਜਾ ਸਕਦਾ ਹੈ। ਉਸ ਤੋਂ ਬਾਅਦ ਬੰਗਲਾ ਦੇਸ਼, ਅਫਗਾਨੀਸਤਾਨ ਦੇ ਸਾਬਕਾ ਰਾਸ਼ਟਰਪਤੀ ਸ਼੍ਰੀ ਹਾਮਿਦ ਕਰਜਈ ਅਤੇ ਰੂਸ ਵੱਲੋਂ ਬਲੋਚਿਸਤਾਨ ਦੇ ਆਜਾਦੀ ਸੰਘਰਸ਼ ਦਾ ਸਮਰਥਣ ਕੀਤਾ ਜਾ ਚੁੱਕਾ ਹੈ। ਬਲੋਚਿਸਤਾਨ ਵਿੱਚ ਆਜਾਦੀ ਸੰਘਰਸ਼ ਦੇ ਠੋਸ ਕਾਰਨ ਹਨ:- ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ, ਬਲੋਚਿਸਤਾਨ ਦੀ ਆਪਣੀ ਇੱਕ ਵੱਖਰੀ ਪਹਿਚਾਨ, ਸੰਸਕ੍ਰਿਤੀ ਅਤੇ ਭਾਸ਼ਾ ਹੈ। ਬਲੋਚਿਸਤਾਨ ਦੀ ਜਨਤਾ ਨੇ ਪਾਕਿਸਤਾਨ ਵੱਲੋਂ ਠੋਸੀ ਗਈ ਇਸਲਾਮਿਕ ਸੰਸਕ੍ਰਿਤੀ ਨੂੰ ਨਾਕਾਰ ਦਿੱਤਾ ਹੈ। ਉਨ੍ਹਾਂ ਨੇ ਧਰਮ ਤੇ ਸੰਸਕ੍ਰਿਤੀ ਨੂੰ ਰਲ ਗੱਡ ਨਹੀਂ ਕੀਤਾ ਹੈ। ਬਲੋਚੀ ਲੋਕ ਗੁਲਾਮੀ ਵਿੱਚ ਰਹਿਣਾ ਪਸੰਦ ਨਹੀਂ ਕਰਦੇ।

ਬਲੋਚਿਸਤਾਨ ਅਤੇ ਪਾਕਿਸਤਾਨ ਵਿੱਚ ਬਹੁਤ ਵੱਡੀ ਆਰਥਿਕ ਅਸਮਾਨਤਾ ਪਾਈ ਜਾਂਦੀ ਹੈ। ਬਲੋਚਿਸਤਾਨ ਦਾ ਪਾਕਿਸਤਾਨ ਦੀ ਜੀ.ਡੀ.ਪੀ 'ਚ ਕੇਵਲ 3.7ਗ ਹਿੱਸਾ ਹੈ। ਬਲੋਚਿਸਤਾਨ 'ਚ ਸ਼ਿਸ਼ੂ ਅਤੇ ਜੱਚਾ ਮੌਤਦਰ ਪਾਕਿਸਤਾਨ 'ਚ ਸਭ ਤੋਂ ਜਿਆਦਾ ਹੈ। ਉਥੇ ਗਰੀਬੀ ਦਰ ਵੀ ਸਭ ਤੋਂ ਉਚੀ ਹੈ ਅਤੇ ਸਾਖਰਤਾ ਦਰ ਸਭ ਤੋਂ ਨੀਵੀਂ ਹੈ।

ਬਲੋਚਿਸਤਾਨ ਦੀ ਧਰਤੀ 'ਚ ਕੁਦਰਤੀ ਬਹੁਮੁਲੀਆਂ ਧਾਤਾਂ, ਯੂਰੇਨੀਅਮ, ਸੋਨਾ, ਤਾਂਬਾ; ਪੈਟ੍ਰੋਲੀਅਮ, ਕੋਲਾ ਅਤੇ ਗੈਸ ਦੇ ਵਿਸ਼ਾਲ ਭੰਡਾਰ ਹਨ। ਪਾਕਿਸਤਾਨ ਵੱਡੇ ਪੱਧਰ ਉਪੱਰ ਬਲੋਚਿਸਤਾਨ ਦੇ ਕੁਦਰਤੀ ਖਜਾਨਿਆਂ ਨੂੰ ਲੁੱਟ ਰਿਹਾ ਹੈ। ਪਾਕਿਸਤਾਨ ਨੇ ਇਨ੍ਹਾਂ ਕੁਦਰਤੀ ਖਜਾਨਿਆਂ ਦੇ ਨਿਸ਼ਕਰਸ਼ਨ ਲਈ ਚੀਨ ਦੀਆਂ ਕੰਪਨੀਆਂ ਨੂੰ ਠੇਕੇ ਦੇ ਦਿੱਤੇ ਹਨ। ਬਲੋਚਿਸਤਾਨ ਨੂੰ ਬਹੁਤ ਹੀ ਘੱਟ ਰਾਇਲਟੀ ਮਿਲਦੀ ਹੈ, ਜੋ ਰਾਇਲਟੀ ਮਿਲਦੀ ਵੀ ਹੈ, ਉਹ ਉਥੋਂ ਦੇ ਗਿਣੇ-ਚੁਣੇ ਸਰਦਾਰਾਂ ਕੋਲ ਚਲੀ ਜਾਂਦੀ ਹੈ। ਬਲੋਚਿਸਤਾਨ ਦੇ ਆਮ ਨਾਗਰਿਕ ਗ਼ਰੀਬੀ ਅਤੇ ਗੁਰਬਤ ਦੀ ਜਿੰਦਗੀ ਜਿਉਣ ਲਈ ਮਜ਼ਬੂਰ ਹਨ।

ਪਾਕਿਸਤਾਨ ਨੇ ਗਵਾਦਰ ਸਮੁੰਦਰੀ ਬੰਦਰਗਾਹ ਚੀਨ ਨੂੰ ਸੌਂਪ ਦਿੱਤਾ ਹੈ। ਉਥੇ ਚੀਨ ਇੱਕ ਵਿਸ਼ਾਲ ਸਮੁੰਦਰੀ ਬੰਦਰਗਾਹ ਵਿਕਸਤ ਕਰ ਰਿਹਾ ਹੈ। ਸਮੁੰਦਰੀ ਬੰਦਰਗਾਹ ਤੱਕ ਜਾਣ ਲਈ ਚੀਨ ਆਪਣੇ ਦੇਸ਼ ਦੀ ਧਰਤੀ ਤੋਂ ਲੈ ਕੇ ਗਵਾਦਰ ਅੱਡੇ ਤੱਕ ਲੰਬੀਆਂ ਚੌੜੀਆਂ ਸੜ੍ਹਕਾਂ ਬਣਾ ਰਿਹਾ ਹੈ। ਇਹ ਸੜਕਾਂ ਸਾਰੇ ਬਲੋਚਿਸਤਾਨ ਨੂੰ ਚੀਰ ਕੇ ਗਵਾਦਰ ਤੱਕ ਜਾਣਗੀਆਂ। ਇਸ ਨਾਲ ਬਲੋਚਿਸਤਾਨ ਦੇ ਲੋਕ ਬਿਲਕੁਲ ਲੁੱਟੇ ਹੋਏ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸੜਕਾਂ ਦੇ ਰਾਸਤੇ ਬਲੋਚਿਸਤਾਨ ਦੀਆਂ ਬਹੁਮੁੱਲੀਆਂ ਧਾਤਾਂ ਚੀਨ ਵੱਲ ਜਾਣਗੀਆਂ।

1998 'ਚ ਪਾਕਿਸਤਾਨ ਨੇ ਬਲੋਚਿਸਤਾਨ ਦੇ ਚਗਾਈ ਮਾਰੂਥਲ ਇਲਾਕੇ 'ਚ ਪ੍ਰਮਾਣੂ ਧਮਾਕਾ ਕੀਤਾ ਸੀ। ਬਲੋਚਿਸਤਾਨ ਦੇ ਲੋਕ ਇਸ ਨੂੰ ਆਪਣੀ ਧਰਤੀ ਉਪੱਰ ਪ੍ਰਮਾਣੂ ਹਮਲਾ ਕਰਾਰ ਦਿੰਦੇ ਹਨ। ਉਸ ਇਲਾਕੇ ਵਿੱਚ ਅੱਜ ਵੀ ਅਪੰਗ ਬੱਚੇ ਅਤੇ ਪਸ਼ੂ ਪੈਦਾ ਹੁੰਦੇ ਹਨ। ਇਹ ਇਲਾਕਾ ਕੈਂਸਰ ਨਾਲ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੈ।

ਬਲੋਚਿਸਤਾਨ ਦੇ ਆਪਣੇ ਤਿੰਨ ਲੱਖ ਲੋਕ ਸ਼ਰਨਾਰਥੀ ਬਣ ਚੁੱਕੇ ਹਨ ਅਤੇ ਦੂਸਰੇ ਰਾਜਾਂ ਤੋਂ ਧੜਾ-ਧੜ ਤਜਰਬੇਕਾਰ ਅਤੇ ਗੈਰ ਤਜਰਬੇਕਾਰ ਮਜ਼ਦੂਰ ਆ ਰਹੇ ਹਨ। ਇਸ ਨਾਲ ਬਲੋਚੀ ਸੰਸਕ੍ਰਿਤੀ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ ਹੈ। ਪਾਕਿਸਤਾਨ ਦੀ ਫ਼ੌਜ 'ਚ ਪੰਜਾਬੀਆਂ ਦਾ ਬੋਲਬਾਲਾ ਹੈ। ਫ਼ੌਜ 'ਚ ਬਲੋਚੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਨ੍ਹਾ ਨੂੰ ਆਦਰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ।

ਪਾਕਿ ਫ਼ੌਜ, ਬਲੋਚਿਸਤਾਨ 'ਚ ਵੱਡੇ ਪੱਧਰ ਤੇ ਜ਼ੁਲਮ ਕਰ ਰਹੀ ਹੈ। ਹਜਾਰਾਂ ਆਮ ਬਲੋਚੀਆਂ ਨੂੰ ਮਾਰ ਦਿੱਤਾ ਗਿਆ ਹੈ ਅਤੇ ਹਜਾਰਾਂ ਬਲੋਚੀ ਗਾਇਬ ਹਨ। ਫ਼ੌਜ ਵੱਲੋਂ ਬਲੋਚੀਆਂ ਦੇ ਘਰਾਂ ਨੂੰ ਅੱਗ ਲਗਾਉਣਾ ਆਮ ਗੱਲ ਹੈ।

ਪਾਕਿਸਤਾਨ ਦੀ ਆਪਣੀ ਕੋਈ ਸਾਂਝੀ ਸੰਸਕ੍ਰਿਤੀ ਨਹੀਂ ਹੈ। ਇਸ ਧਰਤੀ ਉਪੱਰ ਇਸਲਾਮ ਤਾਂ ਇੱਕ ਹਜਾਰ ਸਾਲ ਪਹਿਲਾਂ ਆਇਆ ਸੀ, ਜਦੋਂਕਿ ਕਿਸੇ ਇਲਾਕੇ ਦੀ ਸੰਸਕ੍ਰਿਤੀ ਕਈ ਹਜਾਰ ਸਾਲਾਂ ਵਿੱਚ ਲੋਕਾਂ ਦੇ ਕੁਦਰਤ ਪ੍ਰਤੀ ਵਿਸਵਾਸ਼, ਭੰਗੋਲਿਕ ਹਾਲਤਾਂ, ਰਹਿਣ ਸਹਿਣ, ਖਾਣ-ਪੀਣ, ਭਾਸ਼ਾ ਅਤੇ ਕਲਾ ਦੇ ਸੁਮੇਲ ਨਾਲ ਹੋਂਦ ਵਿੱਚ ਆਈ ਹੁੰਦੀ ਹੈ। ਇਸਲਾਮ ਇੱਕ ਧਰਮ ਹੈ, ਸੰਸਕ੍ਰਿਤੀ ਨਹੀਂ। ਇਸ ਲਈ ਸਾਂਝੀ ਸੰਸਕ੍ਰਿਤੀ ਤੋਂ ਬਿਨ੍ਹਾਂ ਪਾਕਿਸਤਾਨ ਦੀਆਂ ਚਾਰ ਸੰਸਕ੍ਰਿਤਕ ਇਕੀਆਂ ਨੂੰ ਲੰਬੇ ਸਮੇਂ ਲਈ ਜੋੜਕੇ ਰੱਖਣਾ ਅਸੰਭਵ ਹੈ। 1971 ਵਿੱਚ ਬੰਗਲਾਦੇਸ਼ ਦੀ ਆਜਾਦੀ ਦਾ ਮੁੱਖ ਕਾਰਨ ਬੰਗਾਲੀ ਸੰਸਕ੍ਰਿਤੀ ਦੀ ਪਾਕਿਸਤਾਨ ਨਾਲ ਕੋਈ ਸਾਂਝ ਨਾ ਹੋਣਾ ਹੀ ਸੀ।

ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਰਾਨ ਦੇ ਬਲੋਚਿਸਤਾਨ 'ਚ ਚਾਹ ਬਹਾਰ ਸਮੁੰਦਰੀ ਬੰਦਰਗਾਹ ਨੂੰ ਵਿਕਸਤ ਕਰਨ ਲਈ ਉਦਘਾਟਨ ਕੀਤਾ ਸੀ। ਇਹ ਘਟਨਾ ਇਰਾਨ ਨੂੰ ਇੱਕ ਸੰਕੇਤ ਸੀ ਕਿ ਭਾਰਤ ਇਰਾਨੀ ਬਲੋਚਿਸਤਾਨ ਅਤੇ ਸਿਸਤਾਨ ਸੂਬਿਆਂ ਨੂੰ ਇਰਾਨ ਦੇ ਹੀ ਅਟੁੱਟ ਅੰਗ ਸਮਝਦਾ ਹੈ। ਬਲੋਚਿਸਤਾਨ ਦੀ ਆਜਾਦੀ ਨਾਲ ਇਰਾਨ ਅਤੇ ਅਫ਼ਗਾਨੀਸਤਾਨ ਦਾ ਕੋਈ ਨੁਕਸਾਨ ਨਹੀਂ ਹੋਣਾ ਹੈ।

ਬਲੋਚਿਸਤਾਨ ਵਿੱਚ ਹਿੰਗਲਾਜ਼ ਮਾਤਾ ਦਾ ਪ੍ਰਾਚੀਨ ਮੰਦਰ ਹੈ। ਬਲੋਚਿਸਤਾਨ ਵਿੱਚ ਹਿੰਦੂਆਂ ਅਤੇ ਕਸ਼ਤਰੀਆਂ ਵੱਲੋਂ ਹਿੰਗਲਾਜ਼ ਮਾਤਾ ਨੂੰ ਕੁਲਦੇਵੀ ਮੰਨਿਆ ਜਾਂਦਾ ਹੈ। ਹਿੰਗਲਾਜ 51 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਕਿਹਾ ਜਾਂਦਾ ਹੈ ਇੱਥੇ ਮਾਤਾ ਸਤੀ ਦੇ ਸਿਰ ਦਾ ਸੰਸਕਾਰ ਕੀਤਾ ਗਿਆ ਸੀ। ਵੈਦਿਕ ਗ੍ਰੰਥ ਵਿੱਚ ਹਿੰਗਲਾਜ ਮਾਤਾ ਦਾ ਜ਼ਿਕਰ ਮਿਲਦਾ ਹੈ।

ਓਮ ਹਿਗੁੰਲਾਈ ਪਰਮ ਹਿੰਗੁਲਾਈ ਅੰਮ੍ਰਿਤ ਰੁਪਾਨੀ ਤਨੁ ਸ਼ਕਤੀ, ਨਮਾਹਾ ਸ਼ਿਵੇ ਸ਼੍ਰੀ ਹਿੰਗੁਲਾਈ ਨਮਹਾ ਸਵਾਹਾ। ਬਲੋਚਿਸਤਾਨ ਹਿੰਗਲਾਜ ਮਾਤਾ ਨੂੰ ਸਮਰਪਿਤ ਸਭ ਤੋਂ ਵੱਡੀ ਨਦੀ ਹਿੰਗੋਲ ਹੈ ਅਤੇ ਹਿੰਗੋਲ ਨੈਸ਼ਨਲ ਪਾਰਕ ਜਿਹੜਾ 6200 ਵਰਗ ਕਿ. ਮੀ. ਇਲਾਕੇ 'ਚ ਫੈਲਿਆ ਹੋਇਆ ਹੈ, ਸਥਿਤ ਹੈ।

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ

ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ ਅਤੇ । 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀ-ਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੂਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧ-ਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਮੈਮੋ-ਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕ-ਾਰੀ ਅਨੁਸਾਰ ਇਸਦਾ ਨੀਂਹ ਪੱਥਰ ਉਤੱਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਪਾਰ-ਟੀਆਂ ਦੇ ਹੋਰ ਆਗੂ ਇਸ ਟਰੱਸਟ ਵਿੱਚ ਜਾਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਅੱਜ ਵੀ ਇਸ ਟਰੱਸਟ ਵਲੋਂ ਬਾਬੂ ਜੀ ਦੇ ਜਨਮ ਦਿਵਸ ਸਬੰਧੀ ਵਿਸੇਸ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੁਲਕ ਸਦਾ ਸਰਵੋਤਮ ਹੋਵੇ

ਅੰਗ-ਸੰਗ



ਸ਼ਾਮ ਸਿੰਘ
98141-13338

**ਚੰਗਾ ਹੈ ਜੇ ਦੇਸ਼ ਦੇ ਸਾਰੇ ਨਾਗਰਿਕ ਦੇਸ਼ ਨੂੰ ਪਿਆਰ ਕਰਨ ਅਤੇ ਇਸ ਦੀ ਉਨਤੀ ਲਈ ਆਪੋ-ਆਪਣਾ ਯੋਗਦਾਨ ਪਾਉਣ। ਜਿੰਨਾ ਚਿਰ ਹਕੂਮਤ ਕਰਨ ਲਈ ਜਿਹੜੀ ਵੀ ਪਾਰਟੀ ਨੂੰ ਮੌਕਾ ਮਿਲਦਾ ਹੈ, ਉਹ ਮੁਲਕ ਨੂੰ ਸਰਵੋਤਮ ਮੰਨ ਕੇ ਦੇਸ਼ ਵਾਸੀਆਂ ਦੀ ਸੇਵਾ ਕਰੇ ਅਤੇ ਮੁਲਕ ਨੂੰ ਖ਼ੁਸ਼ਹਾਲੀ ਵੱਲ ਲਿਜਾਣ ਵਾਸਤੇ ਸਿਰਤੋੜ ਉਪਰਾਲੇ ਕਰੇ ਤਾਂ ਜੋ ਦੇਸ਼ ਦੂਜੇ ਮੁਲਕਾਂ ਤੋਂ ਅੱਗੇ ਨਿਕਲ ਸਕੇ। ਝੂਠ ਨਾ ਕੋਈ ਬੋਲੇ ਅਤੇ ਨਾ ਬੋਲਣ ਦਿੱਤਾ ਜਾਵੇ। ਆਪਣੇ ਮੁਲਕ ਵਿਰੁੱਧ ਸਾਜ਼ਿਸ਼ਾਂ ਨਾ ਰਚੀਆਂ ਜਾਣ ਅਤੇ ਜੇ ਕੋਈ ਰਚੇ ਤਾਂ ਉਸ ਨੂੰ ਮਾਫ਼ ਨਾ ਕੀਤਾ ਜਾਵੇ। ਲੋਕਾਂ ਨਾਲ ਧੋਖਾ ਕਰਨ ਵਾਲੀ ਸਿਆਸੀ ਪਾਰਟੀ ਨੂੰ ਵੀ ਚੋਣਾਂ ਸਮੇਂ ਉਹ ਸਜ਼ਾ ਦਿੱਤੀ ਜਾਵੇ ਕਿ ਉਹ ਮੁੜ ਕਦੇ ਜਿੱਤ ਹੀ ਨਾ ਸਕੇ। ਫ਼ੌਜ ਅਤੇ ਹੋਰ ਸੁਰੱਖਿਆ ਸੈਨਾਵਾਂ ਦੇ ਨਾਂਅ 'ਤੇ ਝੂਠ ਬੋਲਣ ਵਾਲੇ ਵੀ ਦੇਸ਼ ਦੇ ਹਿੱਤ ਵਿੱਚ ਨਹੀਂ ਹੁੰਦੇ, ਕਿਉਂਕਿ ਇਹ ਸੈਨਾਵਾਂ ਤਾਂ ਮੁਲਕ ਦੀ ਸਰਵੋਤਮਤਾ ਕਾਇਮ ਰੱਖਣ ਲਈ ਨਾ ਤਾਂ ਮੁਸ਼ਕਲਾਂ, ਤਸੀਹਿਆਂ ਦੀ ਪਰਵਾਹ ਕਰਦੇ ਹਨ, ਨਾ ਜਾਨਾ ਵਾਰਨ ਦੀ।**

ਜਿਸ ਦੇਸ਼ ਦਾ ਕੋਈ ਜੰਮਪਲ ਹੋਵੇ, ਉਸ ਨੂੰ ਆਪਣੇ ਮੁਲਕ ਨਾਲੋਂ ਹੋਰ ਕੋਈ ਚੰਗਾ ਨਹੀਂ ਲੱਗਦਾ। ਇਸ ਲਈ ਕਿ ਉੱਥੇ ਵੱਸਦਿਆਂ ਉੱਥੋਂ ਦੀ ਆਬੋ-ਹਵਾ ਵਿੱਚ ਸਾਹ ਲਏ ਹੁੰਦੇ ਹਨ ਅਤੇ ਆਲਾ-ਦੁਆਲਾ ਕਦੇ ਪਿੱਛਾ ਨਹੀਂ ਛੱਡਦਾ। ਪੱਕਾ ਘਰ ਹੋਵੇ ਜਾਂ ਕੱਚਾ, ਮਹੱਲ ਹੋਵੇ ਜਾਂ ਝੁੱਗੀ ਆਪਣੇ ਘਰ ਨਾਲ ਦਾ ਸੁੱਖ ਕਿਤੇ ਹੋਰ ਨਹੀਂ ਲੱਭਦਾ। ਆਪਣੇ ਮੁਲਕ ਨਾਲ ਪਿਆਰ ਹੋਣਾ ਕੁਦਰਤੀ ਹੈ, ਜੋ ਮਰਦੇ ਦਮ ਤੱਕ ਖ਼ਤਮ ਨਹੀਂ ਹੁੰਦਾ। ਜਿੱਥੇ ਪਿਆਰ, ਉੱਥੇ ਉਸ ਦੇ ਨਿਭਾਅ ਲਈ ਕੋਈ ਵੀ ਕੁਰਬਾਨੀ ਦੇਣੀ ਮੁਸ਼ਕਲ ਨਹੀਂ ਹੁੰਦੀ।

ਆਪਣਾ ਮੁਲਕ ਸਭ ਤੋਂ ਉੱਪਰ ਹੁੰਦਾ ਹੈ, ਜਿਸ ਨੂੰ ਬਚਾਉਣ ਲਈ ਹਰ ਮੁਲਕ ਉਹ ਯਤਨ ਕਰਦੇ ਹਨ, ਜਿਹੜੇ ਉਸ ਨੂੰ ਹਮਲਾ ਕਰਨ ਵਾਲਿਆਂ ਤੋਂ ਬਚਾ ਕੇ ਰੱਖਣ। ਫੇਰ ਜੇ ਦੇਸ਼ ਦੇ ਅੰਦਰ ਵੀ ਦੇਸ਼ ਵਿਰੋਧੀ ਤਾਕਤਾਂ ਹੋਣ, ਉਨ੍ਹਾਂ ਨਾਲ ਨਿਪਟਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ, ਪਰ ਕਈ ਵਾਰ ਇਹ ਗਲਤੀ ਕੀਤੀ ਜਾਂਦੀ ਹੈ ਕਿ ਹਕੂਮਤ ਦਾ ਵਿਰੋਧ ਕਰਨ ਵਾਲਿਆਂ ਨੂੰ ਹੀ ਦੇਸ਼ ਦਾ ਵਿਰੋਧੀ ਮੰਨ ਲਿਆ ਜਾਂਦਾ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਨਾ ਕੀਤਾ ਜਾਵੇ।

ਮੁਲਕ ਤਾਂ ਹਰ ਬਸ਼ਿੰਦੇ ਲਈ ਹਰ ਸੂਰਤ ਵਿੱਚ ਸਰਵੋਤਮ ਹੀ ਮੰਨਿਆ ਜਾਵੇ। ਹਾਕਮਾਂ ਲਈ ਵੀ ਇਹ ਜ਼ਰੂਰੀ ਹੈ ਅਤੇ ਆਮ ਵਾਸੀਆਂ ਵਾਸਤੇ ਵੀ। ਲੋਕਤੰਤਰੀ ਸਰਕਾਰਾਂ ਤਾਂ ਮਿੱਥੇ ਸਮੇਂ ਲਈ ਹਕੂਮਤ ਕਰਨ ਵਾਸਤੇ ਬਣਦੀਆਂ ਹਨ, ਜਿਨ੍ਹਾਂ ਨੂੰ ਮੁਲਕ ਦਾ ਮਾਲਕ ਬਣਨ ਦਾ ਅਧਿਕਾਰ ਨਹੀਂ ਹੁੰਦਾ। ਉਨ੍ਹਾਂ ਨੇ ਪੰਜ ਸਾਲ ਲਈ ਆਪਣੀ ਕਾਰਗੁਜ਼ਾਰੀ ਦਿਖਾ ਕੇ ਤੁਰ ਜਾਣਾ ਹੁੰਦਾ ਹੈ, ਪਰ ਕਈ ਇੱਕ ਰਾਜਨੀਤਕ ਪਾਰਟੀਆਂ ਨੂੰ ਇਹ ਭੁਲੇਖਾ ਪੈਣ ਲੱਗ ਪਿਆ ਹੈ ਜਿਵੇਂ ਹੁਣ ਉਹ ਹੀ ਹਕੂਮਤ ਕਰਦੀਆਂ ਰਹਿਣਗੀਆਂ, ਪਰ ਇਹ ਭਰਮ ਬਹੁਤਾ ਚਿਰ ਨਹੀਂ ਰਹਿੰਦਾ।

ਚੰਗਾ ਹੈ ਜੇ ਦੇਸ਼ ਦੇ ਸਾਰੇ ਨਾਗਰਿਕ ਦੇਸ਼ ਨੂੰ ਪਿਆਰ ਕਰਨ ਅਤੇ ਇਸ ਦੀ ਉਨਤੀ ਲਈ ਆਪੋ-ਆਪਣਾ ਯੋਗਦਾਨ ਪਾਉਣ। ਜਿੰਨਾ ਚਿਰ ਹਕੂਮਤ ਕਰਨ ਲਈ ਜਿਹੜੀ ਵੀ ਪਾਰਟੀ ਨੂੰ ਮੌਕਾ ਮਿਲਦਾ ਹੈ, ਉਹ ਮੁਲਕ ਨੂੰ ਸਰਵੋਤਮ ਮੰਨ ਕੇ ਦੇਸ਼ ਵਾਸੀਆਂ ਦੀ ਸੇਵਾ ਕਰੇ ਅਤੇ ਮੁਲਕ ਨੂੰ ਖ਼ੁਸ਼ਹਾਲੀ ਵੱਲ ਲਿਜਾਣ ਵਾਸਤੇ ਸਿਰਤੋੜ ਉਪਰਾਲੇ ਕਰੇ ਤਾਂ ਜੋ ਦੇਸ਼ ਦੂਜੇ ਮੁਲਕਾਂ ਤੋਂ ਅੱਗੇ ਨਿਕਲ ਸਕੇ। ਝੂਠ ਨਾ ਕੋਈ ਬੋਲੇ ਅਤੇ ਨਾ ਬੋਲਣ ਦਿੱਤਾ ਜਾਵੇ।

ਆਪਣੇ ਮੁਲਕ ਵਿਰੁੱਧ ਸਾਜ਼ਿਸ਼ਾਂ ਨਾ ਰਚੀਆਂ ਜਾਣ ਅਤੇ ਜੇ ਕੋਈ ਰਚੇ ਤਾਂ ਉਸ ਨੂੰ ਮਾਫ਼ ਨਾ ਕੀਤਾ ਜਾਵੇ। ਲੋਕਾਂ ਨਾਲ ਧੋਖਾ ਕਰਨ ਵਾਲੀ ਸਿਆਸੀ ਪਾਰਟੀ ਨੂੰ ਵੀ ਚੋਣਾਂ ਸਮੇਂ ਉਹ ਸਜ਼ਾ ਦਿੱਤੀ ਜਾਵੇ ਕਿ ਉਹ ਮੁੜ ਕਦੇ ਜਿੱਤ ਹੀ ਨਾ ਸਕੇ। ਫ਼ੌਜ ਅਤੇ ਹੋਰ ਸੁਰੱਖਿਆ ਸੈਨਾਵਾਂ ਦੇ ਨਾਂਅ 'ਤੇ ਝੂਠ ਬੋਲਣ ਵਾਲੇ ਵੀ ਦੇਸ਼ ਦੇ ਹਿੱਤ ਵਿੱਚ ਨਹੀਂ ਹੁੰਦੇ, ਕਿਉਂਕਿ ਇਹ ਸੈਨਾਵਾਂ ਤਾਂ ਮੁਲਕ ਦੀ ਸਰਵੋਤਮਤਾ ਕਾਇਮ ਰੱਖਣ ਲਈ ਨਾ ਤਾਂ ਮੁਸ਼ਕਲਾਂ, ਤਸੀਹਿਆਂ ਦੀ ਪਰਵਾਹ ਕਰਦੇ ਹਨ, ਨਾ ਜਾਨਾ ਵਾਰਨ ਦੀ।

ਜਿਹੜੇ ਲੋਕ ਦੇਸ਼ ਦੀ ਸੁਰੱਖਿਆ ਬਾਰੇ ਵੀ ਝੂਠ ਬੋਲਦੇ ਹਨ, ਜੁਮਲੇ ਛੱਡਦੇ ਹਨ, ਉਨ੍ਹਾਂ ਨੂੰ ਦੇਸ਼ ਹਿਤੈਸ਼ੀ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਉਹ ਦੇਸ਼ਵਾਸੀਆਂ ਨੂੰ ਵੀ ਗੁੰਮਰਾਹ ਕਰ ਰਹੇ ਹੁੰਦੇ ਹਨ ਅਤੇ ਮੁਲਕ ਦੀ ਸਾਰੀ ਜਨਤਾ ਲਈ ਮੁਲਕ ਸਦਾ ਸਰਵੋਤਮ ਹੋਵੇ, ਜਿਸ ਦੀ ਬਿਹਤਰੀ ਲਈ ਸਾਰੇ ਕੰਮ ਕਰਦੇ ਰਹਿਣ।

### ਤੁਰਦੇ ਫਿਰਦੇ ਪਲ

ਪਲ ਕਦੇ ਰੁਕਣ ਦਾ ਨਾਂਅ ਨਹੀਂ ਲੈਂਦੇ। ਰੁਕ ਵੀ ਨਹੀਂ ਸਕਦੇ। ਪਲ-ਪਲ ਦੀ ਖ਼ਬਰ ਰੱਖਣ ਵਾਲੇ ਜਾਣਦੇ ਹਨ ਕਿ ਪਲ ਤੁਰਦੇ-ਫਿਰਦੇ ਰਹਿੰਦੇ ਹਨ ਕਦੇ ਕਿਤੇ, ਕਦੇ ਕਿਤੇ। ਕਿਹੜੇ ਪਲਾਂ ਵਿੱਚ ਕਿੱਥੇ ਅਤੇ ਕਦੋਂ ਕੀ ਹੋ ਜਾਣਾ ਹੈ, ਕਿਸੇ ਨੂੰ ਪਤਾ ਨਹੀਂ ਹੁੰਦਾ, ਪਰ ਥਾਂ-ਥਾਂ ਤੁਰਦੇ ਫਿਰਦੇ ਪਲਾਂ ਨਾਲ ਹਮਸਫ਼ਰ ਹੋਣਾ ਨਵਾਂ ਕੁਝ ਵੀ ਹੁੰਦਾ ਹੈ ਅਤੇ ਰੌਚਿਕਤਾ ਭਰਪੂਰ ਵੀ। ਕੁਝ ਇਸ ਤਰ੍ਹਾਂ ਦੇ ਪਲਾਂ ਦੇ ਅੰਗ ਸੰਗ ਹੋਈਏ ਤਾਂ ਵੱਖ-ਵੱਖ ਰੰਗਾਂ ਦਾ ਅਹਿਸਾਸ ਵੀ ਹੁੰਦਾ ਹੈ ਅਤੇ ਵਾਪਰ ਰਹੇ ਦੀ ਹਕੀਕਤ ਵੀ।

ਗੁਜ਼ਰਦੇ ਪਲ ਲੈ ਗਏ ਪੰਜਾਬ ਕਲਾ ਪ੍ਰੀਸ਼ਦ ਦੇ ਦੁਆਰ, ਜਿੱਥੇ ਸੁੱਖੀ ਬਰਾੜ ਦੇ ਪ੍ਰੋਗਰਾਮ ਡਾਇਰੈਕਟਰ ਬਣਨ ਦੀ ਖ਼ਬਰ ਉੱਡੀ ਫਿਰਦੀ ਸੀ, ਜਿਸ ਦਾ ਖੁਰਾ ਖੋਜ ਤਾਂ ਲੱਭਿਆ ਨਾ, ਪਰ ਤਸਵੀਰਾਂ ਖਿੱਚੀਆਂ ਗਈਆਂ ਅਤੇ ਦਫ਼ਤਰ ਖੋਲ੍ਹ ਲਿਆ। ਤਾਰੀਫ਼ਾਂ ਹੋਈਆਂ ਕਿ ਹੁਣ ਕੰਮ ਅੱਗੇ ਵਧੇਗਾ। ਅਜੇ ਖ਼ਬਰ ਦੀ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਖੰਭਾਂ ਦੀਆਂ ਡਾਰਾਂ ਬਣਨ ਲੱਗ ਪਈਆਂ। ਜਿਸ ਕਮਰੇ ਵਿੱਚ ਸਾਜ਼ਾਂ ਦਾ ਮਿਊਜ਼ੀਅਮ ਸੀ, ਉਹ ਦਫ਼ਤਰ ਬਣ ਗਿਆ।

ਮਿਊਜ਼ੀਅਮ ਤਾਂ ਪ੍ਰੋ. ਰਾਜਪਾਲ ਸਿੰਘ ਨੇ ਬੜੀ ਮਿਹਨਤ ਨਾਲ ਬਣਾਇਆ ਅਤੇ ਸਜਾਇਆ ਸੀ ਅਤੇ ਉਹ ਦੱਸਦਾ ਹੋਇਆ ਸਦਾ ਹੀ ਖੁਸ਼ ਹੁੰਦਾ ਰਿਹਾ ਕਿ ਕਿਵੇਂ-ਕਿਵੇਂ ਸਾਜ਼ ਇਕੱਠੇ ਕੀਤੇ ਗਏ। ਕਿਸੇ ਨੂੰ ਕੁਝ ਨਹੀਂ ਪਤਾ ਕਿ ਇਹ ਡਾਇਰੈਕਟਰ ਚੁੱਪ-ਚੁਪੀਤੇ ਕਿਵੇਂ ਅਤੇ ਕਿਉਂ ਲਾਏ ਜਾਂਦੇ ਹਨ। ਖ਼ਬਰ ਅਤੇ ਇਸ਼ਤਿਹਾਰ ਦੀ ਸਹਾਇਤਾ ਕਿਉਂ ਨਹੀਂ ਲਈ ਜਾਂਦੀ? ਹੁਣ ਕਲਾ ਪ੍ਰੀਸ਼ਦ ਦੇ ਪ੍ਰਬੰਧਕਾਂ ਤੱਕ ਦਫ਼ਤਰ ਬਣਾਏ ਜਾਣ ਦੀ ਗੱਲ ਪਹੁੰਚ ਚੁੱਕੀ ਹੈ, ਜਿਸ ਬਾਰੇ ਪੰਜਾਬ ਭਰ ਦੇ ਲੋਕ ਇਹ ਜਾਣਨ ਲਈ ਉਤਸੁਕ ਹੋਣਗੇ ਕਿ ਅੱਗੇ ਕੋਈ ਕਾਰਵਾਈ ਹੋਵੇਗੀ ਜਾਂ ਨਹੀਂ।

### ਆਲਮੀ ਪੰਜਾਬੀ ਕਾਨਫ਼ਰੰਸ

ਸੁਣ-ਸੁਣਾ ਕੇ ਪਲ ਉੱਧਰ ਤੁਰ ਪਏ, ਜਿੱਧਰ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੂਜੀ ਆਲਮੀ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਸੀ ਅਤੇ ਵੱਡੇ-ਵੱਡੇ ਨਾਵਾਂ ਵਾਲੇ ਭਾਸ਼ਣ ਕਰ ਰਹੇ ਸਨ। ਸਭਾ ਦੇ ਜਾਗੇ ਰਹਿਣ ਦੀ ਤਾਂ ਪ੍ਰਸੰਸਾ ਕਰਨੀ ਬਣਦੀ ਹੈ, ਪਰ ਸਥਾਪਤੀ ਪੱਖੀ ਪੰਜਾਬ ਕਲਾ ਪ੍ਰੀਸ਼ਦ ਅਤੇ ਪੰਜਾਬੀ ਅਕਾਦਮੀ ਦਿੱਲੀ ਨਾਲ ਮਿਲ ਕੇ ਇਹ ਕਾਨਫ਼ਰੰਸ ਕਰਵਾਉਣ ਦੀ ਗੱਲ ਤਾਂ ਸਮਝ ਤੋਂ ਬਾਹਰ ਹੀ ਰਹੇਗੀ। ਅਜਿਹਾ ਹੋਣ ਨਾਲ ਉਹ ਨਤੀਜੇ ਹਾਸਲ ਨਹੀਂ ਹੋ ਸਕਣਗੇ, ਜਿਹੜੇ ਕੇਂਦਰੀ ਪੰਜਾਬੀ ਲੇਖਕ ਸਭਾ ਚਿਰਾਂ ਤੋਂ ਕਰਨ ਦੇ ਉਪਰਾਲੇ ਕਰਦੀ ਆ ਰਹੀ ਹੈ।

ਇਸ ਸਭਾ ਦੇ ਅਹੁਦੇਦਾਰਾਂ ਨੇ ਸੋਚਿਆ ਹੀ ਹੋਵੇਗਾ ਕਿ ਸਥਾਪਤੀ ਪੱਖੀ ਅਦਾਰਿਆਂ ਨੂੰ ਨਾਲ ਰੱਖ ਕੇ ਉਨ੍ਹਾਂ ਤੋਂ ਬਚ ਕੇ ਕਿਵੇਂ ਲੰਘਣਾ ਹੋਵੇਗਾ। ਪੰਜਾਬੀ ਨੂੰ ਸਰਕਾਰੇ-ਦਰਬਾਰੇ ਮਾਨਤਾ ਦਿਵਾਉਣੀ ਅਦਾਲਤਾਂ ਵਿੱਚ ਲਾਗੂ ਕਰਾਉਣੀ ਅਜਿਹੇ ਮਸਲੇ ਹਨ, ਜੋ ਚਿਰਾਂ ਤੋਂ ਲਟਕਦੇ ਆ ਰਹੇ ਹਨ, ਪਰ ਅੱਜ ਤੱਕ ਪੂਰੇ ਨਹੀਂ ਹੋਏ। ਕੀ ਇਸ ਪ੍ਰਸੰਗ ਵਿੱਚ ਕੁਝ ਸਾਰਥਿਕ ਸਿੱਟੇ ਨਿਕਲਣਗੇ?

### ਕਿੰਨੇ ਹੀ ਲੇਖਕ ਵਿਛੜ ਗਏ

ਪਿਛਲੇ ਥੋੜ੍ਹੇ ਜਿਹੇ ਅਰਸੇ ਵਿੱਚ ਪੰਜਾਬੀ ਤੇ ਹਿੰਦੀ ਦੇ ਕਈ ਲੇਖਕ ਰੱਬ ਨੂੰ ਪਿਆਰੇ ਹੋ ਗਏ। ਕ੍ਰਿਸ਼ਨਾ ਸੋਬਤੀ, ਡਾ. ਨਾਮਵਰ ਸਿੰਘ, ਗੁਰਚਰਨ ਰਾਮਪੁਰੀ, ਨਵਰਤਨ ਕਪੂਰ, ਸਾਥੀ ਲੁ-ਧਿਆਣਵੀ, ਚਮਨ ਲਾਲ ਚਮਨ ਅਤੇ ਹੋਰ ਸੰਸਾਰਕ ਯਾਤਰਾ ਪੂਰੀ ਕਰ ਗਏ।

ਇਨ੍ਹਾਂ ਦੇ ਤੁਰ ਜਾਣ ਨਾਲ ਸਾਹਿਤ ਦੇ ਖੇਤਰ ਵਿੱਚ ਸੋਗ ਤਾਂ ਹੈ ਹੀ, ਨਾਲ ਦੀ ਨਾਲ ਵੱਡਾ ਘਾਟਾ ਵੀ ਪੈ ਗਿਆ। ਸੁਖਦੇਵ ਸਿੰਘ ਗਰੇਵਾਲ ਅਤੇ ਬੀ ਐੱਸ ਬੀਰ ਅਕਸਰ ਮਿਲਦੇ ਰਹੇ ਹਨ, ਪਰ ਉਹ ਵੀ ਸਦਾ ਲਈ ਮਿਲਣ ਤੋਂ ਜਾਂਦੇ ਰਹੇ। ਇਨ੍ਹਾਂ ਸਾਰਿਆਂ ਲਈ ਪਾਠਕਾਂ ਦੀਆਂ ਅੱਖਾਂ ਵਿੱਚ ਉਹ ਹੰਝੂ ਹਨ, ਜੋ ਉਨ੍ਹਾਂ ਨੂੰ ਸਦਾ ਹੀ ਯਾਦ ਕਰਦੇ ਰਹਿਣਗੇ।


### ਲਤੀਫ਼ੇ ਦਾ ਚਿਹਰਾ ਮੋਹਰਾ

? ਝੂਠ ਬੋਲਣ ਵਾਲੇ ਝੂਠ ਕਿਉਂ ਬੋਲਦੇ ਨੇ।
– ਗੋਲਬਲਜ਼ ਦੇ ਚੇਲੇ ਇਹ ਸਮਝਦੇ ਹਨ ਕਿ ਸੌ ਵਾਰ ਦੁਹਰਾਉਣ ਨਾਲ ਝੂਠ ਸੱਚ ਹੀ ਹੋ ਜਾਂਦੈ।

-0-

? ਨਫ਼ਰਤ ਬਹੁਤ ਛੇਤੀ ਕਿਉਂ ਫੈਲ ਜਾਂਦੀ ਹੈ।
– ਇਸ ਲਈ ਕਿ ਇਹ ਗੱਪ, ਝੂਠ, ਧੂੰਏਂ, ਭਾਸ਼ਣ ਅਤੇ ਹਵਾ ਨਾਲੋਂ ਵੀ ਤੇਜ਼ ਵਗਦੀ ਹੈ।

# ਮਹਾਨ ਗੀਤਕਾਰ ਸੀ ਪ੍ਰਗਟ ਸਿੰਘ..!



ਗੁਰਿੰਦਰਜੀਤ ਸਿੰਘ
'ਨੀਟਾ ਮਾਛੀਕੇ'

ਪ੍ਰਗਟ ਸਿੰਘ ਲਿੱਦੜਾਂ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਸੀ, ਉਸਦੇ ਗੀਤ ਹੀ ਉਸਦੀ ਪਹਿਚਾਣ ਹਨ। ਬਹੁਤ ਹੀ ਸਾਊ ਸੁਭਾਅ ਦਾ ਮਾਲਕ ਜੀਹਦੇ ਕੋਲ ਸਾਦਗੀ ਸੀ, ਸਹਿਜ ਸੀ, ਪਿੰਡ ਦੀ ਗੱਲਬਾਤ ਸੀ। ਉਸੇ ਪਿੰਡ ਦੀ ਗੱਲਬਾਤ ਨੂੰ ਆਪਣੇ ਗੀਤ ਵਿੱਚ ਬਿਆਨਦਾ ਸੀ। ਅਤੇ ਉਹਦੀ ਗੀਤਕਾਰੀ ਮੁਕੰਮਲ ਪੰਜਾਬ ਦਾ ਮੂੰਹ-ਮੁਹਾਂਦਰਾ ਬਿਆਨਦੀ ਸੀ, ਜਿਸ ਬੰਦੇ ਨੇ ਆਪਣੇ ਸ਼ਬਦਾ ਨਾਲ ਪੰਜਾਬੀ ਗੀਤਕਾਰੀ ਅੰਦਰ ਪੰਜਾਬ ਪੰਜਾਬੀਅਤ ਨੂੰ ਜਿਉਂਦਾ ਰੱਖਿਆ ਅਤੇ ਆਪਣੇ ਗੀਤ ਚਾਹੇ ਉਹ ਕਿਸੇ ਵੀ ਤਰਾਂ ਦੇ ਹੋਣ, ਉਸ 'ਚੋਂ ਮਿੱਟੀ ਦਾ ਮੋਹ ਗਵਾਚਣ ਨਾ ਦਿੱਤਾ, ਉਹ ਹੁਣ ਖੁਦ ਇਸ ਦੁਨੀਆ ਨੂੰ ਅਲਵਿਦਾ ਕਹਿਕੇ ਮਿੱਟੀ ਵਿੱਚ ਮਿੱਟੀ ਹੋ ਗਿਆ। ਪੰਜਾਬੀ ਗੀਤਕਾਰ ਪ੍ਰਗਟ ਸਿੰਘ ਲਿੱਦੜਾਂ ਦੇ ਤੁਰ ਜਾਣ ਨਾਲ ਪੰਜਾਬੀ ਗੀਤਕਾਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪ੍ਰਗਟ ਸਿੰਘ ਦੇ ਗੀਤਾਂ 'ਚ ਪੰਜਾਬ ਦੇ ਕਾਰ ਵਿਹਾਰ ਦੇ ਸੁਭਾਅ ਨੂੰ ਪੇਸ਼ ਕਰਨ ਦੀ ਸਮਝ ਸੀ। ਉਨ੍ਹਾਂ ਦੇ ਗੀਤਾਂ 'ਚ ਮਹਿਸੂਸ ਹੁੰਦਾ ਸੀ ਕਿ ਪੰਜਾਬ ਦੇ ਪਿੰਡ ਜਿਉਂਦੇ ਕਿਵੇਂ ਹੋਣਗੇ। ਇਸ ਗੀਤ ਦਾ ਨਮੂਨਾ ਪੜ੍ਹੋ-

ਜਿਸ ਵੇਲੇ ਕਣਕ ਨੂੰ ਪਹਿਲਾ ਪਾਣੀ ਲਾਉਂਦੇ ਜੱਟ, ਤੋਰੀਏ ਨੂੰ ਪੈਂਦੇ ਜਦੋਂ ਪੀਲੇ ਪੀਲੇ ਫੁੱਲ ਵੇ...

ਬਤੌਰ ਗੀਤਕਾਰ ਪ੍ਰਗਟ ਸਿੰਘ ਦੀ ਗੀਤਕਾਰੀ 'ਚ ਮੈਨੂੰ ਉਨ੍ਹਾਂ ਦੀ ਇਹ ਤਰਾਸ਼ ਬਹੁਤ ਸੋਹਣੀ ਲੱਗਦੀ ਹੈ। ਉਨ੍ਹਾਂ ਦੇ ਸਿਰਜੇ ਪ੍ਰੇਮ ਗੀਤ ਦੀ ਤਰਜ 'ਚ ਮੁਹੱਬਤ ਦੇ ਇਜ਼ਹਾਰ 'ਚ ਵੀ ਪੰਜਾਬ ਦਾ ਮੁਹਾਵਰਾ ਨਹੀਂ ਗਵਾਚਦਾ। ਉਨ੍ਹਾਂ ਦੇ ਅਣਗਿਣਤ ਗੀਤ ਹਨ ਜੋ ਹੈ ਤਾਂ ਪ੍ਰੇਮ ਗੀਤ ਪਰ ਉਨ੍ਹਾਂ 'ਚ ਪੰਜਾਬ ਦੇ ਸਮੇਂ, ਮੌਸਮ, ਮਾਹੌਲ, ਪੇਂਡੂ ਜ਼ਿੰਦਗੀ ਦਾ ਪ੍ਰਗਟਾਵਾ ਉਚੇਚਾ ਮਹਿਸੂਸ ਹੋਵੇਗਾ। ਉਨ੍ਹਾਂ ਦੇ ਗੀਤਾਂ 'ਚ ਵੈਰਾਗ ਹੈ। ਸਾਂਝਾ ਪੰਜਾਬ ਹੈ। ਪ੍ਰਗਟ ਦੇ ਗੀਤਾਂ 'ਚ ਪੰਜਾਬ ਦਾ ਉਹ ਲੋਕ ਮੁਹਾਵਰਾ ਵੀ ਮਹਿਸੂਸ ਹੁੰਦਾ ਹੈ, ਜਿਹੜਾ ਅਧਿਆਤਮਕ ਸਮਝ ਤੋਂ ਪੈਦਾ ਹੋਇਆ ਮਹਿਸੂਸ ਹੁੰਦਾ ਹੈ।

ਮਨ ਦਾ ਪੰਛੀ ਕੈਦ ਇੱਥੋਂ ਹੁਣ ਉਡਣਾ ਚਾਹਵੇ, ਇਸ ਨਿਰਮੋਹੀ ਨਗਰੀ ਦਾ ਮਾਏ ਹੁਣ ਮੋਹ ਨਾ ਆਵੇ...

ਪ੍ਰਗਟ ਬਦਲ ਰਹੇ ਦੌਰ ਦੇ ਨਵੇਂ ਜ਼ਮਾਨੇ ਦਾ ਪੰਜਾਬ 'ਤੇ ਪੈਂਦਾ ਅਸਰ ਵੀ ਵੇਖ ਰਿਹਾ ਹੈ ਅਤੇ ਖਿੰਡੇ ਪੰਜਾਬ ਦੇ ਨਿਸ਼ਾਨ ਵੀ ਮਹਿਸੂਸ ਕਰਦਾ ਹੈ। ਉਨ੍ਹਾਂ ਦੀ ਗੀਤਕਾਰੀ 'ਚ ਅਜਿਹਾ ਹੋਣਾ ਸ਼ਾਇਦ ਇਸ ਕਰਕੇ ਹੋਵੇ ਕਿਉਂਕਿ ਉਹ ਪੁਰਾਣੀ ਤੇ ਨਵੀਂ ਸਦੀ ਦੇ ਵਿਚਕਾਰ ਦੇ ਬੰਦੇ ਹਨ। ਅਜਿਹੀਆਂ ਕਈ ਉਦਾਹਰਨਾਂ ਹਨ, ਜਿਨ੍ਹਾਂ 'ਚ ਉਨ੍ਹਾਂ ਦੇ ਗੀਤ ਦੀ ਬਣਤਰ ਦਾ



ਧੁਰਾ ਚਾਹੇ ਪ੍ਰੇਮ ਕਹਾਣੀ ਹੀ ਹੋਵੇ ਪਰ ਉਨ੍ਹਾਂ ਦੀ ਬਤੌਰ ਗੀਤਕਾਰ ਚਿੰਤਾ ਉਸ ਤੋਂ ਕਿਤੇ ਵੱਡੀ ਹੈ।

ਹੁਣ ਰੱਬੀ ਜਾਂ ਸਬੱਬੀ ਮੇਲ ਹੋਣਗੇ ਵੇ ਵੰਡੇ ਹੋਏ ਪੰਜਾਬ ਦੀ ਤਰ੍ਹਾਂ

ਪ੍ਰਗਟ ਸਿੰਘ ਜਦੋਂ ਪੰਜਾਬ ਦੀ ਕੁੜੀ ਦੀ ਵਡਿਆਈ ਵੀ ਕਰਦੇ ਹਨ ਤਾਂ ਉਹ ਸਮੁੱਚੀ ਗੀਤਕਾਰੀ ਤੋਂ ਬਹੁਤ ਵੱਖਰੀ ਹੈ। ਪੰਜਾਬ ਦੇ ਗੀਤਾਂ 'ਚ ਕਾਮੁਕਤਾ ਦਾ ਬਿਆਨ ਘੱਟ ਹੈ, ਲੱਚਰਤਾ ਵੱਧ ਹੈ। ਇਹ ਬਹਿਸ ਸਦਾ ਤੁਰਦੀ ਰਹੀ ਹੈ ਕਿ ਪੰਜਾਬੀ ਗੀਤਕਾਰੀ ਜਨਾਨੀ ਵਿਰੋਧੀ, ਹਥਿਆਰਾਂ, ਜਾਤਾਂ ਦਾ ਮਾਣ ਅਤੇ ਕਾਰਾਂ ਟਰੈਕਟਰਾਂ ਦਾ ਗੁਣਗਾਨ ਬਹੁਤਾ ਹੈ। ਗੀਤਕ-ਾਰੀ ਸਾਹਿਤ ਦੀ ਵਿਧਾ ਹੈ ਅਤੇ ਕਾਮੁਕਤਾ ਬੰਦੇ ਦੇ ਜਜ਼ਬਾਤ ਦਾ ਹਿੱਸਾ ਹੈ। ਪਹਿਲਾਂ ਦੀ ਗੀਤਕਾਰੀ ਤੋਂ ਲੈ ਕੇ ਲੋਕ ਗੀਤਾਂ 'ਚ ਵੀ ਇਹ ਦੀ ਛੋਹ ਮਿਲੇਗੀ ਪਰ ਹੁਣ ਦੀ ਗੀਤਕਾਰੀ 'ਚ ਇਹ ਵੱਖਰੀ ਹੈ। ਲੋਕ ਗੀਤਾਂ 'ਚ ਉਹ ਸਹਿਜ ਜਜ਼ਬਾਤ ਦਾ ਹਿੱਸਾ ਹੈ ਪਰ ਹੁਣ ਪੂਰਾ ਸੋਚ ਸਮਝ ਕੇ ਮਿੱਥ ਕੇ ਪੇਸ਼ ਕੀਤਾ ਲੁੱਚਪੁਣਾ ਹੈ। ਪ੍ਰਗਟ ਸਿੰਘ ਦੀ ਗੀਤਕਾਰੀ 'ਚ ਕੁੜੀ ਦੇ ਸੁਹੱਪਣ ਦਾ ਸੁਹਜ ਵੀ ਪੰਜਾਬ ਦੀ ਖੂਬਸੂਰਤੀ ਦੇ ਬਿੰਬ ਮਾਰਫਤ ਜ਼ਿਕਰ 'ਚ ਆਉਂਦੀ ਹੈ। ਗੀਤ ਪੰਜਾਂ ਪਾਣੀਆਂ ਦੀ ਹੂਰ ਦੀ ਇਹ ਸਤਰ ਪੜ੍ਹੋ-

ਤੇਰਾ ਮਾਲਵੇ ਦੇ ਟਿੱਬਿਆਂ ਦੀ ਰੇਤ ਜਿਹਾ ਰੰਗ ਜਾਂ
ਚੰਨ ਚਾਨਣੀ ਰਾਤ ਤੋਂ ਹਨੇਰਾ ਹੋ ਗਿਆ
ਇਕੋ ਚੰਨ ਸੀ ਅੰਬਰੀ ਬੱਦਲਾਂ ਲਕੋ ਲਿਆ

ਪ੍ਰਗਟ ਸਿੰਘ ਦਾ ਇਕ ਗੀਤ ਆਪਣੇ ਵੇਲੇ ਦਾ ਸਭ ਤੋਂ ਸ਼ਾਨਦਾਰ ਸਿਆਸੀ ਗੀਤ ਹੈ। ਇਹ ਪ੍ਰਗਟ ਸਿੰਘ ਦਾ ਹੁਨਰ ਹੈ ਕਿ ਕੋਈ ਪ੍ਰੇਮ ਗੀਤ ਇੰਝ ਦਾ ਸਿਆਸੀ ਗੀਤ ਵੀ ਬਣ ਸਕਦਾ ਹੈ।

ਮੇਰੇ ਪਿੰਡ ਦੀ ਨਹਿਰ ਵਿਚੋਂ, ਪਾਣੀ ਲੁੱਟ ਕੇ ਲੈ ਗਈ ਹੂਰ ਕੁੜੀ

ਬਤੌਰ ਪੰਜਾਬ ਆਪਣੇ ਕੁਦਰਤੀ ਸਰੋਤਾਂ ਦੀ ਲੁੱਟ 'ਚੋਂ ਹੁਣ ਜਿਸ ਮੁਹਾਨੇ 'ਤੇ ਖੜ੍ਹਾ ਹੈ ਇਹ ਵੱਡਾ ਸੰਕਟ ਹੈ। ਇਹ ਪੰਜਾਬ ਸਮਾਜਿਕ, ਧਾਰਮਿਕ, ਆਰਥਿਕ ਤ੍ਰਾਸਦੀਆਂ 'ਚੋਂ ਲੰਘ ਰਿਹਾ ਹੈ। ਇਸ ਪੰਜਾਬ 'ਚ ਖੇਤੀਬਾੜੀ ਅਤੇ ਕਿਸਾਨੀ ਤਾਂ ਸੰਕਟ 'ਚ ਹੈ ਹੀ ਪਰ ਕਿਸਾਨ ਖੁਦਕੁਸ਼ੀਆਂ, ਗੰਦਲੇ ਪਾਣੀ, ਪਾਣੀਆਂ ਦੀ ਲੁੱਟ, ਮਜ਼ਦੂਰਾਂ ਦੀ ਮਾੜੀ ਹਾਲਤ, ਪ੍ਰਦੂਸ਼ਿਤ ਹਵਾ, ਪਾਣੀ, ਮਿੱਟੀ 'ਚ ਪੰਜ ਦਰਿਆਵਾਂ ਦਾ ਪੰਜਾਬ ਸਦਾ ਤ੍ਰਾਸਦੀਆਂ ਦਰ ਤ੍ਰਾਸਦੀਆਂ ਵੱਡੀ ਮਾਰ ਥੱਲੋਂ ਲੰਘ ਰਿਹਾ ਹੈ। ਦਿੱਲੀ ਨਾਮ ਦੇ ਇਸੇ ਗੀਤ ਦੇ ਹੋਰ ਬੋਲ ਹਨ-

ਪਾਣੀ ਬਾਝੋਂ ਖੇਤ ਮੇਰੇ ਰਹਿੰਦੇ
ਬੜੇ ਪਿਆਸੇ ਨੇ
ਕਣਕ ਦੇ ਬੂਟੇ ਜਨਮ ਵੇਲੇ ਹੁੰਦੇ
ਬੜੇ ਉਦਾਸੇ ਨੇ
ਦਰਿਆਵਾਂ ਦੇ ਮਾਲਕ ਨੂੰ ਪਾਣੀ
ਦੇ ਮਾਇਨੇ ਦੱਸਦੀ ਐ
ਪਰ ਬੰਜਰ ਬਣਦੀ ਧਰਤੀ 'ਤੇ
ਅੰਦਰੋ ਅੰਦਰੀ ਹੱਸਦੀ ਐ

ਪ੍ਰਗਟ ਸਿੰਘ ਬਤੌਰ ਗੀਤਕਾਰ ਜੋ ਇਸ਼ਾਰੇ ਕਰਦਾ ਹੈ, ਉਹ ਨੂੰ ਸਮਝਣ ਲਈ ਹਵਾਲਾ ਇਹ ਹੈ ਕਿ ਸਦੀਆਂ ਤੋਂ ਜਿਸ ਸਿੰਧੂ ਘਾਟੀ ਦੀ ਸੱਭਿਅਤਾ ਭਰੀ ਧਰਤੀ ਨੇ ਖੇਤੀ ਕੀਤੀ ਉਥੋਂ ਦੇ ਕਿਸਾਨਾਂ ਨੂੰ ਗੁੜਤੀ 'ਚ ਮਿਲੀ ਖੇਤੀ ਹੁਣ ਵੱਡੇ ਵਿੱਦਿਅਕ ਅਦਾਰਿਆਂ ਹੱਥੋਂ ਚੁਣੌਤੀ 'ਚੋਂ ਲੰਘ ਰਹੀ ਹੈ। ਪੰਜਾਬ ਦੇ ਮੁਹਾਵਰੇ 'ਚ ਕਾਂ ਚਿੜੀ ਦੀਆਂ ਕਹਾਣੀਆਂ ਹਨ। ਚਿੜੀ ਦੇ ਲੋਕ ਗੀਤ ਹਨ ਪਰ ਖੇਤੀਬਾੜੀ ਯੂਨੀਵਰਸਿਟੀ ਬਕਾਇਦਾ ਦੁਸ਼ਮਣ ਪੰਛੀ ਦੇ ਰੂਪ 'ਚ ਚਿੜੀ ਦੀ ਪਛਾਣ ਕਰਦੀ ਹੈ। ਇਹ ਵੀ ਵੱਡੀ ਤ੍ਰਾਸਦੀ ਹੈ ਕਿ ਹੁਣ ਪੰਛੀ ਵੀ ਦੁਸ਼ਮਣ ਬਣ ਗਏ? ਕਦੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ 'ਚ ਸੀ ਕਿ ਸਫੈਦਾ ਲਾਓ। ਸਾਲਾਂ ਬਾਅਦ ਕਹਿੰਦੇ ਕਿ ਪਾਣੀ ਬਹੁਤ ਪੀਂਦਾ ਹੈ ਨਾ ਲਾਓ।

ਕਦੀ ਕਹਿੰਦੇ ਸੀ ਅੱਗ ਲਾਓ ਇੰਝ ਮਿੱਟੀ 'ਚ ਕਾਰਬਨ ਵਧਦੀ ਹੈ। ਸਾਲਾਂ ਬਾਅਦ ਆ ਕੇ ਹੁਣ ਕਿਹਾ ਜਾ ਰਿਹਾ ਹੈ ਕਿ ਅੱਗ ਨਾ ਲਾਓ, ਗਲੋਬਲ ਵਾਰਮਿੰਗ ਵੱਧ ਰਹੀ ਹੈ। ਸੋ ਪ੍ਰਗਟ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਮੁੜ ਮੁੜ ਗੀਤ ਪੰਜਾਬ, ਦਿੱਲੀ ਅਤੇ ਅਜਿਹੇ ਗੀਤ ਸੁਣਿਓ। ਪੰਜਾਬੀ ਗੀਤਕ-ਾਰੀਆਂ 'ਚ ਸੁਹਜ ਗੀਤਾਂ ਦੇ ਇਸ ਗੀਤਕਾਰ ਨੂੰ ਇਹੋ ਜਾਂਦੀ ਵਾਰ ਦਾ ਸਲਾਮ ਹੋਵੇਗਾ।

## ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਅਫ਼ਸਰ ਨੂੰ ਉਮਰ ਕੈਦ

**ਰੂਪਨਗਰ** – ਪੰਜਾਬ ਵਿਚ ਭਾਰਤੀ ਸੁਰੱਖਿਆ ਬਲਾਂ ਵਲੋਂ ਕੀਤੇ ਗਏ ਮਨੁੱਖੀ ਹੱਕਾਂ ਦੇ ਘਾਣ ਦੇ ਹਜ਼ਾਰਾਂ ਮਾਮਲਿਆਂ ਵਿਚੋਂ ਇਕ ਹੋਰ ਮਾਮਲੇ ਨੂੰ ਭਾਰਤੀ ਅਦਾਲਤ ਨੇ ਕਈ ਸਾਲਾਂ ਦੇ ਲੰਬੇ ਸੰਘਰਸ਼ ਤੋਂ ਬਾਅਦ ਮੰਨ ਲਿਆ ਹੈ ਅਤੇ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਪੁਲਿਸ ਦੇ ਸੇਵਾ-ਮੁਕਤ ਅਫਸਰ ਹਰਜਿੰਦਰਪਾਲ ਸਿੰਘ ਨੂੰ ਇੱਕ ਝੂਠੇ ਪੁਲਿਸ ਮੁਕਾਬਲੇ ਦਾ ਦੋਸ਼ੀ ਮੰਨਦਿਆਂ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੱਸ ਦਈਏ ਕਿ ਇਹ ਝੂਠਾ ਪੁਲਿਸ ਮੁਕਾਬਲਾ ਸਾਲ 1992 'ਚ ਹੋਇਆ ਸੀ, ਜਿਸ ਵਿਚ ਰੋਪੜ ਦੇ ਗੁਰਮੇਲ ਸਿੰਘ ਅਤੇ ਕੁਲਦੀਪ ਸਿੰਘ ਨੂੰ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਦੋਵੇਂ ਨੌਜਵਾਨਾਂ ਨੂੰ ਦਸੰਬਰ 1992 'ਚ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਤੇ ਫਿਰ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਰੋਪੜ ਦੇ ਥਾਣਾ ਸਦਰ ਦੇ ਉਦੋਂ ਦੇ ਐੱਸਐੱਚਓ ਹਰਜਿੰਦਰਪਾਲ ਸਿੰਘ ਤੋਂ ਇਲਾਵਾ ਅਦਾਲਤ ਨੇ ਡੀਐੱਸਪੀ ਅਵਤਾਰ ਸਿੰਘ ਤੇ ਬਚਨ ਦਾਸ ਨੂੰ ਵੀ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਦੋਵਾਂ ਉੱਤੇ ਗ਼ਲਤ ਰਿਕਾਰਡ ਤਿਆਰ ਕਰਨ ਦੇ ਦੋਸ਼ ਸਨ ਤੇ ਉਨ੍ਹਾਂ ਨੂੰ ਦੋ-ਦੋ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ ਪਰ ਅਦਾਲਤ ਨੇ ਉਨ੍ਹਾਂ ਪ੍ਰਤੀ ਕੁਝ ਨਰਮ ਰਵੱਈਆ ਅਖ਼ਤਿਆਰ ਕਰਦਿਆਂ ਉਨ੍ਹਾਂ ਨੂੰ ਇੱਕ ਸਾਲ ਦੀ ਪ੍ਰੋਬੇਸ਼ਨ ਉੱਤੇ ਰਿਹਾਅ ਵੀ ਕਰ ਦਿੱਤਾ ਹੈ।

# ਚੋਣ ਨਾਹਰੇ, ਚੋਣ ਵਾਅਦੇ ਅਤੇ ਆਮ ਆਦਮੀ ਦੇ ਮੁੱਦੇ



ਗੁਰਮੀਤ ਪਲਾਹੀ
91-98158-02070

> **ਦੇਸ਼ ਵਿੱਚ 70 ਫੀਸਦੀ ਪੇਂਡੂ ਆਬਾਦੀ ਹੈ। ਉਸਨੂੰ ਆਪਣੀ ਰੋਟੀ ਕਮਾਉਣ ਲਈ ਨਿਰਭਰ ਕਰਨਾ ਪੈਂਦਾ ਹੈ। ਸਮਾਜਿਕ ਆਰਥਿਕ ਅਤੇ ਜਾਤੀਗਤ ਅੰਕੜੇ-2011 ਦੱਸਦੇ ਹਨ ਕਿ 54 ਫੀਸਦੀ ਪੇਂਡੂ ਆਬਾਦੀ ਦੇ ਕੋਲ ਆਪਣੀ ਜ਼ਮੀਨ ਨਹੀਂ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਵਿੱਚ ਪੰਜ ਏਕੜ ਜਾਂ ਉਸਤੋਂ ਘੱਟ ਜ਼ਮੀਨ ਉਤੇ ਖੇਤੀ ਕਰਨ ਵਾਲਿਆਂ ਨੂੰ ਹਰੇਕ ਵਰ੍ਹੇ 6000 ਰੁਪਏ ਸਹਾਇਤਾ ਦੇ ਰੂਪ 'ਚ ਦਿੱਤੇ ਜਾਣੇ ਹਨ। ਪਹਿਲੀ ਕਿਸ਼ਤ ਕਾਹਲੀ-ਕਾਹਲੀ ਇੱਕ ਕਰੋੜ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ, (ਕੀ ਇਹ ਚੋਣ ਰਿਸ਼ਵਤ ਤਾਂ ਨਹੀਂ ਹੈ?) ਅਤੇ ਕਿਹਾ ਜਾ ਰਿਹਾ ਹੈ ਕਿ 12 ਕਰੋੜ ਕਿਸਾਨਾਂ ਨੂੰ ਇਸਦਾ ਫਾਇਦਾ ਮਿਲੇਗਾ। ਕੀ ਦੇਸ਼ 'ਚ ਸੱਚਮੁੱਚ ਇੰਨੇ ਕਿਸਾਨ ਫਾਇਦਾ ਉਠਾ ਸਕਣਗੇ? ਫਿਰ ਵੀ ਉਸ 54 ਫੀਸਦੀ ਪੇਂਡੂ ਆਬਾਦੀ ਜੋ ਰੁਜ਼ਗਾਰ ਲਈ ਸਦਾ ਹੀ ਭਟਕਦੀ ਹੈ, ਉਸ ਦਾ ਕੀ ਬਣੇਗਾ?**

ਇਸ ਵੇਲੇ ਵੋਟਾਂ ਸਿਰ ਉਤੇ ਹਨ ਅਤੇ ਸਿਆਸੀ ਦਲਾਂ ਵਾਲੇ ਨੇਤਾ, ਆਮ ਵੋਟਰਾਂ ਕੋਲ ਉਹਨਾ ਦੀਆਂ ਵੋਟਾਂ ਮੰਗਣ ਆਉਣਗੇ। ਕੀ ਸਾਨੂੰ ਉਹਨਾ ਤੋਂ ਕੁੱਝ ਸਵਾਲ ਨਹੀਂ ਪੁੱਛਣੇ ਚਾਹੀਦੇ , ਜੋ ਇਸ ਵੇਲੇ ਹਾਕਮ ਹਨ ਉਹਨਾ ਤੋਂ ਵੀ ਅਤੇ ਜੋ ਹਾਕਮ ਬਨਣ ਦੀ ਇੱਛਾ ਰੱਖਦੇ ਹਨ, ਉਹਨਾ ਤੋਂ ਵੀ?

ਦੇਸ਼ ਵਿੱਚ ਇਸ ਵੇਲੇ ਨਾਹਰਿਆਂ ਦੀ ਬੰਬਬਾਰੀ ਹੋ ਰਹੀ ਹੈ, ਕੋਈ ਕਹਿ ਰਿਹਾ ਹੈ 2019 ਦੀਆਂ ਚੋਣਾਂ ਰਾਸ਼ਟਰਵਾਦ ਬਨਾਮ ਆਤੰਕਵਾਦ ਵਿਚਕਾਰ ਹੋਣੀਆਂ ਹਨ ,ਕੋਈ ਕਹਿੰਦਾ ਹੈ ਕਿ ਇਹ ਚੋਣਾਂ ਇਮਾਨਦਾਰੀ ਬਨਾਮ ਭ੍ਰਿਸ਼ਟਾਚਾਰ ਦਰਮਿਆਨ ਹੋਣਗੀਆਂ। ਕੋਈ ਰੈਫੇਲ ਦਾ ਮਾਮਲਾ ਉਠਾ ਰਿਹਾ ਹੈ, ਕੋਈ ਪੁਲਵਾਮਾ ਹਮਲੇ ਦੀ ਗੱਲ ਕਰ ਰਿਹਾ ਹੈ। ਕੋਈ ਬਾਲਕੋਟ (ਪਾਕਿਸਤਾਨ)ਤੇ ਕੀਤੇ ਹਵਾਈ ਫੌਜ ਦੇ ਹਮਲੇ ਨੂੰ ਅੱਤਵਾਦ ਵਿਰੁੱਧ ਵੱਡਾ ਹਮਲਾ ਕਰਾਰ ਦੇ ਰਿਹਾ ਹੈ ਅਤੇ ਕੋਈ ਇਸ ਹਮਲੇ ਦੀ ਕਾਮਯਾਬੀ ਉਤੇ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਜਦੋਂ ਜਦੋਂ ਵੀ ਚੋਣ ਆਉਂਦੀ ਹੈ, ਉਦੋਂ ਉਦੋਂ ਹੀ ਸਿਆਸੀ 'ਵਰਗ' ਦੇ ਲੋਕਾਂ ਦੇ ਰੁਝੇਵੇਂ ਵੱਧ ਜਾਂਦੇ ਹਨ, ਪਿਛਲੇ ਪੰਜ ਸਾਲਾਂ 'ਚ ਕੀਤੇ ਕੰਮਾਂ ਦੀ ਉਹ ਲਿਸਟ ਬਨਾਉਣ ਲੱਗਦੇ ਹਨ, ਲੋਕਾਂ ਅੱਗੇ ਸ਼ਿੰਗਾਰ-ਸ਼ਿੰਗਾਰ ਕੇ ਇਸ ਲਿਸਟ ਨੂੰ ਥਾਲੀ 'ਚ ਰੱਖਕੇ ਪਰੋਸਦੇ ਹਨ, ਪਰ ਬੇਬਸ 'ਆਮ ਨਾਗਰਿਕ' ਨੂੰ ਆਪਣੇ ਕੰਮਾਂ 'ਚ ਕਟੌਤੀ ਕਰਨੀ ਪੈਂਦੀ ਹੈ, ਕਿਉਂਕਿ ਉਹਨਾ ਨੂੰ ਨੇਤਾਵਾਂ ਦੇ ਜ਼ੋਰਦਾਰ ਭਾਸ਼ਨ ਸੁਣਨੇ ਪੈਂਦੇ ਹਨ, ਵੱਡੇ ਵਾਅਦੇ ਹਜ਼ਮ ਕਰਨੇ ਪੈਂਦੇ ਹਨ।

ਇਹ ਗੱਲ ਠੀਕ ਹੈ ਕਿ ਇਹ ਨਾਹਰੇ ਅਤੇ ਸਿਆਸੀ ਤਕਰੀਰਾਂ ਲੋਕਾਂ ਲਈ ਵੱਡਾ ਮਹੱਤਵ ਰੱਖਦੇ ਹਨ, ਉਹਨਾ ਦੀਆਂ ਭਾਵਨਾਵਾਂ ਨੂੰ ਉਭਾਰਦੇ ਹਨ। ਪਰ ਚੋਣਾਵੀਂ ਦੌਰ ਵੇਲੇ ਕੀ ਲੋਕਾਂ ਨੂੰ ਨਾਹਰਿਆਂ ਦੀ ਥਾਂ ਤੇ ਤੱਥਾਂ ਉਤੇ ਭਰੋਸਾ ਕਰਨਾ ਨਹੀਂ ਸਿੱਖਣਾ ਚਾਹੀਦਾ? ਅਸਲ ਵਿੱਚ ਤਾਂ ਸਧਾਰਨ ਨਾਗਰਿਕਾਂ ਨੂੰ ਵੱਖਰੇ-ਵੱਖਰੇ ਨੇਤਾਵਾਂ ਅਤੇ ਦਲਾਂ ਵਲੋਂ ਪਰੋਸੀਆਂ ਜਾ ਰਹੀਆਂ ਸੂਚਨਾਵਾਂ, ਐਲਾਨਾਂ, ਨਾਹਰਿਆਂ ਨੂੰ ਚੁੱਪ-ਚਾਪ ਨਹੀਂ ਸੁਨਣਾ ਚਾਹੀਦਾ, ਸਗੋਂ ਉਹਨਾ ਮੁੱਦਿਆਂ ਸਬੰਧੀ ਗੰਭੀਰ ਸਵਾਲ ਕਰਨੇ ਚਾਹੀਦੇ ਹਨ, ਕਿਉਂਕਿ ਆਮ ਲੋਕ ਹਰ ਜ਼ਮੀਨੀ ਹਕੀਕਤ ਨੂੰ ਜਾਣਦੇ ਹਨ, ਉਹਨਾ ਨਾਲ ਦੋ-ਚਾਰ ਹੁੰਦੇ ਹਨ ਅਤੇ ਮੁੱਦਿਆਂ ਨਾਲ ਸਬੰਧਤ ਹਰ ਗੱਲ ਨੂੰ ਬਰੀਕੀ ਨਾਲ ਘੋਖਣ ਦੀ ਸਮਰੱਥਾ ਵੀ ਰੱਖਦੇ ਹਨ, ਕਿਉਂਕਿ ਇਹ ਮੁੱਦੇ ਸਿੱਧੇ ਜਾਂ ਅਸਿੱਧੇ ਤੌਰ ਤੇ ਉਹਨਾ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਤ ਕਰਦੇ ਹਨ। ਆਓ, ਆਪਾਂ, ਜਾਣੀ ਤੁਸੀਂ ਅਤੇ ਮੈਂ ਰਲ ਕੇ ਪਹਿਲਾਂ ਹਾਕਮ ਧਿਰ,ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੂੰ ਕੁੱਝ ਸਵਾਲ ਪੁੱਛੀਏ।

ਸਾਲ 2014 ਵਿੱਚ ਭਾਜਪਾ ਨੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਇਆ। ਉਹਨਾ ਦੀ ਹਰਮਨ ਪਿਆਰਤਾ ਦੇ ਨਾਲ ''ਅਬ ਕੀ ਬਾਰ ਮੋਦੀ ਸਰਕਾਰ' ਦੇ ਨਾਹਰੇ ਉਤੇ ਦਾਅ ਲਾਇਆ। ਕਿਉਂਕਿ ਕਾਂਗਰਸ ਪ੍ਰਤੀ ਲੋਕਾਂ 'ਚ ਭਾਰੀ ਰੋਹ ਸੀ। ਇਹ ਨਾਹਰਾ ਕੰਮ ਕਰ ਗਿਆ। ਭਾਜਪਾ ਤੇ ਉਸਦੇ ਸਾਥੀ ਕੁੱਲ ਮਿਲਾਕੇ ਪੋਲ ਹੋਈਆਂ ਵੋਟਾਂ ਦਾ 31 ਪ੍ਰਤੀਸ਼ਤ ਲੈਜਾਣ 'ਚ ਕਾਮਯਾਬ ਹੋ ਗਏ। ਇਹ ਕਾਮਯਾਬੀ ਅਸਲ ਵਿੱਚ ਭਾਜਪਾ ਦੀ ਨਹੀਂ ਸੀ, ਸਗੋਂ ਲੋਕਾਂ ਦਾ ਵੱਧ ਰਹੀਂ ਮਹਿੰਗਾਈ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਵਿਰੁਧ ਫਤਵਾ ਸੀ। ਭਾਜਪਾ ਦੇ ਉਮੀਦਵਾਰ ਮੋਦੀ 'ਸਭ ਕਾ ਸਾਥ-ਸਭ ਕਾ ਵਿਕਾਸ', ਅਰਥ ਵਿਵਸਥਾ ਨੂੰ ਪੱਟੜੀ 'ਤੇ ਲਿਆਉਣ ਅਤੇ ਰੁਜ਼ਗਾਰ ਦੇ ਵਾਅਦੇ ਨਾਲ ਸੱਤਾ ਵਿੱਚ ਆਏ, ਇਹ ਮੁੱਦੇ ਇਹੋ ਜਿਹੇ ਸਨ, ਜਿਹੜੇ ਪੂਰੇ ਦੇਸ਼ ਦੇ ਨਿਰਾਸ਼ ਵੋਟਰਾਂ ਖਾਸ ਕਰਕੇ ਯੁਵਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਜੋੜਨ ਵਾਲੇ ਸਨ। ਬੇਰੁਜ਼ਗਾਰ ਯੁਵਕਾਂ ਲਈ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਪੈਦਾ ਕਰਨਾ, ਕਾਲਾਧਨ ਵਿਦੇਸ਼ੋਂ ਲਿਆਕੇ ਹਰ ਨਾਗਰਿਕ ਦੇ ਖਾਤੇ 15 ਲੱਖ ਪਾਉਣਾ, ਕੋਈ ਛੋਟਾ-ਮੋਟਾ ਲੋਕਾਂ ਨੂੰ ਦਿੱਤਾ ਵਾਇਦਾ ਨਹੀਂ ਸੀ। ਪਰ ਸਾਰੇ ਨਾਹਰੇ ਕਦੇ ਕਾਮਯਾਬ ਨਹੀਂ ਹੁੰਦੇ। 2004 ਦੀਆਂ ਲੋਕ ਸਭਾ ਚੋਣਾਂ ਅਟੱਲ ਬਿਹਾਰੀ ਬਾਜਪਾਈ ਦੀ ਅਗਵਾਈ ਵਿੱਚ ਭਾਜਪਾ ਨੇ ਆਪਣੇ ਪ੍ਰਸਿੱਧ ''ਇੰਡੀਆ ਸ਼ਾਈਨਿੰਗ'' ਦੇ ਨਾਹਰੇ ਨਾਲ ਲੜੀਆਂ ਸਨ, ਪਰ ਕਾਂਗਰਸ ਲੋਕਾਂ ਕੋਲ ਇਹ ਨਾਹਰਾ ਲੈਕੇ ਗਈ ਕਿ ਸ਼ਾਇਨਿੰਗ ਇੰਡੀਆ 'ਚ ਲੋਕਾਂ ਨੂੰ ਕੀ ਮਿਲਿਆ? ਲੋਕਾਂ ਨੇ ਕਾਂਗਰਸ ਨੂੰ ਚੁਣਿਆ। ਕਾਂਗਰਸ ਦਾ ਇਹ ਪ੍ਰਚਾਰ ਕੰਮ ਕਰ ਗਿਆ ਕਿ ਸ਼ਾਈਨਿੰਗ ਇੰਡੀਆ 'ਚ ਕੁਝ ਲੋਕ ਹੀ ਸ਼ਾਈਨ ਕਰ ਸਕੇ ਹਨ, ਬਾਕੀ ਲੋਕਾਂ ਦੇ ਜੀਵਨ ਵਿੱਚ ਤਾਂ ਹਨੇਰਾ ਹੀ ਹੈ। ਲੋਕ ਭਾਜਪਾ ਤੋਂ ਸਵਾਲ ਪੁੱਛ ਸਕਦੇ ਹਨ ਕਿ ਭ੍ਰਿਸ਼ਟਾਚਾਰ ਭਾਰਤ 'ਚ ਕਿਥੇ ਖ਼ਤਮ ਹੋਇਆ? ਉਹਨਾ ਦੀ ਜੇਬ 'ਚ 15 ਲੱਖ ਪਿਆ? ਕੀ ਪੈਟਰੋਲ, ਡੀਜ਼ਲ, ਅੰਤਰਰਾਸ਼ਟਰੀ ਪੱਧਰ ਤੇ ਘੱਟ ਕੀਮਤ ਹੋਣ ਤੇ ਵੀ, ਕੀ ਘੱਟ ਕੀਮਤ ਤੇ ਲੋਕਾਂ ਨੂੰ ਮਿਲਿਆ? ਕੀ ਮਹਿੰਗਾਈ ਘਟੀ? ਦੇਸ਼ 'ਚ ਫਿਰਕੂ ਤਾਕਤਾਂ ਦੀ ਜ਼ੋਰ ਅਜ਼ਮਾਇਸ਼ 'ਚ ਕੋਈ ਕਮੀ ਆਈ? ਕੀ ਭੀੜ ਤੰਤਰ ਦੇ ਕਾਰਿਆਂ ਉਤੇ ਉਸ ਵਲੋਂ ਰੋਕ ਲਗਾਈ ਗਈ? ਕੀ ਦੇਸ਼ ਵਿੱਚ ਮਾਫੀਆ ਰਾਜ ਦੇ ਖਾਤਮੇ ਲਈ ਕੋਈ ਕਦਮ ਪੁੱਟੇ ਗਏ? ਕੀ ਭੁੱਖਮਰੀ ਅਤੇ ਗਰੀਬੀ ਦਾ ਦੇਸ਼ ਚੋਂ ਖਾਤਮਾ ਹੋਇਆ? ਭਾਜਪਾ ਸਰਕਾਰ ਜਿਹੜੀ ਅੰਕੜਿਆਂ ਦੇ ਹੇਰ-ਫੇਰ ਨਾਲ ਦੇਸ਼ 'ਚ ਵਿਕਾਸ ਦੀਆਂ ਵੱਡੀਆਂ ਗੱਲਾਂ ਕਰਦੀ ਹੈ ਕੀ ਦਸ ਸਕਦੀ ਹੈ ਕਿ ਪ੍ਰਦੂਸ਼ਣ ਨੂੰ ਦੇਸ਼ ਵਿਚੋਂ ਖਤਮ ਕਰਨ ਜਾਂ ਸਵੱਛ ਭਾਰਤ ਮੁਹਿੰਮ 'ਚ ਉਸਨੇ ਕਿੰਨੀ ਸਫਲਤਾ ਹਾਸਲ ਕੀਤੀ? ਦੁਨੀਆ ਦੇ ਤਿੰਨ ਹਜ਼ਾਰ ਤੋਂ ਜਿਆਦਾ ਵੱਡੇ ਸ਼ਹਿਰਾਂ 'ਚ ਪ੍ਰਦੂਸ਼ਣ ਦੀ ਮਿਕਦਾਰ ਪੀ.ਐਮ. ਡਾਟਾ 2.5 ਦੇ ਅਧਾਰ ਤੇ ਨਾਪੀ ਗਈ। ਗੁੜਗਾਉਂ ਇਹਨਾ ਵਿੱਚ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਪਾਇਆ ਗਿਆ। ਦੇਸ਼ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 5 ਭਾਰਤ ਦੇ ਹਨ। ਸਭ ਤੋਂ ਵੱਧ ਪ੍ਰਦੂਸ਼ਿਤ ਵਿਸ਼ਵ ਦੇ 30 ਵੱਡੇ ਸ਼ਹਿਰਾਂ ਵਿਚੋਂ 22 ਭਾਰਤ ਦੇ ਹਨ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਹਰ ਵਰ੍ਹੇ ਹਵਾ ਪ੍ਰਦੂਸ਼ਣ ਨਾਲ ਦੇਸ਼ ਵਿੱਚ 20 ਲੱਖ ਮੌਤਾਂ ਹੁੰਦੀਆਂ ਹਨ, ਜੋ ਦੁਨੀਆ ਭਰ 'ਚ ਹਵਾ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਦਾ ਇੱਕ ਚੌਥਾਈ ਹਨ। ਕੀ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਫਿਰ ਸਵੱਛ ਭਾਰਤ ਮੁਹਿੰਮ ਠੁਸ ਹੋ ਕੇ ਨਹੀਂ ਰਹਿ ਗਈ?

ਭੁੱਖ ਨਾਲ ਲੜਦੇ, ਬੇਰੁਜ਼ਗਾਰੀ ਦੀ ਮਾਰ ਸਹਿੰਦੇ, ਭ੍ਰਿਸ਼ਟਾਚਾਰ ਦੀ ਚੱਕੀ ਪਿਸਦੇ, ਧੂੰਆਂ-ਧੂੰਆਂ ਭਰੀ ਜ਼ਿੰਦਗੀ ਜੀਊਂਦੇ ਭਾਰਤ ਦੇ ਨਾਗਰਿਕਾਂ ਲਈ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਸਭ ਤੋਂ ਯਾਦਗਾਰੀ ਨਾਹਰਾ ਕਿਹੜਾ ਹੋਏਗਾ? ਬਿਨ੍ਹਾਂ ਸ਼ੱਕ ਭਾਜਪਾ ਰਾਸ਼ਟਰੀ ਸੁਰੱਖਿਆ, ਮੋਦੀ ਵਲੋਂ ਸੁਰੱਖਿਅਤ ਮਜ਼ਬੂਤ ਰਾਸ਼ਟਰਵਾਦ ਅਤੇ ਉਹਨਾ ਦੀ ਅਗਵਾਈ ਮਹੱਤਵਪੂਰਨ ਮੁੱਦਾ ਹੋਏਗਾ। ਪੁਲਵਾਮਾ ਦਾ ਆਤੰਕੀ ਹਮਲਾ ਅਤੇ ਪਾਕਿਸਤਾਨ ਦੇ ਖੈਬਰ ਪਖਤੂਨਵਾ ਦੇ ਬਾਲਾਕੋਟ ਵਿੱਚ ਭਾਰਤ ਵਲੋਂ ਕੀਤੀ ਗਈ ਜਵਾਬੀ ਕਾਰਵਾਈ ਦੀ ਪਿੱਠ ਭੂਮੀ 'ਚ ਭਾਜਪਾ ਇਸ ਗੱਲ ਉਤੇ ਜ਼ੋਰ ਦੇਵੇਗੀ ਕਿ ਭਾਰਤ ਨੇ ਪਾਕਿਸਤਾਨ ਦੇ ਖੇਤਰ ਵਿੱਚ ਜੈਸ਼-ਏ-ਮੁਹੰਮਦ ਦੇ ਆਤੰਕੀ ਸਿੱਖਿਅਕ ਟਿਕਾਣੇ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ ਹੈ।

ਪਰ ਭਾਰਤੀ ਵੋਟਰਾਂ ਦੇ ਰੋਜ਼ਾਨਾ ਜ਼ਿੰਦਗੀ ਨਾਲ ਦੋ-ਚਾਰ ਹੋਣ ਵਾਲੇ ਅਤੇ ਉਹਨਾ ਨੂੰ ਪ੍ਰਭਾਵਤ ਕਰਨ ਵਾਲੇ ਮੁੱਦੇ ਕਿੱਥੇ ਹਨ? ਵਿਰੋਧੀ ਧਿਰ ਰਾਸ਼ਟਰਵਾਦ ਦੇ ਮੋਦੀ ਅਤੇ ਭਾਜਪਾ ਵਲੋਂ ਫੈਲਾਏ ਜਾ ਰਹੇ ਇਸ ਨਾਹਰੇ ਦੀ ਬਰੋਬਰੀ ਕਿਹੜੇ ਐਲਾਨਾਂ ਅਤੇ ਨਾਹਰਿਆਂ ਨਾਲ ਕਰੇਗੀ? ਹਰ ਨਾਗਰਿਕ ਜੋ ਵੋਟ ਪਾਉਣ ਜਾ ਰਿਹਾ ਹੈ, ਕੀ ਇਹ ਸਵਾਲ ਪੁੱਛਣ ਦਾ ਹੱਕਦਾਰ ਨਹੀਂ ਕਿ ਰਾਸ਼ਟਰਵਾਦ ਤੋਂ ਪਰੇ ਹੋਰ ਮੁੱਦੇ ਇਸ ਚੋਣਾਵੀ ਦੌਰ 'ਚ ਗਾਇਬ ਕਿਉਂ ਹਨ? ਦੇਸ਼ ਦਾ ਕੋਈ ਵੀ ਨਾਗਰਿਕ ਇਹੋ ਜਿਹਾ ਨਹੀਂ ਜਿਹੜਾ ਆਪਣੇ ਦੇਸ਼ ਦੀ ਸੀਮਾ ਸੁਰੱਖਿਆ ਬਾਰੇ ਚਿੰਤਾ ਨਹੀਂ ਕਰਦਾ ਹੋਏਗਾ। ਪਰ ਦੇਸ਼ ਦਾ ਕੋਈ ਨਾਗਰਿਕ ਐਸਾ ਵੀ ਨਹੀਂ ਜਿਹੜਾ ਬਿਨਾਂ ਕਾਰਨ ਜੰਗ ਦੇ ਰਾਹ ਤੁਰਨਾ ਚਾਹੇਗਾ। ਦੇਸ਼ ਦਾ ਹਰ ਨਾਗਰਿਕ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਸੁਰੱਖਿਆ ਬਲਾਂ ਨਾਲ ਖੜਾ ਦਿਸੇਗਾ। ਪਰ ਕੀ ਸਰਕਾਰ ਦੇਸ਼ ਦੇ ਹਰ ਵਰਗ, ਹਰ ਧਰਮ, ਹਰ ਜਾਤੀ ਦੇ ਘਰਾਂ ਅਤੇ ਕੰਮਾਂ ਦੇ ਥਾਂ ਦੀ ਰਾਖੀ ਦਾ ਇਹਸਾਸ ਉਹਨਾ ਨੂੰ ਦਵਾਉਣ 'ਚ ਕਾਮਯਾਬ ਹੈ, ਕਿਉਂਕਿ ਉਸ ਲਈ ਅੰਦਰੂਨੀ ਸੁਰੱਖਿਆ ਉਤਨੀ ਹੀ ਮਹੱਤਤਾ ਰੱਖਦੀ ਹੈ ਜਿੰਨੀ ਕਿ ਸਰਹੱਦਾਂ ਦੀ ਸੁਰੱਖਿਆ। ਮੌਜੂਦਾ ਹਾਕਮਾਂ ਅੱਗੇ ਇਹ ਸਵਾਲ ਪੁੱਛਿਆ ਜਾ ਸਕਦਾ ਹੈ ਕੀ ਦੇਸ਼ ਦੀਆਂ ਘੱਟ ਗਿਣਤੀਆਂ ਉਤੇ ਭੀੜਾਂ ਵਲੋਂ ਆਯੋਜਿਤ ਹਮਲੇ ਕਿਉਂ ਹੁੰਦੇ ਹਨ? ਸਵਾਲ ਪੁੱਛਿਆ ਜਾ ਸਕਦਾ ਹੈ ਕਿ ਗੁਜਰਾਤ ਵਰਗੇ ਦੰਗੇ, ਦਿੱਲੀ ਵਰਗਾ ਕਤਲੇਆਮ ਆਖ਼ਰ ਦੇਸ਼ 'ਚ ਵਾਪਰਨ ਦੀ ਆਗਿਆ ਕਿਉਂ ਦਿੱਤੀ ਗਈ?

ਦੇਸ਼ ਵਿੱਚ 70 ਫੀਸਦੀ ਪੇਂਡੂ ਆਬਾਦੀ ਹੈ। ਉਸਨੂੰ ਆਪਣੀ ਰੋਟੀ ਕਮਾਉਣ ਲਈ ਨਿਰਭਰ ਕਰਨਾ ਪੈਂਦਾ ਹੈ। ਸਮਾਜਿਕ ਆਰਥਿਕ ਅਤੇ ਜਾਤੀਗਤ ਅੰਕੜੇ-2011 ਦੱਸਦੇ ਹਨ ਕਿ 54 ਫੀਸਦੀ ਪੇਂਡੂ ਆਬਾਦੀ ਦੇ ਕੋਲ ਆਪਣੀ ਜ਼ਮੀਨ ਨਹੀਂ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਵਿੱਚ ਪੰਜ ਏਕੜ ਜਾਂ ਉਸਤੋਂ ਘੱਟ ਜ਼ਮੀਨ ਉਤੇ ਖੇਤੀ ਕਰਨ ਵਾਲਿਆਂ ਨੂੰ ਹਰੇਕ ਵਰ੍ਹੇ 6000 ਰੁਪਏ ਸਹਾਇਤਾ ਦੇ ਰੂਪ 'ਚ ਦਿੱਤੇ ਜਾਣੇ ਹਨ। ਪਹਿਲੀ ਕਿਸ਼ਤ ਕਾਹਲੀ-ਕਾਹਲੀ ਇੱਕ ਕਰੋੜ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ, (ਕੀ ਇਹ ਚੋਣ ਰਿਸ਼ਵਤ ਤਾਂ ਨਹੀਂ ਹੈ?) ਅਤੇ ਕਿਹਾ ਜਾ ਰਿਹਾ ਹੈ ਕਿ 12 ਕਰੋੜ ਕਿਸਾਨਾਂ ਨੂੰ ਇਸਦਾ ਫਾਇਦਾ ਮਿਲੇਗਾ। ਕੀ ਦੇਸ਼ 'ਚ ਸੱਚਮੁੱਚ ਇੰਨੇ ਕਿਸਾਨ ਫਾਇਦਾ ਉਠਾ ਸਕਣਗੇ? ਫਿਰ ਵੀ ਉਸ 54 ਫੀਸਦੀ ਪੇਂਡੂ ਆਬਾਦੀ ਜੋ ਰੁਜ਼ਗਾਰ ਲਈ ਸਦਾ ਹੀ ਭਟਕਦੀ ਹੈ, ਉਸ ਦਾ ਕੀ ਬਣੇਗਾ?

ਦੇਸ਼ ਇਸ ਵੇਲੇ ਖੇਤੀ ਸੰਕਟ 'ਚ ਹੈ। ਦੇਸ਼ ਦਾ ਕਿਸਾਨ, ਜੋ ਦੇਸ਼ ਦਾ ਅੰਨ ਦਾਤਾ ਹੈ, ਖੁਦ ਨੂੰ ਦੇਸ਼ 'ਚ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਖੁਦਕੁਸ਼ੀ ਦਾ ਕਿਸਾਨਾਂ 'ਚ ਵਰਤਾਰਾ ਵਧਿਆ ਹੈ। ਬਿਨਾਂ ਸ਼ੱਕ ਕਿਸਾਨਾਂ ਦੀ ਦੁਰਦਸ਼ਾ ਮੋਦੀ ਸਰਕਾਰ ਵੇਲੇ ਸ਼ੁਰੂ ਨਹੀਂ ਹੋਈ, ਪਰ ਕੀ ਇਹ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ ਪਿਛਲੇ ਪੰਜ ਵਰ੍ਹਿਆਂ 'ਚ ਮੋਦੀ ਸਰਕਾਰ ਨੇ ਕਿਸਾਨਾਂ ਦੀ ਦੁਰਦਸ਼ਾ ਸੁਧਾਰਨ ਲਈ ਕੀ ਉਪਰਾਲੇ ਕੀਤੇ, ਜਦਕਿ ਸਰਕਾਰ ਦਾ ਇਹ ਵਾਇਦਾ ਸੀ ਕਿ ਪੰਜ ਵਰ੍ਹਿਆਂ 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰ ਦਿੱਤੀ ਜਾਏਗੀ? ਇਹ ਵੀ ਪੁੱਛਿਆ ਜਾਣਾ ਬਣਦਾ ਹੈ ਕਿ ਜੇਕਰ ਮੋਦੀ ਸਰਕਾਰ ਮੁੜ ਸੱਤਾ 'ਚ ਆਉਂਦੀ ਹੈ ਤਾਂ ਕਿ ਉਹ ਕਿਸਾਨਾਂ ਦੀ ਚਿਰ ਪੁਰਾਣੀ ਡਾ: ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੀ ਮੰਗ ਪੂਰਿਆਂ ਕਰੇਗੀ?

ਭਾਰਤ ਦੀ ਜੀ.ਡੀ.ਪੀ. ਵਿੱਚ ਵਾਧਾ ਦਰਜ ਕਰਨ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਪਰ ਦੇਸ਼ ਵਿੱਚ ਰੁਜ਼ਗਾਰ ਕਿਥੇ ਹੈ? ਪਿਛਲੇ ਚਾਰ ਸਾਲਾਂ ਵਿੱਚ ਛੋਟੇ ਵਪਾਰੀਆਂ, ਛੋਟੇ ਅਤੇ ਮੱਧਵਰਗੀ ਕਾਰੋਬਾਰੀਆਂ ਦੀਆਂ ਤਕਲੀਫਾਂ ਨੋਟ ਬੰਦੀ ਅਤੇ ਜੀ ਐਸ ਟੀ ਕਾਰਨ ਵਧੀਆ ਹਨ। ਨਵੀਆਂ ਨੌਕਰੀਆਂ ਤਾਂ ਕੀ ਪੈਦਾ ਹੋਣੀਆਂ ਸਨ ਆਲ ਇੰਡੀਆ ਮੈਨੂਫੈਕਚਰਿੰਗ ਸੰਗਠਨ ਦੀ ਇਕ ਰਿਪੋਰਟ ਮੁਤਾਬਕ 35 ਲੱਖ ਨੌਕਰੀਆਂ ਦਾ ਨੁਕਸਾਨ ਹੋਇਆ ਹੈ।

ਭਾਜਪਾ 2014 ਵਿੱਚ ਸੱਤਾ ਵਿੱਚ ਆਈ। ਉਸ ਵਲੋਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਅਟੱਲ ਪੈਨਸ਼ਨ ਯੋਜਨਾ , ਉਜਵਲਾ ਯੋਜਨਾ, ਅਮ੍ਰਿਤ ਯੋਜਨਾ, ਸਮਾਰਟ ਸਿਟੀ, ਮੇਕ ਇਨ ਇੰਡੀਆ ਸਵੱਛ ਭਾਰਤ ਆਦਿ ਮੁੱਖ ਹਨ। ਪਰ ਇਹਨਾ ਯੋਜਨਾਵਾਂ ਵਿਚੋਂ ਕਿੰਨੀਆਂ ਆਮ ਲੋਕਾਂ ਦੇ ਦਰਵਾਜੇ ਤੱਕ ਪੁੱਜ ਸਕੀਆਂ? ਕੀ ਸਰਕਾਰ ਲੋਕਾਂ ਤੱਕ ਇਸਦੀ ਪਹੁੰਚ ਬਣਾ ਸਕੀ ਹੈ?

ਉਦਾਹਰਨ ਵਜੋਂ ਭਾਰਤ ਦੇ 40 ਫੀਸਦੀ ਗਰੀਬਾਂ ਦੇ ਮੁਫ਼ਤ ਇਲਾਜ ਲਈ ਜੋ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਨ ਦੀ ਯੋਜਨਾ ਹੈ ਅਰੋਗਿਆ ਯੋਜਨਾ। ਇਹ ਲਈ ਰੱਖਿਆ ਗਿਆ ਬਜ਼ਟ ਕੁਝ ਦਿਨਾਂ 'ਚ ਖਤਮ ਹੋ ਗਿਆ। ਕੀ ਦੇਸ਼ 'ਚ ਸਾਰੇ ਗਰੀਬ ਸਿਹਤਮੰਦ ਹੋ ਗਏ ਜਾਂ ਫਿਰ ਸਰਕਾਰੀ ਖਜ਼ਾਨਾ ਖਤਮ ਹੋ ਗਿਆ ? ਕੀ ਸਰਕਾਰ ਨੇ ਕਦੇ ਪੁਛ ਛਾਣ ਕੀਤੀ ਹੈ ਕਿ ''ਸੁੰਦਰ ਹਸਪਤਾਲ'' 'ਚ ਗਰੀਬਾਂ ਦਾ ਇਸ ਯੋਜਨਾ 'ਚ ਸੋਸ਼ਣ ਤਾਂ ਨਹੀਂ ਹੋਇਆ ਜਾਂ ਕੀ ਹਸਪਤਾਲ ਵਾਲਿਆਂ ਵੱਡੇ-ਵੱਡੇ ਇਲਾਜ ਦੇ ਬਿੱਲ ਬਣਾਕੇ 2 ਜਾਂ 3 ਲੱਖੀ ਇਲਾਜ ਤੇ 5 ਲੱਖ ਰੁਪਏ ਦੇ ਫਰਜ਼ੀ ਬਿੱਲ ਤਾਂ ਨਹੀਂ ਬਣਾ ਲਏ। ਇਸ ਅਰੋਗਿਆ ਯੋਜਨਾ ਤਹਿਤ ਦਸੰਬਰ 2022 ਤੱਕ 1,50,000 ਸਿਹਤ ਤੇ ਕਲਿਆਣ ਕੇਂਦਰ ਖੋਲ੍ਹੇ ਜਾਣ ਦੀ ਯੋਜਨਾ ਹੈ। ਪਰ ਕੀ ਇਹ ਕੇਂਦਰ ਕਿਸਾਨਾਂ ਦੀ 2022 ਤੱਕ ਆਮਦਨ ਦੁੱਗਣੀ ਕਰਨ ਵਾਲੇ ਪ੍ਰਾਜੈਕਟਾਂ ਵਰਗੇ ਹੀ ਤਾਂ ਨਹੀਂ? ਇਹ ਸਵਾਲ ਪੁੱਛਣ ਦਾ ਅਧਿਕਾਰ ਵੋਟਰਾਂ ਕੋਲ ਹੈ।

ਹਾਕਮ ਧਿਰ ਦੀ ਗੱਲ ਕਰਦਿਆਂ ਕਰਦਿਆਂ, ਦੇਸ਼ 'ਚ ਵਿਰੋਧੀ ਧਿਰ, ਜੋ ਕੁਝ ਸੂਬਿਆਂ ਵਿੱਚ ਹਾਕਮ ਧਿਰ ਵੀ ਹੈ, ਉਸ ਤੋਂ ਇਹ ਸਵਾਲ ਵੋਟਰਾਂ ਵਲੋਂ ਕਿਉਂ ਨਾ ਪੁੱਛਿਆ ਜਾਏ ਕਿ ਉਹਨਾ ਦੀ ਸਰਕਾਰਾਂ ਵਲੋਂ ਕਿਸਾਨਾਂ ਦੇ ਭਲੇ ਲਈ ਕੀ ਕੀਤਾ ਗਿਆ ਹੈ? ਉਹਨਾ ਵਲੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਕੀ ਕਦਮ ਪੁੱਟੇ ਜਾ ਰਹੇ ਹਨ? ਕੀ ਉਹਨਾ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਕੁਝ ਸਾਰਥਕ ਕੀਤਾ?

ਸਭ ਤੋਂ ਵੱਡੀ ਗੱਲ ਇਹ ਹੈ ਕਿ ਦੁਨੀਆ ਦੇ ਵੱਡੇ ਲੋਕਤੰਤਰ ਦੀਆਂ ਦੇਸ਼ ਵਿਆਪੀ ਚੋਣਾਂ ਜਿਸ ਵਿੱਚ ਇੱਕ ਤਿਹਾਈ ਵੋਟਰ ਵੋਟਾਂ ਪਾਉਣ ਲਈ ਪੋਲਿੰਗ ਬੂਥਾਂ ਉਤੇ ਨਹੀਂ ਆਉਂਦਾ, ਕੀ ਇਹ ਸਵਾਲ ਸਿਆਸੀ ਲੋਕਾਂ ਜਾਂ ਪਾਰਟੀਆਂ ਤੋਂ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ ਕੀ ਉਹਨਾ ਵਲੋਂ ਖੜੇ ਕੀਤੇ ਜਾਂਦੇ ਭੈੜੇ ਉਮੀਦਵਾਰ ਅਤੇ ਸਿਆਸੀ ਨੀਤੀਆਂ ਹੀ ਇਸ ਦੀਆਂ ਜੁੰਮੇਵਾਰ ਤਾਂ ਨਹੀਂ? ਜਾਂ ਫਿਰ ਲੋਕ ਇਹ ਸਮਝਣ ਲੱਗ ਪਏ ਹਨ ਕਿ ਜਦ ਲੋਕਾਂ ਦੇ ਅਸਲ ਨੁਮਾਇੰਦਿਆਂ ਨੂੰ ਛੱਡਕੇ ਅਮੀਰ ਲੋਕਾਂ ਜਾਂ ਫਿਰ ਅਪਰਾਧੀ ਕਿਸਮ ਦੇ ਲੋਕਾਂ ਨੇ ਕਾਨੂੰਨ ਦੇ ਘਾੜੇ ਬਨਣਾ ਹੈ ਤਾਂ ਫਿਰ ਆਪਣੀ ਵੋਟ ਕਿਉਂ ਗੁਆਈ ਜਾਏ? ਇਹ ਦੱਸਣਯੋਗ ਹੈ ਕਿ ਪਿਛਲੀ ਚੁਣੀ ਗਈ ਲੋਕ ਸਭਾ ਮੈਂਬਰਾਂ ਵਿੱਚ 82 ਪ੍ਰਤੀਸ਼ਤ ਕਰੋੜਪਤੀ ਸਨ ਅਤੇ ਉਹਨਾ ਵਿਚੋਂ 33 ਪ੍ਰਤੀਸ਼ਤ ਉਤੇ ਅਪਰਾਧਿਕ ਮਾਮਲੇ (ਜਿਨ੍ਹਾਂ ਵਿੱਚ ਕਤਲ, ਬਲਾਤਕਾਰ, ਲੁੱਟ-ਖੋਹ ਸ਼ਾਮਲ ਹਨ) ਦਰਜ਼ ਸਨ।

# ਇਨਸਾਨੀਅਤ ਦੀ ਪਹਿਚਾਣ ਸਹਿਣਸ਼ੀਲਤਾ



ਨਵਜੋਤ ਬਜਾਜ (ਗੱਗੂ)
91-98721-02614

ਪ੍ਰਸੰਸਾ ਤਾਰੀਫ ਤੇ ਵਡਿਆਈ ਹਰ ਇੱਕ ਨੂੰ ਚੰਗੀ ਲੱਗਦੀ ਹੈ। ਇਹ ਮਨੁੱਖੀ ਕਮਜੋਰ ਹੈ ਕਿ ਉਹ ਆਪਣੀ ਪ੍ਰਸੰਸਾ ਦਾ ਭੁੱਖਾ ਹੈ ਅਤੇ ਨੁਕਤਾਚੀਨੀ ਸੁਣ ਕੇ ਤੜਫ ਉੱਠਦਾ ਹੈ। ਇਹ ਸਾਡੀ ਕਿੱਡੀ ਵੱਡੀ ਭੁੱਲ ਹੈ ਕਿ ਅਸੀ ਸਿਹਤਮੰਦ ਨੁਕਤਾਚੀਨੀ ਤੋਂ ਕੁਝ ਸਿੱਖਣ ਲਈ ਤਿਆਰ ਨਹੀਂ ਹਾਂ ਬਲਕਿ ਫੋਕੀ ਵਡਿਆਈ ਨਾਲ ਖੁਸ਼ ਹੋਏ ਰਹਿੰਦੇ ਹਾਂ। ਸੱਚਾ ਦੋਸਤ ਉਹ ਹੈ ਜੋ ਪੈਰ 'ਤੇ ਨੇਕ ਸਲਾਹ ਦੇਵੇ, ਨਿਰੀ ਵਡਿਆਈ ਹੀ ਨਹੀ ਸਗੋ ਠੀਕ ਨੂੰ ਠੀਕ ਅਤੇ ਗ਼ਲਤ ਨੂੰ ਗ਼ਲਤ ਕਹੇ। ਗੱਲ-ਗੱਲ ਤੇ ਮੱਖਣ ਲਗਾਉਣ ਵਾਲਾ ਫੱਫੇਕੁੱਟ, ਚਾਪਲੂਸ ਤੇ ਮਤਲਬਪ੍ਰਸਤ ਹੁੰਦਾ ਹੈ। ਨੁਕਤਾਚੀਨੀ ਸਾਨੂੰ ਖੁਦ ਨੂੰ ਟਟੋਲਣ ਦਾ ਖੂਬ ਮੌਕਾ ਪ੍ਰਦਾਨ ਕਰਦੀ ਹੈ। ਜਿਹਨਾਂ ਵਿੱਚ ਸਦਾ ਮਿੱਠੀ ਬੇਰੀ ਨੂੰ ਹੀ ਇੱਟਾਂ-ਵੱਟੇ ਪੈਂਦੇਂ ਹਨ। ਕੌੜੀ ਬੇਰੀ ਨੂੰ ਕੌਣ ਪੁੱਛਦਾ ਹੈ। ਨੁਕਤਾਚੀਨੀ ਗੁਣਵਾਨ, ਵਿਦਵਾਨ ਅਤੇ ਕਦਰਦਾਨ ਦੀ ਹੁੰਦੀ ਆਈ ਹੈ। ਜਿਸ ਕਿਸੇ ਕੋਲ ਕੋਈ ਆਰਥਿਕ, ਸਮਾਜਿਕ ਜਾਂ ਰਾਜਨੀਤਕ ਰੁਤਬਾ ਹੁੰਦਾ ਹੈ, ਨੁਕਤਾਚੀਨੀ ਕੇਵਲ ਉਸ ਦੀ ਨਹੀ ਹੁੰਦੀ, ਜਿਸ ਦੀ ਕੋਈ ਪੁੱਛ-ਪ੍ਰਤੀਤ ਨਹੀ, ਪਛਾਣ ਨਹੀ, ਜਿਸ ਵਿੱਚ ਕੋਈ ਗੁਣ ਨਹੀ, ਉਸ ਦੀ ਵੀ ਹੁੰਦੀ ਹੈ। ਦਾਨਸ਼ਮੰਦਾਂ ਨੇ ਦੋਸਤਾਂ ਨਾਲੋਂ ਦੁਸ਼ਮਣਾਂ ਨੂੰ ਵਧੇਰੇ ਮੁੱਲਵਾਨ ਮੰਨਿਆ ਹੈ। ਸਾਡੇ ਵਿਰੋਧੀ ਤੇ ਦੁਸ਼ਮਣ ਸਾਨੂੰ ਜਾਗਦਾ ਤੇ ਖ਼ਬਰਦਾਰ ਰੱਖਦੇ ਹਨ। ਸਵਾਮੀ ਰਾਮ ਤੀਰਥ ਪ੍ਰਾਰਥਾ ਕਰਿਆ ਕਰਦੇ ਸਨ ਕਿ ਹੇ ਰੱਬਾ, ਮੈਨੂੰ ਦੋਸਤਾਂ ਅਤੇ ਸੁੱਖ ਆਰਾਮ ਤੋ ਬਚਾਈ। ਦੋਸਤ ਸੁਨਹਿਰੀ ਸਮਾਂ ਖਾ ਜਾਂਦੇ ਹਨ ਅਤੇ ਸੁੱਖ-ਚੈਨ, ਘੁਮੰਡ ਤੇ ਸੁਸਤੀ ਪੈਦਾ ਕਰਦੇ ਹਨ।ਜੀਵਨ ਦੇ ਹਰ ਖੇਤਰ ਵਿੱਚ ਨੁਕਤਾਚੀਨੀ ਕਰਕੇ ਗੰਭੀਰ ਪੁਆੜੇ ਪੈਂਦੇਂ ਵੇਖੇ ਹਨ।

ਨੁਕਤਾਚੀਨ ਵਿਅਕਤੀ ਆਪਣੇ ਮੌਕੇ ਨਹੀ ਖੁੰਝਣ ਦਿੰਦੇ ਪਰ ਯਾਦ ਰਹੇ ਕਹਿਣ ਵਾਲਾ ਵੱਡਾ ਨਹੀ ਬਣਦਾ, ਸਹਿਣ ਵਾਲਾ ਵੱਡਾ ਹੋਇਆ ਕਰਦਾ ਹੈ। ਨੁਕਸ ਕੱਢਣੇ ਸੌਖੇ ਹਨ, ਇੱਕ ਨਮੂਨਾ ਬਣ ਕੇ ਆਪਣੇ-ਆਪ ਨੂੰ ਪੇਸ਼ ਕਰਨ ਔਖਾ ਹੈ। ਠੰਢਾ ਲੋਹਾ ਗਰਮ ਨੂੰ ਕੱਟ ਦਿੰਦਾ ਹੈ। ਜੋ ਘੜੀ ਦੀ ਘੜੀ ਗਰਮਬਾਜ਼ ਦਾ ਜਵਾਬ ਨਾ ਦਿੱਤਾ ਜਾਵੇ, ਉਸ ਨੂੰ ਸਹਿ ਲਿਆ ਜਾਵੇ ਤਾਂ ਨੁਕਸ ਛਾਂਟਣ ਵਾਲਾ ਖੁਦ ਹੀ ਸ਼ਰਮਿੰਦਾ ਹੋ ਜਾਵੇਗਾ। ਚੁੱਪ ਰਹਿਣਾ ਵੀ ਗੱਲਬਾਤ ਕਰਨ ਦੀ ਇੱਕ ਮਹਾਨ ਕਲਾ ਹੈ। ਬੋਲ-ਕੁਬੋਲ ਸਹਿਣਾ ਵੀ ਤਾਂ ਇੱਕ ਪ੍ਰਕਾਰ ਦੀ ਭਗਤੀ ਹੈ। ਅਸਹਿਣਸ਼ੀਲਤਾ ਨਾਲ ਮਸਲੇ ਵਿਗੜ ਜਾਂਦੇ ਹਨ। ਅੜੇ ਸੋ ਝੜੇ।ਦਰਿਆ ਵਿੱਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਪੁੱਗਦਾ।

ਢੰਗ-ਤਰੀਕੇ ਨਾਲ ਸਮਝੋਤਾ ਕਰਕੇ ਚੰਗੇ ਸਿੱਟੇ ਕੱਢੇ ਜਾ ਸਕਦੇ ਹਨ। ਦਰਿਆ ਦੇ ਵਹਿਣ ਵੱਲ ਨੂੰ ਝੁੱਕ ਕੇ ਲਿਫ ਜਾਣ ਵਾਲੀ ਤੂਤ ਦੀ ਛਟੀ ਕਾਇਮ ਰਹਿੰਦੀ ਹੈ। ਵੈਸੇ ਵੀ ਜੇ ਪਰਬਤ ਨੂੰ ਸਰ ਕਰਨਾ ਹੈ ਤਾ ਸਿੱਧੇ ਨਹੀ ਚੜ੍ਹ ਹੁੰਦਾ, ਥੋੜਾ ਝੁਕਣਾ ਤਾਂ ਪੈਦਾ ਹੀ ਹੈ। ਕਹਾਵਤ ਦਰੁੱਸਤ ਹੈ ਕਿ ਸਿੱਧੀ ਉਗਲੀ ਨਾਲ ਤਾਂ ਘਿਓ ਵੀ ਨਹੀ ਨਿਕਲਦਾ । ਜਦੋਂ ਰੋਮ ਵਿੱਚ ਹੋ ਤਾਂ ਓਦਾਂ ਹੀ ਵਿਚਰੋ ਤੇ ਵਿਵਹਾਰ ਕਰੋ, ਜਿੱਦਾਂ ਰੋਮ ਵਾਸੀ ਕਰਦੇ ਹਨ। ਘਰ-ਪਰਿਵਾਰ, ਆਂਢ-ਗੁਆਂਢ ਤੇ ਦੇਸ਼-ਵਿਦੇਸ਼ ਹਰ ਥਾਂ ਸਹਿਣਸੀ ਲੋੜੀਂਦੀ ਹੈ। ਅਨੇਕਾਂ ਪੱਖਾਂ ਤੋਂ ਰੰਗੇ ਭਾਰਤ ਦਾ ਸਹਿਣਸ਼ੀਲਤਾ ਬਗੈਰ ਗੁਜ਼ਾਰਾ ਨਹੀਂ ਹੋ ਸਕਦਾ। ਅੰਤਰ-ਰਾਸ਼ਟਰੀ ਪਲੇਟਫਾਰਮ 'ਤੇ ਅੱਜ ਕੱਲ੍ਹ ਬੰਬਾਂ ਦਾ ਧੂੰਆਂ ਹੈ।

ਅਸਹਿਣਸ਼ੀਲਤਾ ਦੀ ਇੱਕ ਚੰਗਿਆੜੀ ਮਨੁੱਖਤਾ ਦਾ ਭੋਗ ਪਾ ਸਕਦੀ। ਹੈਰਾਨੀ ਦੀ ਗੱਲ ਹੈ ਕਿ ਲੋਕ ਨਫ਼ਰਤ ਕਰਨ ਲਈ ਸਮਾਂ ਕੱਢ ਲੈਂਦੇਂ ਹਨ। ਅਸਹਿਣਸ਼ੀਲਤਾ ਦੇ ਸਭ ਤੋਂ ਵੱਧ ਦਰਸ਼ਨ ਨੌਜਵਾਨ ਪੀੜ੍ਹੀ ਵਿੱਚ ਹੁੰਦੇ ਹਨ।ਵੱਡਿਆਂ ਦੀ ਗੱਲ ਬਰਦਾਸ਼ਤ ਕਰਨ ਦਾ ਮਾਦਾ ਉਨ੍ਹਾਂ ਵਿੱਚੋ ਲਗਭਗ ਸਮਾਪਤ ਹੋ ਗਿਆ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ, ਆਧਿਆਪਕਾਂ ਅਤੇ ਆਪ ਤੋ ਵੱਡਿਆਂ ਦੀ ਗੱਲ ਧਿਆਨ ਨਾਲ ਸੁਣਨ ਅਤੇ ਸਹਿਣ।

ਯਕੀਨਨ, ਉਨ੍ਹਾਂ ਦੇ ਇਸ ਸਬਰ, ਸੰਤੋਖ ਤੇ ਸਹਿਣਸ਼ੀਲ ਸੁਭਾਅ ਨੂੰ ਫਲ ਲੱਗੇਗਾ, ਜਦ ਕਿ ਅਸਹਿਣਸ਼ੀਲਤਾ ਵਿਅਕਤੀ ਖ਼ੁਦ ਵੀ ਬੇਚੈਨ ਰਹੇਗਾ ਅਤੇ ਹੋਰਨਾਂ ਨੂੰ ਵੀ ਬੇਚੈਨ ਰੱਖੇਗਾ।

# ਕਹਾਣੀ
# ਪਰਾਈਵੇਸੀ ਪਾਰਟ -2

ਜਤਿੰਦਰ ਰੰਧਾਵਾ
randhawajatinder1@gmail.com



ਅੱਜ ਰੀਤ ਬਹੁਤ ਉਦਾਸ ਸੀ। ਘਰ ਤਾਂ ਉਸ ਗੁੱਸੇ ਵਿੱਚ ਛੱਡ ਦਿੱਤਾ ਸੀ ਪਰ ਹੁਣ ਸਮਝ ਨਹੀਂ ਸੀ ਆ ਰਹੀ ਕੇ ਕਿਧਰ ਨੂੰ ਜਾਵੇ। ਇਸ ਇੰਨੇ ਵੱਡੇ ਸ਼ਹਿਰ ਵਿਚ ਟਿਕਾਣਾ ਲੱਭਣਾ ਬਹੁਤ ਔਖਾ ਹੈ। ਲਖਾਂ ਦੀ ਗਿਣਤੀ ਵਿਚ ਅੰਤਰ ਰਾਸ਼ਟਰੀ ਵਿਦਿਆਰਥੀ, ਕਾਮੇ ਅਤੇ ਮੁਲਖ ਭਰ ਚੋਂ ਚੰਗੀਆਂ ਨੌਕਰੀਆਂ ਅਤੇ ਯੂਨੀਵਰਸਿਟੀਆਂ ਦੀ ਖੋਜ ਵਿਚ ਆਏ ਵਿਦਿਆਰਥੀ ਅਤੇ ਸੈਲਾਨੀਆਂ ਦੀ ਭੀੜ। ਸ਼ਹਿਰ ਜਿਵੇਂ ਕੁਰਬਲ -ਕੁਰਬਲ ਕਰ ਰਿਹਾ ਹੈ। ਰੰਗ ਬਿਰੰਗੀਆਂ ਪੁਸ਼ਾਕਾਂ, ਵੰਨ ਸੁਵੰਨੀਆਂ ਗੱਡੀਆਂ, ਮਨ ਭਾਉਂਦੀਆਂ ਖੁਸ਼ਬੂਆਂ ਤੇ ਚਕਾ ਚੌਂਧ ਨਾਲ ਭਰਿਆ ਇਹ ਸ਼ਹਿਰ ਵੇਖਣ ਨੂੰ ਸੋਹਣਾ ਤੇ ਬਹੁਤ ਲਗਦਾ ਹੈ ਪਰ ਜਦੋਂ ਸਿਰ ਤੇ ਨਿੱਘ ਭਰਿਆ ਹੱਥ ਤੇ ਪਿਆਰਾ ਜਿਹਾ ਘਰ ਹੋਵੇ। ਆਫਿਸ ਉਹ ਬੈਗ ਨਾਲ ਹੀ ਲੈ ਆਈ ਸੀ ਕੰਮ ਤੇ ਵੀ ਉਸ ਦਾ ਜੀਅ ਨਹੀਂ ਲਗਾ, ਬਸ ਸ਼ਾਮ ਨੂੰ ਕੀ ਕਰਨਾ ਹੈ, ਕਿਧਰ ਜਾਣਾ ਹੈ ਇਹੀ ਸੋਚ ਭਾਰੂ ਰਹੀ। ਡਾਉਨ ਟਾਉਨ ਦੀਆਂ ਸਭ ਤੋਂ ਉੱਚੀਆਂ ਇਮਾਰਤਾਂ ਵਿੱਚ ਇਕ ਇਮਾਰਤ ਹੈ ਉਸਦੇ ਦਫ਼ਤਰ ਦੀ। 42 ਵੀਂ ਮੰਜਿਲ ਤੇ ਬਣਿਆ ਇਹ ਛੋਟਾ ਜਿਹਾ ਸੋਹਣਾ ਦਫ਼ਤਰ। ਇਸ ਦਫਤਰ ਵਿਚ ਵਖੋ ਵਖਰੇ ਲੱਕੜ ਦੇ ਕੈਬਿਨ ਜਿਹੇ ਬਣੇ ਹੋਏ ਹਨ, ਇਕੋ ਛੱਤ ਦੇ ਹੇਠਾਂ। ਸਭ ਤੋਂ ਜੂਨੀਅਰ ਅਤੇ ਨਵੀਂ ਮੁਲਾਜ਼ਮ ਹੋਣ ਕਾਰਣ ਉਸਨੂੰ ਹਾਲੇ ਕੇਬਿਨ ਨਹੀਂ ਮਿਲਿਆ। ਉਸ ਦਾ ਡੈਸਕ ਬਾਹਰਲੀ ਸਟਰੀਟ ਵਲ ਖੁੱਲਦੀ ਵੱਜੀ ਸਾਰੀ ਵਿੰਡੋ ਦੇ ਨਾਲ ਲਗਵਾਂ ਹੈ ਜਿਥੋਂ ਸਾਹਮਣੀ ਸਟਰੀਟ ਤੇ ਬਣੇ ਹੋਏ ਕਈ ਕਈ ਮੰਜਿਲੇ ਵਡੇ ਵਡੇ ਫੈਸ਼ਨ ਸਟੋਰਸ ਤੇ ਰੈਸਤਰਾਂ, ਹੋਟਲ ਦਿਖਾਈ ਦੇ ਰਹੇ ਹਨ। ਬਾਹਰੋ ਲੋਕ ਕਿੰਨ੍ਹੇ ਖੁਸ਼ ਲਗ ਰਹੇ ਹਨ। ਖੂਬਸੂਰਤ ਲਿਬਾਸਾ ਵਿਚ ਸਜੇ ਹੋਲੀ ਹੋਲੀ ਗਲਾਂ ਕਰਦੇ, ਰੈਸਤਰਾਂ ਵਿਚੋਂ ਭਾਫਾਂ ਛਡਦੀਆਂ ਕਾਫੀ ਦੀਆਂ ਪਿਆਲੀਆਂ, ਚੁਸਕੀਆਂ ਲੈਂਦੇ ਲੋਕ । ਅੱਜ ਕੁੱਛ ਵੀ ਮਨ ਨਹੀਂ ਵਰਚਾ ਰਿਹਾ। ਦਫਤਰ ਵਿਚ ਸਾਥੀ ਕਈ ਵਾਰ ਪੁੱਛ ਚੁੱਕੇ ਹਨ,' "ਵੇਅਰ ਆਰ ਯੂ ਗੋਇੰਗ ਰੀਤ" ਪਰ ਜਵਾਬ ਲਈ ਬਗੈਰ ਅਗਾਂਹ ਨੂੰ ਵੱਧ ਜਾਂਦੇ ਹਨ ਜਿਵੇਂ ਜਵਾਬ ਦੀ ਕੋਈ ਲੋੜ ਹੀ ਨਹੀਂ, ਉਹਨਾਂ ਤਾਂ ਜਿਵੇਂ ਮਹਿਜ ਰਸਮ ਲਈ ਹੀ ਸਵਾਲ ਪੁੱਛਿਆ ਹੋਵੇ।

ਰਹਿ ਰਹਿ ਕੇ ਮੱਮ ਦੀ ਯਾਦ ਆ ਰਹੀ ਹੈ। ਸਵੇਰੇ ਸਵੇਰੇ ਚਾਹ ਬਣਾਉਂਦਿਆਂ, ਭੱਜ ਭੱਜ ਕੇ ਨਾਸ਼ਤੇ ਦੇ ਟਿਫਿਨ ਪੈਕ ਕਰਦਿਆਂ ਤੇ ਲਖਾਂ ਹਦਾਇਤਾਂ ਦੇਂਦਿਆਂ। ਜਿਹਨਾਂ ਨੂੰ ਉਹ ਅਕਸਰ ਅਣਸੁਣੀਆਂ ਕਰ ਦਿੰਦੀ ਸੀ ਤੇ 'ਟਿਪੀਕਲ ਮੱਮ' ਕਹਿ ਕੇ ਉਹਨਾਂ ਦਾ ਮਜ਼ਾਕ ਬਣਾ ਦਿੰਦੀ ਸੀ। ਅੱਜ ਖਾਹ ਮਖਾਹ ਹੀ ਮਾਮ ਨਾਲ ਗੁੱਸਾ ਕਰ ਘਰ ਛੱਡ ਆਈ ਸੀ। ਹੁਣ ਜਾਵੇ ਕਿੱਥੇ। ਬੇਸਮੈਂਟ ਜਾਂ ਅਪਾਰਟਮੈਂਟ ਕਿਰਾਏ ਤੇ ਲੈਣ ਲਈ ਕਿਨੀ ਮਗਜ਼ ਖਪਾਈ ਕਰਨੀ ਪੈਂਦੀ ਹੈ। ਅਖ਼ਬਾਰ ਜਾਂ ਕਜ਼ੀਜ਼ੀ ਤੇ ਐਡਸ ਦੇਖੋ, ਘਰ ਵੇਖਣ ਜਾਉ, ਕਿਰਾਇਆ ਸੈਟ ਕਰੋ ਐਡਵਾਂਸ ਦਿਉ। ਸਾਲ ਭਰ ਦੇ ਚੈਕ ਜਮਾ ਕਰਵਾਉ। ਲੀਗਲ ਡਾਕੂਮੈਂਟਸ ਤਿਆਰ ਕਰਨੇ। "ਹਾਇ ਰੱਬਾ ਐਨਾ ਕੁੱਛ, ਮੈਂ ਘਰ ਛੱਡਨ ਲਗਿਆ ਕੁੱਛ ਸੋਚਿਆ ਕਿਉਂ ਨਹੀਂ।" ਕਿੰਨੀ ਬੇਵਕੂਫ ਹਾਂ ਮੈਂ, ਬਸ ਇਕਦਮ ਹੀ ਘਰ ਛੱਡ ਦਿੱਤਾ। ਵੈਸੇ ਅਜਕਲ ਮੱਮ ਨੇ ਵੀ ਬਹੁਤ ਐਨੋਇਅ (ਤੰਗ) ਕਰ ਰਖਿਆ ਸੀ। ਇਹ ਨਹੀਂ ਕਰਨਾਂ, ਉਹ ਨਹੀਂ ਕਰਨਾ, ਕਿਥੇ ਗਈ ਸੀ? ਲੇਟ ਕਿਉਂ ਹੋ ਗਈ? ਡਰਿੰਕ ਤੇ ਨਹੀਂ ਕੀਤੀ? ਵਗੈਰਾ ਵਗੈਰਾ। ਬਸ ਸਾਰਾ ਦਿਨ ਇਨਟੈਰੋਗੇਸ਼ਨ। ਜਿਵੇਂ ਮੈਂ ਕੋਈ ਕੈਦੀ ਹੋਵਾਂ। ਪੱਚੀ ਵਰ੍ਹਿਆਂ ਦੀ ਹੋ ਗਈ ਹਾਂ। ਜੱਾਬ ਵੀ ਕਰਦੀ ਹਾਂ, ਹਾਂ ਹਾਲੇ ਬਾਹਲੇ ਪੈਸੇ ਨਹੀਂ ਮਿਲਦੇ, ਮਿਲ ਜਾਣਗੇ ਪਰ ਮੇਰੇ ਵੀ ਤੇ ਸ਼ੌਂਕ ਨੇ। ਬਸ ਐਂਵੈ ਹੀ ਵਾਧੂ ਪੁਛਤਾਛ। ਥੱਕ ਗਈ ਸੀ ਮੈਂ ਜਵਾਬ ਦੇ ਦੇ ਕੇ। ਬਸ ਅੱਜ ਗੁੱਸਾ ਆ ਗਿਆ ਤੇ ਬਹਿਸ ਹੋ ਗਈ........ ਉਸ ਲੰਮਾ ਸਾਹ ਛੱਡਿਆ।ਦੀਵਾਰ ਤੇ ਲਗੀ ਘੜੀ ਨੇ 4 ਵਜਾ ਦਿੱਤੇ ਸਨ। ਸਾਰੇ ਹੀ ਸਟਾਫ ਦਾ ਧਿਆਨ ਹੁਣ ਘੜੀਆਂ ਵਲ ਤੇ ਆਪੋ ਆਪਣੇ ਹੱਥਲੇ ਕੰਮ ਨਿਬੇੜਨ ਵਲ ਸੀ। ਰੀਤ ਨੇ ਵੀ ਕਾਗਜ ਪੱਤਰ ਸਾਂਭਣੇ ਸ਼ੁਰੂ ਕਰ ਦਿਤੇ। ਕੰਮਪਿਊਟਰ ਵਿਚਲੀਆਂ ਖੁਲੀਆਂ ਫਾਈਲਾਂ ਇਕ ਇਕ ਕਰਕੇ ਬੰਦ ਕੀਤੀਆਂ। ਕਲਾਂਈਟਸ ਇਨਫਾਰਮੈਸ਼ਨ ਵਾਲੀ ਚਾਬੀ ਕੱਢੀ, ਬਾਸ ਦੇ ਡੈਸਕ ਵਿਚ ਰੱਖ ਕੇ ਲਾਕ ਕੀਤੀ ਤੇ ਆਪਣਾ ਹੈਂਡਬੈਗ ਚੁੱਕ ਐਲੀਵੇਟਰਸ ਵਲ ਹੋ ਤੁਰੀ। ਇਕ ਦੂਸਰੇ ਨੂੰ ਬਾਇ, ਸੀ ਯੂ ਟੂਮਾਰੋ ਕਹਿੰਦੇ ਹੋਏ ਸਾਥੀ ਵੀ ਹੋਲੀ ਹੋਲੀ ਦਫ਼ਤਰ ਛੱਡ ਰਹੇ ਸਨ। ਉਸ ਨੇ ਮਨ ਹੀ ਮਨ ਸੋਚ ਲਿਆ ਸੀ ਅੱਜ ਲਿੱਲੀ ਨਾਲ ਰਹੇਗੀ, ਕਲ ਨੂੰ ਸੋਚਾਂਗੇ ਕੇ ਕੀ ਕਰਨਾ ਹੈ। ਸੋਚ ਨੂੰ ਇਕ ਪਾਸੇ ਲਾ ਉਸ ਸੁੱਖ ਦਾ ਇਕ ਲੰਮਾ ਸਾਹ ਲਿਆ ਤੇ ਹੇਠਾਂ ਆ ਕੇ ਸਬਵੇਅ ਦੀਆਂ ਪਉੜੀਆਂ ਉਤਰਨ ਲਗੀ। ਪੰਦਰਾਂ ਕੁ ਮਿੰਟਾਂ ਦੇ ਸਫਰ ਤੋਂ ਬਾਅਦ ਉਸ ਨੂੰ ਦੂਸਰੇ ਪਾਸੇ ਵਲ ਦੀ ਟਰੇਨ ਫੜਨੀ ਸੀ।

ਲਗਭਗ ਪੌਣੇ ਕੁ ਘੰਟੇ ਦੇ ਸਫਰ ਤੋਂ ਬਾਅਦ ਉਹ ਲਿਲੀ ਦੇ ਅਪਾਰਟਮੈਂਟ ਦੇ ਸਾਹਮਣੇ ਖੜੀ ਸੀ। ਛੋਟਾ ਜਿਹਾ ਚਾਰ ਸੋ ਸਿਕੇਅਰ ਫੁਟ ਦਾ ਅਪਾਰਟਮੈਂਟ ਜਿਸ ਵਿਚ ਲਿਲੀ ਅਤੇ ਉਸਦੀ ਇਕ ਹੋਰ ਰੂਮ ਪਾਰਟਨਰ ਰਹਿੰਦੀਆਂ ਸਨ। ਅਪਾਰਟਮੈਂਟ ਦਾ ਦਰਵਾਜ਼ਾ ਬੰਦ ਸੀ, ਉਸ ਲਿਲੀ ਨੂੰ ਫੋਨ ਲਗਾਇਆ ਤੇ ਅਗੋਂ ਲਿਲੀ ਨੇ ਦਸਿਆ ਕੇ ਅਜੇ ਉਸਨੂੰ ਅੱਧਾ ਕੁ ਘੰਟਾ ਲਗ ਜਾਣਾ ਹੈ। ਉਹ ਡੋਰਬੈਲ ਵਜਾਵੇ। ਉਸ ਦੀ ਰੂਮ ਮੇਟ ਐਡਾ ਅੰਦਰ ਹੀ ਹੈ। ਉਸ ਬੈਲ ਵਜਾ ਦਿਤੀ। ਦਰਵਾਜਾ ਖੁੱਲ ਗਿਆ। ਅੰਦਰ ਐਡਾ ਛੋਟੀ ਜਿਹੀ ਸ਼ਾਰਟਸ ਪਾਈ ਢਿਲੀ ਜਿਹੀ ਸ਼ਰਟ ਵਿਚ ਬੈਡ ਤੇ ਪਈ ਸੀ ਤੇ ਸਿਗਰਟ ਦੇ ਲੰਮੇ ਲੰਮੇ ਕਸ਼ ਖਿੱਚ ਰਹੀ ਸੀ। ਕਮਰਾ ਧੁੰਏ ਨਾਲ ਭਰਿਆ ਹੋਇਆ ਸੀ। ਕਿਚਨ ਦੀ ਸਿੰਕ ਵਿਚ ਕਿੰਨ੍ਹੇ ਹੀ ਝੂਠੇ ਭਾਂਡੇ ਡੰਪ ਕੀਤੇ ਪਏ ਸਨ। ਇਕ ਕਾਫੀ ਦਾ ਮੈਲਾ ਜਿਹਾ ਕਪ ਐਡਾ ਦੀ ਸਾਈਡ ਟੇਬਲ ਤੇ ਪਿਆ ਸੀ। ਉਸ ਮੁਸਕਰਾ ਕੇ ਰੀਤ ਦਾ ਸਵਾਗਤ ਕੀਤਾ ਅਤੇ ਰੀਤ ਨੂੰ ਕਾਫੀ ਲਈ ਪੁੱਛਿਆ। ਰੀਤ ਨੇ ਆਲੇ ਦੁਆਲੇ ਦਾ ਜਾਇਜ਼ਾ ਲੈਂਦਿਆਂ "ਨੋ ਥੈਂਕਸ" ਕਿਹਾ। ਅਪਾਰਮੈਂਟ ਤੇ ਬਹੁਤ ਸੋਹਣਾ ਸੀ ਪਰ ਲਗਦਾ ਸੀ ਕੇ ਸਫਾਈ ਕਈ ਦਿਨਾਂ ਤੋਂ ਨਹੀਂ ਹੋਈ। ਜੂਠੇ ਭਾਂਡੇ ਵੀ ਸਿੰਕ 'ਚ ਪਏ ਤਰਲੇ ਲੈ ਰਹੇ ਸੀ ਤੇ ਫਰਸ਼ ਤੇ ਮੈਲੇ ਕਪੜੇ ਅਤੇ ਗੰਦੀਆਂ ਜੁਰਾਬਾਂ ਉਲਝਿਆ ਜਿਹਾ ਦ੍ਰਿਸ਼ ਪੈਦਾ ਕਰ ਰਹੀਆਂ ਸਨ।ਲਿਲੀ ਦੇ ਬੈਡ ਤੋਂ ਕਪੜੇ ਪਰੇ ਕਰਦਿਆਂ ਰੀਤ ਨੇ ਬੈਡ ਤੇ ਬੈਠਨ ਦੀ ਜਗਾਹ ਬਣਾਈ। ਉਸ ਨੂੰ ਆਵਦਾ ਮਿਠੀ ਮਿਠੀ ਮਹਿਕ ਵਾਲਾ ਸਾਫ ਸੁੱਥਰਾ ਸਲੀਕੇ ਨਾਲ ਸੱਜਿਆ ਘਰ ਯਾਦ ਆਇਆ। ਘਰ ਦਾ ਨਿੱਘ, ਮਾਮ ਵਲੋਂ ਉਸਦੇ ਆਉਣ ਤੋਂ ਪਹਿਲਾਂ ਹੀ ਕਾਫੀ ਦੇ ਤਿਆਰ ਕੀਤੇ ਦੋ ਮਗ ਉਸਨੂੰ ਟੇਬਲ ਤੇ ਬਹੁਤ ਸੋਹਣੇ ਲਗੇ ਸਨ ਜੋ ਮੰਮੀ ਬਣਾ ਕੇ ਰਖਦੀ ਸੀ ਤੇ ਉਹ ਉਸ ਨਾਲ ਹੀ ਬੈਠ ਕੇ ਪੀਣਾ ਪਸੰਦ ਕਰਦੀ ਸੀ। ਪਰ ਰੀਤ ਹਮੇਸ਼ਾ ਕਾਫੀ ਦਾ ਮਗ ਚੁੱਕ ਆਪਣੇ ਕਮਰੇ ਵਿਚ ਆ ਜਾਂਦੀ ਸੀ, ਉਸ ਕਦੀ ਪਿਛੇ ਮੁੜ ਕੇ ਨਹੀਂ ਸੀ ਦੇਖਿਆ ਕਿ ਮਾਮ ਦਾ ਮੂੰਹ ਕਿਵੇਂ ਢਿੱਲਾ ਜਿਹਾ ਹੋ ਜਾਂਦਾ ਸੀ।

ਕਮਰੇ ਵਿਚ ਸਾਫ ਸੁੱਥਰੇ ਬੈਡ, ਸਲੀਕੇ ਨਾਲ ਸਜਿਆ ਫਰਨੀਚਰ ਤੇ ਪਿਛਲੇ ਬੈਕਯਾਰਡ ਵਲ ਖੁਲਦੀ ਖਿੜਕੀ ਉਸ ਨੂੰ ਕਿੰਨੀ ਚੰਗੀ ਲਗਦੀ ਸੀ, ਉਹ ਵੀ ਕੀ ਕਰਦੀ ਦਿਨ ਭਰ ਕੰਮ ਦੀ ਥਕਾਨ ਅਤੇ ਕੂਲੀਗਸ ਵਲੋਂ ਮਿਲਿਆ ਸਟ੍ਰੈਸ ਰੋਜ ਦੀ ਵਰਕ ਫਾਈਲਸ ਤੇ ਟਾਈਮ ਸ਼ੀਟਸ ਭਰਦਿਆਂ ਕਿੰਨਾ ਥੱਕ ਜਾਂਦੀ ਸੀ। ਮਾਮ ਨੂੰ ਕੀ ਪਤਾ ਇਸ ਕਾਰਪੋਰੇਟ ਕਲਚਰ ਦਾ। ਕਿਨ੍ਹਾ ਪ੍ਰੈਸ਼ਰ ਹੈ, ਟਾਈਮ ਲਾਈਨਸ ਰੋਜ ਦੇ ਟਾਰਗੇਟਸ ਮੀਟ ਕਰਨਾ। ਨਵੀਂ ਜੋਬ, ਵਰਕਲੋਡ ਤੋ ਹਰ ਵੇਲੇ ਅਜੀਬ ਜਿਹੇ ਦਬਾਉ ਥਲੇ ਰਹਿਣਾ। ਉਪਰੋਂ ਦੋਸਤਾਂ ਦਾ ਪਰੈਸ਼ਰ ਹੋਰ ਕਿਨ੍ਹਾਂ ਹੀ ਕੁੱਛ। ਪੇਰੇਂਟਸ ਕਦੇ ਨਹੀਂ ਸਮਝ ਸਕਦੇ। ਉਹਨਾਂ ਨੂੰ ਲਗਦਾ ਹੈ ਕੇ ਅਸੀਂ ਵਿਹਲੇ ਹੀ ਬਹਿ ਕੇ ਆ ਜਾਂਦੇ ਹਾ। ਸੋਹਣੇ ਦਫ਼ਤਰ ਤੇ ਆਹ ਸੋਹਣੀਆਂ ਡਰੈਸਾਂ ਪਾ ਜਿਵੇਂ ਅਸੀਂ ਤਾਂ ਫਨ (ਮਜਾ) ਹੀ ਕਰਦੇ ਹਾਂ ਸਾਰਾ ਦਿਨ। ਉਸ ਉਪਰੋਂ ਆਹ ਦੋ ਘੰਟਿਆਂ ਦੀ ਕਮਊਟਿੰਗ। ਹਾਂ ਸੱਚ ਮੇਰੀ ਕਾਰ ਤਾਂ ਗੋ ਸਟੇਸ਼ਨ ਤੇ ਹੀ ਖੜੀ ਹੈ। ਉਸ ਬਾਰੇ ਤੇ ਮੈਂ ਅਜੇ ਸੋਚਿਆ ਹੀ ਨਹੀਂ। ਚਲੋ ਕਲ ਦੇਖਾਂਗੇ। ਅੱਜੇ ਸੋਚਾਂ ਵਿਚ ਡੁੱਬੀ ਹੀ ਸੀ ਕੇ ਲਿਲੀ ਵੀ ਖਟ ਖਟ ਕਰਦੀ ਆ ਗਈ।

"ਹਾਇ ਰੀਤ, ਵਹਾਟ ਏ ਪਲੈਂਸਟ ਸਰਪਰਾਇਜ਼, ਯੂ ਆਰ ਸਟੇਇੰਗ ਵਿਦ ਮੀ ਟੂਡੇ।"

ਉਹ ਆਪਣੀ ਹੀ ਮਸਤੀ ਵਿਚ ਬੋਲੀ ਜਾ ਰਹੀ ਸੀ। ਅਚਾਨਕ ਉਸਦੀ ਨਿਗਾਹ ਰੀਤ ਦੇ ਵੱਡੇ ਹੈਂਡ ਬੈਗ ਤੇ ਪਈ ਤੇ ਹੈਰਾਣ ਹੋ ਕੇ ਪੁੱਛਣ ਲਗੀ "ਆਰ ਯੂ ਗੋਇੰਗ ਸਮਵੇਅਰ।"

'ਨੋ, ਆਈ ਲੈਫਟ ਦਾ ਹਾਉਸ' ਰੀਤ ਨੇ ਜਿਵੇਂ ਲਿਲੀ ਦੀ ਉਤਸੁਕਤਾ ਜਗਾ ਦਿਤੀ।

'ਵਹਾਟ ਹੈਪਨਡ'

"ਨਥਿੰਗ, ਆਈ ਡਿਸਾਈਡਿਡ ਟੂ ਮੂਵ ਆਉਟ"

ਲਿਲੀ ਹੈਰਾਨ ਸੀ ਕੇ ਅਚਾਨਕ ਰੀਤ ਨੂੰ ਕੀ ਹੋ ਗਿਆ। ਕਲ ਪਾਰਟੀ ਤੋਂ ਬਾਅਦ ਰੀਤ ਉਸਦੇ ਵਾਰ ਵਾਰ ਕਹਿਣ ਤੇ ਵੀ ਉਸ ਕੋਲ ਨਹੀਂ ਸੀ ਰਹੀ ਪਰ ਅੱਜ ਘਰ ਹੀ ਛੱਡ ਆਈ ਹੈ। ਰੀਤ ਨੂੰ ਫਿਰ ਕਲ ਵਾਲੀਆਂ ਘਟਨਾਵਾਂ ਇਕ ਇਕ ਕਰਕੇ ਚੇਤੇ ਆਉਣ ਲਗੀਆਂ, ਕਲ ਸ਼ਾਮ ਜਦੋਂ ਪੰਜ ਵਜੇ ਕੰਮ ਛੱਡਿਆ। ਛੇਅ ਵਜੇ ਤੋਂ ਸੱਤ ਵਜੇ ਤਕ ਉਹ ਤੇ ਲਿਲੀ ਸਾਹਮਣੇ ਵਾਲੇ ਕਾਫੀ ਹਾਉਸ ਵਿਚ ਬੈਠੀਆਂ ਰਹੀਆਂ ਤੇ ਸੱਤ ਵਜੇ ਯੂਨੀਅਨ ਸਟੇਸ਼ਨ ਤੇ ਬਣੇ ਵਾਸ਼ਰੂਮ ਵਿਚ ਸ਼ਾਮ ਦੀ ਪਾਰਟੀ ਲਈ ਤਿਆਰ ਹੋਈਆਂ ਸਨ। ਪਾਰਟੀ ਰਾਤ ਅੱਠ ਵਜੇ ਸ਼ੁਰੂ ਹੋਣੀ ਸੀ ਤੇ ਘਰ ਵਾਪਸ ਜਾ ਕੇ ਆਉਨ ਨਾਲ ਬਹੁਤ ਸਮਾਂ ਖਰਾਬ ਹੋਣਾ ਸੀ ਅਤੇ ਥਕਾਵਟ ਵਾਧੂ ਦੀ ਹੋ ਜਾਣੀ ਸੀ। ਉਹਨਾਂ ਯੂਨੀਅਨ ਸਟੇਸ਼ਨ ਦੇ ਵਾਸ਼ਰੂਮ ਵਿਚ ਹੀ ਕਪੜੇ ਬਦਲੇ, ਤਿਆਰ ਹੋ ਕੇ ਉਹ ਹੋਟਲ ਪਲਾਜ਼ਾ ਵਿਚ ਪਹੁੰਚੀਆਂ ਸਨ। ਅੱਠ ਵਜੇ ਤਕ ਪਾਰਟੀ ਵਿਚ ਕੋਈ ਵੀ ਨਹੀਂ ਆਇਆ ਸੀ। ਜਿਵੇਂ ਕੇ ਹਮੇਸ਼ਾ ਹੁੰਦਾ ਹੈ, ਦਸ ਕੁ ਵਜੇ ਤੇ ਪਾਰਟੀ ਸ਼ੁਰੂ ਹੋਈ। ਸਾਰੇ ਮੈਨੇਜ਼ਰਸ ਤੇ ਪਾਰਟਨਰਸ ਕੋਈ ਗਿਆਰਾਂ ਕੁ ਵਜੇ ਡਿਨਰ ਕਰ ਕੇ ਚਲੇ ਗਏ ਪਰ ਸਾਰੇ ਯੰਗ ਇਮਪਲੋਈਜ ਅਤੇ ਕੋਓ-ਅਪ ਵਾਲੇ ਮੁੰਡੇ ਕੁੜੀਆਂ ਲਈ ਤੇ ਪਾਰਟੀ ਉਹਨਾਂ ਦੇ ਜਾਣ ਦੇ ਬਾਅਦ ਸ਼ੁਰੂ ਹੋਈ ਸੀ। ਹੱਸਦੇ ਖੇਡਦਿਆਂ, ਡਾਂਸ ਕਰਦਿਆਂ ਪਤਾ ਹੀ ਨਹੀਂ ਲਗਿਆ ਕੇ ਕਦੋਂ ਰਾਤ ਦਾ ਡੇਢ ਵੱਜ ਗਿਆ ਸਕੀ। ਮਾਮ ਦੀਆਂ ਦਸ ਕਾਲਸ ਮਿਸ ਹੋ ਚੁੱਕੀਆਂ ਸਨ। ਡਾਂਸ ਫਲੋਰ ਤੇ ਫੋਨ ਕੌਣ ਕੋਲ ਰਖਦਾ ਹੈ। ਮਾਮ ਸਮੱਝਦੀ ਹੀ ਨਹੀਂ। ਡੈਡ ਕਿਨ੍ਹੇ ਕੂਲ ਹਨ। ਮਾਮ ਉਹੀ ਦਕਿਆਨੂਸੀ। ਮੈਨੂੰ ਮੋਮ ਤੇ ਬਹੁਤ ਗੁੱਸਾ ਆਇਆ ਸੀ। ਜਦੋਂ ਵੀ ਫਨ ਕਰਦੇ ਹੋਵੋ, ਦੋਸਤਾਂ ਨਾਲ ਬਾਹਰ ਹੋਵੋ, ਮੈਸੇਜ ਤੇ ਮੈਸੇਜ, ਕਿਥੇ ਹੋ? ਕਦੋ ਆ ਰਹੇ ਹੋ? ਕੌਣ ਕੌਣ ਨਾਲ ਹੈ? ਐਨੋਓਇ ਕਰੀ ਜਾਣਗੇ। ਮੈਂ ਤੇ ਹੁਣ ਫੋਨ ਚੁੱਕਦੀ ਹੀ ਨਹੀਂ ਪਰ ਮੈਸੇਜ ਕਰ ਕਰ ਕੇ ਬੈਡ ਫੀਲ ਕਰਵਾਉਂਦੇ ਰਹਿੰਦੇ ਹਨ। ਜਿਵੇਂ ਮੈਂ ਕੋਈ ਗੁਨਾਹ ਕਰ ਰਹੀ ਹੋਵਾਂ।

ਲਿਲੀ ਦੇ ਪੇਰੇਂਟਸ ਕਿਨ੍ਹੇ ਚੰਗੇ ਹਨ ਕੁੱਛ ਨਹੀਂ ਕਹਿੰਦੇ "ਪਹਿਲਾਂ ਓਹ ਆਪਦੇ ਬੁਆਇਫਰੈਂਡ ਨਾਲ ਰਹਿੰਦੀ ਸੀ, ਜਦੋਂ ਦਾ ਬਰੇਕ-ਅਪ ਹੋਇਆ ਤੇ ਹੁਣ ਆਹ ਨਵੀਂ ਰੂਮ ਮੇਟ ਐਡਾ ਮਿਲ ਗਈ। ਰੀਤ ਬਿਲਕੁਲ ਭੁਲ ਗਈ ਸੀ ਕੇ ਲਿਲੀ ਉਸਨੂੰ ਕੁੱਛ ਪੁੱਛ ਰਹੀ ਹੈ। ਉਹ ਫਿਰ ਆਪਣੇ ਖਿਆਲਾਂ ਵਿਚ ਡੁੱਬ ਗਈ ਸੀ।

"ਮਾਈ ਮੋਮ, ਸੀ ਡਸ ਨੋਟ ਅੰਡਰਸਟੈਂਡ ਮੀ।
ਸ਼ੀ ਇਜ਼ ਸੋ ਅਨੋਇੰਗ" ਉਸ ਹੋਲੀ ਜਿਹੀ ਕਿਹਾ। ਲਿਲੀ ਖਿੜਖਿੜਾ ਕੇ ਹੱਸ ਪਈ।

"ਦਿਸ ਇਜ਼ ਦਾ ਰੀਜ਼ਨ ਯੂ ਲੈਫਟ ਯੁਅਰ ਹਾਊਸ"
ਉਸ ਦਾ ਹਾਸਾ ਨਹੀਂ ਸੀ ਰੁਕ ਰਿਹਾ।

"ਯੂ ਨੋ ਆਈ ਵਾਸ ਜਸਟ ਐਟੀਨ, ਵੈਹਨ ਮਾਈ ਮਾਮ ਟੋਲਡ ਮੀ ਟੂ ਲੀਵ ਦਾ ਹਾਊਸ" ਬੀਕਾਸ ਆਈ ਵਾਟੰਡ ਟੂ ਲਿਵ ਵਿਦ ਮਾਈ ਬਵਾਇਫਰੈਂਡ, ਬਟ ਇਟਸ ਵੇਰੀ ਹਾਰਡ – ਯੂ ਆਰ ਲੱਕੀ ਯੂ ਹੈਵ ਆ ਨਾਈਸ ਫੈਮਿਲੀ।
ਉਸ ਜਿਵੇਂ ਸਮਝਾਉਣਾ ਚਾਹਿਆ।

ਨਹੀਂ ਉਹ ਮੈਨੂੰ ਸਮਝਦੀ ਨਹੀਂ – ਰੀਤ ਨੇ ਫਿਰ ਜ਼ੋਰ ਦੇ ਕੇ ਆਖਿਆ। ਬੰਦਾ ਕੰਮ ਤੇ ਪੜਾਈ ਤੋਂ ਟੈਂਨਸ ਹੋਇਆ ਘਰ ਜਾਂਦਾ ਹੈ ਪਰ ਮੇਰੀ ਮਾਮ ਬਸ ਸਵਾਲ ਤੇ ਸਵਾਲ ਪੁੱਛੀ ਜਾਂਦੀ ਹੈ।
'ਆਈ ਵਾਂਟ ਮਾਈ ਸਪੇਸ, ਨੋ ਪਰਾਈਵੇਸੀ ਦੇਅਰ'
ਔਕੇ, ਓ- ਕੇ ਲਿਲੀ ਨੇ ਗਲ ਨੂੰ ਮੁਕਾਉਂਦਿਆਂ ਕਿਹਾ।
'ਸੋ ਵਟਸ ਯੁਅਰ ਪਲੈਨ ਨਾਓ।'

ਮੈਂ ਵੀ ਅਪਾਰਟਮੈਂਟ ਕਿਰਾਏ ਤੇ ਲੈਣਾ ਹੈ, ਰੀਤ ਨੇ ਜਿਵੇਂ ਫੈਸਲਾ ਸੁਣਾਇਆ।
ਤੇਰੇ ਕੋਲ ਐਡਵਾਂਸ ਮਨੀ ਹੈ, ਤੇ ਰੂਮ ਮੇਟ?
ਰੂਮ ਮੇਟ ਕਿਸ ਲਈ – ਰੀਤ ਨੇ ਪੁੱਛਿਆ?
"ਯੂ ਕੈਂਨਟ ਅਫੋਰਡ ਐਲੋਨ' ਬਹੁਤ ਮਹਿੰਗਾ ਹੈ ਉਸ ਸਮਝਾਉਣਾ ਚਾਹਿਆ।
ਲੀਜ਼ ਬਾਰੇ ਸੋਚਿਆ ਹੈ। ਨਾਲੇ ਇਕ ਮਹੀਨਾ ਤਾਂ ਲਗ ਹੀ ਜਾਏਗਾ। ਇਸ ਸਬ ਕਾਸੇ ਵਿਚ
'ਇਕ ਮਹੀਨਾ' ਰੀਤ ਹੈਰਾਨ ਹੋ ਕੇ ਬੋਲੀ।
ਹਾਂ ਤੇ ਹੋਰ ਕੀ?

ਇਕ ਮਹੀਨੇ ਲਈ ਤੂੰ ਹੋਟਲ ਵਿਚ ਠਹਿਰ ਸਕਦੀ ਹੈ। ਲਿਲੀ ਨੇ ਸਲਾਹ ਦਿੱਤੀ।
ਹੋਟੇਲ, ਹੋਟੇਲ ਸ਼ਬਦ ਸੁਣ ਰੀਤ ਕੁਝ ਸੋਚਣ ਲਗ ਪਈ।
ਮਾਮ ਨੂੰ ਚੰਗਾ ਨਹੀਂ ਲਗੇਗਾ।
ਵੈਸੇ ਮਾਮ ਐਨੀ ਵੀ ਬੁਰੀ ਨਹੀਂ ਹੈ।
ਬਸ ਥੋੜਾ ਪਰੇਸ਼ਾਨ ਕਰਦੀ ਹੈ। ਕਦੇ ਕਦੇ ਸ਼ਕ ਕਰਦੀ ਹੈ। ਐਵੇਂ ਹੀ ਵਾਧੂ ਸਵਾਲ ਜਿਹੇ ਕਰ ਕਰ ਕੇ ਤੰਗ ਕਰਦੀ ਹੈ ਪਰ ਬੁਰੀ -ਨਹੀਂ ਬੁਰੀ ਤਾਂ ਬਿਲਕੁਲ ਨਹੀਂ ਹੈ।
ਕਾਸ਼ ਥੋੜੀ ਸਮਝਦਾਰ ਹੋ ਜਾਏ।
ਸੋਚ ਉਹ ਮਨ ਹੀ ਮਨ ਹੱਸ ਪਈ।

ਮਾਮ ਦੇ ਬਾਰੇ ਸੋਚਦਿਆਂ ਉਸਦਾ ਧਿਆਨ ਫਿਰ ਕਲ ਦੀ ਪਾਰਟੀ ਵਲ ਚਲਾ ਗਿਆ। ਜਦੋਂ ਰਾਤ ਦੇ ਡੇਢ ਕੁ ਵਜੇ ਪਾਰਟੀ ਖਤਮ ਹੋਈ ਤੇ ਆਫਿਸ ਦਾ ਭਾਰਾ ਬੈਗ, ਜਿਸ ਵਿਚ ਉਸਦਾ ਵਰਕ ਲੈਪਟਾਪ, ਐਸਕਟਰਾ ਸਕਰੀਨ, ਦਿਨ ਵਾਲੇ ਕਪੜਿਆਂ ਨਾਲ ਤੁੰਨਿਆ ਹੈਂਡਬੈਗ। ਲਗਭਗ 15 ਪੌਂਡ ਭਾਰਾ ਹੋਵੇਗਾ ਉਸ ਦਾ ਬੈਗ ਕਿਵੇਂ ਮੋਢੇ ਤੇ ਚੁੱਕੀ ਪਲਾਜਾ ਹੋਟਲ ਤੋਂ ਬਾਹਰ ਆਈ ਸੀ। ਲਿਲੀ ਨੇ ਤਾਂ ਆਵਦੇ ਇਕ ਕੁਲੀਗ ਕੋਲੋਂ ਲਿਫਟ ਲੈ ਲਈ ਸੀ ਪਰ ਰੀਤ ਦਾ ਦਿਲ ਨਹੀਂ ਕੀਤਾ ਕੇ ਉਹ ਅੱਧੀ ਰਾਤ ਕਿਸੇ ਕੋਲੋਂ ਇੰਝ ਲਿਫਟ ਲਵੇ। ਨਾਲੇ ਮੋਮ ਨੂੰ ਵੀ ਚੰਗਾ ਨਹੀਂ ਸੀ ਲਗਣਾ ਕੇ ਉਹ ਕਿਸੇ ਨਾਲ ਇੰਜ ਕਾਰ ਵਿਚ ਆਈ ਹੈ। ਉਸ ਉਬੇਰ ਲਈ ਕਈ ਵਾਰ ਕਾਲ ਕੀਤੀ ਪਰ ਡਾਉਨ ਟਾਉਨ ਤੋਂ ਕੈਲਡੇਨ ਜਾਣ ਲਈ ਕੋਈ ਤਿਆਰ ਨਹੀਂ ਸੀ, ਰਾਤ ਦੇ ਦੋ ਵਜੇ। ਮੋਮ ਨੂੰ ਕੀ ਪਤਾ, ਕਿੰਨਾਂ ਸਟਰੈਸ ਹੁੰਦਾ ਹੈ ਉਸ ਵੇਲੇ ਆਪਣੀਆਂ ਮੁਸ਼ਕਲਾਂ ਨਾਲ ਜੂਝਦਿਆਂ ਅਤੇ ਘਰ ਜਾ ਕੇ ਜਵਾਬ ਤਲਬੀ ਲਈ। ਮੋਢੇ ਉਪਰ 15 ਪੌਂਡ ਭਾਰਾ ਬੈਗ ਚੁਕੀ ਉਹ ਯੂਨੀਅਨ ਸਟੇਸ਼ਨ ਪਹੁੰਚੀ। ਮੋਢਾ ਟੁੱਟਨ ਵਾਲਾ ਹੋ ਗਿਆ ਸੀ। ਪਾਰਟੀ ਵਿਚ ਪੀਤਾ ਵਾਈਨ ਦਾ ਗਲਾਸ ਤਾਂ ਕਦੋਂ ਦਾ ਉਤਰ ਚੁੱਕਿਆ ਸੀ। ਤਿੰਨ ਵਜੇ ਦੇ ਕਰੀਬ ਉਹ ਗੋ ਬਸ ਸਟਾਪ ਤੋਂ ਆਪਣੀ ਗੱਡੀ ਕੱਢ ਜਦੋਂ ਘਰ ਪਹੁੰਚੀ ਤੇ ਸਵੇਰ ਦੇ ਸਾਢੇ ਤਿੰਨ ਵੱਜ ਚੁੱਕੇ ਸਨ। ਠੰਡ ਤੇ ਥਕਾਨ ਨਾਲ ਉਸ ਦਾ ਬੁਰਾ ਹਾਲ ਸੀ। ਦਰਵਾਜ਼ਾ ਖੋਲਦਿਆਂ ਹੀ ਜਦੋਂ ਘਰ ਅੰਦਰ ਵੜੀ ਤੇ ਮੋਢੇ ਤੇ ਲੱਦਿਆ ਭਾਰਾ ਬੈਗ ਉਸ ਥੱਲੇ ਸੁੱਟ ਦਿੱਤਾ। ਜਿਸ ਦੇ ਖੜਕੇ ਤੋਂ ਮਾਮ ਨੇ ਪਤਾ ਨਹੀਂ ਕੀ ਕੀ ਸੀਨ ਸਿਰਜ ਲਏ ਸਨ ਤੇ ਆਪਣੇ ਹੀ ਕਿਆਸ ਲਗਾ ਲਗਾ ਕੇ ਪਰੇਸ਼ਾਨ ਹੁੰਦੀ ਰਹੀ। ਮੈਂ ਤਾਂ ਪਹਿਲਾਂ ਹੀ ਖਿੱਝੀ ਪਈ ਸਾਂ ਤੇ ਮਾਮ ਉਪਰੋਂ ਹੀ ਰੀਤ ਰੀਤ ਆਖ ਅਵਾਜਾਂ ਮਾਰੀ ਜਾਣ। ਜਿਵੇਂ ਪਹਿਲਾਂ ਉਥੇ ਹਾਜ਼ਰੀ ਭਰਨੀ ਜਰੂਰੀ ਹੋਵੇ।

ਰੀਤ ਇਕੋ ਪਲ ਵਿਚ ਹੀ ਕਿੰਨ੍ਹਾ ਕੁੱਝ ਸੋਚ ਗਈ। ਗੁੱਸਾ ਤੇ ਪਹਿਲਾਂ ਦਾ ਹੀ ਬਹੁਤ ਸੀ ਪਰ ਮਾਮ ਦੇ ਇੰਟਰੋਗੇਟ ਕਰਨ ਤੇ ਸਭ ਕੁਝ ਉਹਨਾਂ ਉਪਰ ਨਿਕਲ ਗਿਆ।

ਨਾਲੇ ਇਹ ਕਿਹੜਾ ਪਹਿਲੀ ਵਾਰੀ ਸੀ। ਉਹ ਹਮੇਸ਼ਾ ਹੀ ਇੰਜ ਕਰਦੇ ਹਨ। ਸਾਡੀ ਕਿਸੇ ਗਲ ਤੇ ਯਕੀਨ ਹੀ ਨਹੀਂ ਕਰਦੇ। ਅੱਜ ਮੈਨੂੰ ਗੁੱਸਾ ਆ ਗਿਆ ਤੇ ਮੈਂ ਵੀ ਬਹੁਤ ਕੁੱਝ ਸੁਣਾ ਦਿੱਤਾ। ਰੀਤ ਨੂੰ ਜਿਵੇਂ ਕੁਝ ਪਛਤਾਵਾ ਜਿਹਾ ਵੀ ਸੀ।

ਸਵੇਰੇ ਵੀ ਮੈਨੂੰ ਪਤਾ ਸੀ, ਮਾਮ ਕੁੱਛ ਵੱਡਾ ਸੀਨ ਕਿਰਏਟ ਕਰਨਗੇ ਸੋ ਮੈਂ ਉਹਨਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਘਰ ਛੱਡਣ ਦਾ ਐਲਾਨ ਕਰ ਦਿੱਤਾ।

'ਇਟਸ ਨਾਟ ਜਸਟ ਟੂਡੇ, ਐਵਰੀਡੇ ਦੀ ਸੇਮ ਸਟੋਰੀ ਹੈ। ਰੀਤ ਬੁੜ ਬੁੜਾ ਰਹੀ ਸੀ। ਪਰ ਘਰ ਛੱਡਣਾ ਵੀ ਕਿਹੜਾ ਸੌਖਾ ਹੈ। ਐਨੇ ਖਰਚੇ ਤੇ ਕੰਮ, ਸਫਾਈ, ਭਾਂਡੇ, ਨਾ ਬਾਬਾ ਨਾ। ਮੈਂ ਨਹੀਂ ਕਰ ਸਕਦੀ।
'ਹੁਣ ਕੀ ਕਰਾਂ?'
ਰੀਤ ਨੇ ਜਿਵੇਂ ਆਪਣੇ ਆਪ ਨੂੰ ਸਵਾਲ ਕੀਤਾ।

ਸਵੇਰ ਦਾ ਫੋਨ ਵੀ ਬੰਦ ਕਰ ਰਖਿਆ ਸੀ। ਉਸ ਦਾ ਜੀਅ ਕੀਤਾ ਕਿ ਮੋਮ ਨਾਲ ਗਲ ਕਰੇ, ਮਾਮ ਦੇ ਹੱਥ ਦੀ ਗਰਮ ਗਰਮ ਚਾਹ ਮਿਲ ਜਾਵੇ। ਉਸਨੂੰ ਆਪਣੇ ਘਰ ਮਾਮ ਡੈਡ ਤੇ ਨਵੀ ਦੀ ਯਾਦ ਆਉਣ ਲਗ ਪਈ। ਉਸ ਨੇ ਫੋਨ ਦਾ ਸਵਿਚ ਔਨ ਕੀਤਾ।

ਕਿਨੇਂ ਹੀ ਮੈਸੇਜ, ਵਾਈਸਮੇਲ ਰਿਕਾਰਡ ਹੋਏ ਪਏ ਸਨ। ਮਾਮ ਵਾਰ ਵਾਰ ਉਸਨੂੰ ਘਰ ਆਉਣ ਲਈ ਤਾਕੀਦ ਕਰ ਰਹੀ ਸੀ। ਉਸਨੇ ਘੜੀ ਵਿਚ ਹੀ ਸਾਰੇ ਮੈਸੇਜ ਪੜ ਲਏ। ਰਾਤ ਦੇ ਨੌ ਵੱਜ ਚੁੱਕੇ ਸਨ। ਉਸ ਮਾਮ ਨੂੰ ਕਾਲ ਕੀਤੀ। ਉਧਰੋਂ ਘਬਰਾਈ ਤੇ ਫਿਕਰ ਭਰੀ ਹੈਲੋ ਦੀ
ਆਵਾਜ ਆਈ। 'ਆਈ ਐਮ ਸਾਰੀ ਮਾਮ।'
ਰੀਤ ਦੀ ਭਿੱਜੀ ਜਿਹੀ ਆਵਾਜ ਸੀ, ਐਮ ਕਮਿੰਗ ਹੋਮ – ਉਸ ਡਾਢੇ ਮੋਹ ਨਾਲ ਕਿਹਾ।

# ਸਹਾਇਕ ਸਿੱਖਿਆ ਅਫਸਰ ਖੇਡਾਂ ਏ.ਈ.ਓ. ਦੀ ਪੋਸਟ ਦਾ ਸਿੱਖਿਆ ਵਿਭਾਗ ਵਿੱਚ ਮਹੱਤਵ



ਮਾਸਟਰ ਹਰੇਸ਼ ਕੁਮਾਰ ਸੈਣੀ
91-84279-19192

ਪੰਜਾਬ ਦੇ ਖਿਡਾਰੀਆਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ।ਪੰਜਾਬ ਦੇ ਸੱਭਿਆਚਾਰ ਦਾ ਖੇਡਾਂ ਨਾਲ ਪੁਰਾਣੇ ਸਮੇਂ ਤੋਂ ਹੀ ਸਬੰਧ ਹੈ।ਸਾਡੇ ਪਿੰਡਾਂ ਵਿੱਚ ਅੱਜ ਵੀ ਪੰਜਾਬ ਦੀਆਂ ਵਿਰਾਸਤੀ ਖੇਡਾਂ ਦਾ ਖਾਸ ਮਹੱਤਵ ਹੈ। ਪੰਜਾਬ ਦੀ ਆਪਣੀ ਰਿਵਾਈਤੀ ਕੱਬਡੀ, ਕੁਸ਼ਤੀ, ਹਾਕੀ, ਬਾਜੀਆਂ, ਹਾਕੀ,ਗੁੱਲੀ-ਡੰਡਾ, ਸੂਹਣ-ਸਪਾਈ, ਟੀਲੋ, ਤੈਰਾਕੀ, ਪੱਥਰ ਚੁੱਕਣਾ, ਦੰਦਾਂ ਨਾਲ ਹੱਲ-ਪੰਜਾਲੀ ਚੁੱਕਣਾ, ਸਾਇਕਲ ਚੁੱਕਣਾ, ਭਾਰ ਚੁੱਕਣਾ, ਦੌੜਾਂ, ਸਲਾਂਗ, ਕੁਦਣਾ, ਜੰਪ, ਬੈਠਕਾਂ ਮਾਰਨਾ, ਡੰਡ ਮਾਰਨਾ, ਗੱਡੀਆਂ ਟਰੈਕਟਰਾਂ ਨੂੰ ਖਿਚਣਾ ਅਤੇ ਹੋਰ ਕਈ ਕਿਸਮ ਦੀਆਂ ਖੇਡਾਂ ਅੱਜ ਵੀ ਪਿੰਡਾਂ ਵਿੱਚ ਹਰ ਰੋਜ ਹੀ ਆਪਮੁਹਾਰੇ ਖੇਡੀਆਂ ਜਾਂਦੀਆਂ ਹਨ। ਇਹ ਪਿੰਡ ਅਤੇ ਸ਼ਹਿਰ ਹੀ ਪੰਜਾਬ ਦੀਆਂ ਖੇਡਾਂ ਦੀ ਨਰਸਰੀ ਹੈ। ਸੂਰੂਆਤ ਰਵਾਇਤ ਤੋਂ ਹੋ ਕਿ ਅੱਗੇ ਨੂੰ ਵੱਧ ਜਾਂਦੀ ਹੈ। ਪਿੰਡਾਂ, ਕਸ਼ਬਿਆਂ ਅਤੇ ਸ਼ਹਿਰਾਂ ਦੇ ਪਿੜ੍ਹ/ਅਖਾੜੇ ਦੇ ਇਹ ਛੋਟੇ-ਛੋਟੇ ਮੁਕਾਬਲੇ ਵਿਦਿਆਰਥੀਆਂ ਦੇ ਨਾਲ ਸਕੂਲਾਂ ਵਿੱਚ ਆਦਤ ਵੱਜੋ ਚਲੇ ਜਾਂਦੇ ਹਨ। ਪੰਜਾਬ ਦੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੰਕਡਰੀ ਸਕੂਲਾਂ ਦੇ ਇਹ ਵਿਦਿਆਰਥੀ ਖੇਡਾਂ ਦੀ ਆਦਤ ਵਿੱਚ ਬਚਪਨ ਤੋਂ ਹੀ ਢਲ ਜਾਂਦੇ ਹਨ। ਸਕੂਲ ਦੌਰਾਣ ਇਹ ਵਿਦਿਆਰਥੀ ਸਕੂਲ ਪੱਧਰ ਦੀਆਂ ਖੇਡਾਂ ਵਿੱਚ ਹਿੱਸਾ ਲੈਣਾ ਸੂਰੂ ਕਰ ਦੇਂਦੇ ਹਨ। ਸਕੂਲ ਖੇਡਾਂ ਵਿੱਚ ਉਹ ਸਕੂ.ਲ, ਬਲਾਕ, ਜਿਲ੍ਹਾ, ਜੋਨਲ, ਰਿਜਨਲ ਜਾਂ ਸਟੇਟ ਪੱਧਰ ਤੱਕ ਪੱਹੁਚ ਜਾਂਦੇ ਹਨ। ਇਸੇ ਤਰਾਂ ਸਕੂਲ ਵਿਦਿਆਰਥੀਆਂ ਦਾ ਖਿਡਾਰੀ ਬਣ ਜਾਣ ਦਾ ਸਫਰ ਸੂਰੂ ਹੋ ਜਾਂਦਾਂ ਹੈ। ਇਸ ਸਭ ਲਈ ਸਕੂਲਾਂ ਵਿੱਚ ਕੰਮ ਕਰਦੇ



ਅਧਿਆਪਕਾਂ ਡੀ. ਪੀ, ਪੀ. ਟੀ.ਆਈ, ਐਨ.ਡੀ.ਐਸ, ਸਰੀਰਕ ਸਿੱਖਿਆ ਅਤੇ ਹੋਰ ਸਰੀਰਕ ਸਿੱਖਿਆ ਲੈਕਚਰਾਰ ਅਤੇ ਹੋਰ ਸਰੀਰਕ ਸਿੱਖਿਆ ਅਧਿਆਪਕਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਇਸ ਖੇਡ ਲੜੀ ਨੂੰ ਅੱਗੇ ਤੱਕ ਲੈ ਕਿ ਜਾਣ ਵਿੱਚ ਪੰਜਾਬ ਦੇ ਸਾਰੇ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦੇ ਦਫਤਰਾਂ ਵਿੱਚ ਸਹਾਇਕ ਐਜੂਕੇਸ਼ਨ ਅਫਸਰ ਖੇਡਾਂ ਏ.ਈ.ਓ ਦਾ ਅਹਿਮ ਰੋਲ ਹੂੰਦਾ ਹੈ। ਏ.ਈ.ਓ. ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦੇ ਦਫਤਰ ਬੈਠ ਕੇ ਜਿਲ੍ਹੇ ਦੇ ਸਾਰੇ ਹਰ ਤਰਾਂ ਦੇ ਸਕੂਲਾਂ ਵਿੱਚ ਖੇਡਾਂ ਸਬੰਧੀ ਨਜਰ ਰੱਖਦਾ ਹੈ। ਏ.ਈ.ਓ. ਇੱਕ ਰੈਗੂਲੇਟਰ ਸੈਂਟਰ ਖੇਡਾਂ ਵਾਂਗ ਯੋਗਦਾਨ ਦੇਦਾਂ ਹੈ। ਸਕੂਲ, ਬਲਾਕ, ਜਿਲ੍ਹਾ, ਜੋਨਲ, ਰਿਜਨਲ ਅਤੇ ਸਟੇਟ ਪੱਧਰ ਦੇ ਖੇਡ ਪ੍ਰੋਗਰਾਮਾਂ ਦੀ ਪੂਰੀ ਜਾਣਕਾਰੀ ਏ.ਈ.ਓ. ਨੂੰ ਹੂੰਦੀ ਹੈ ਅਤੇ ਉਹ ਇਸ ਦੀ ਸੂਚਨਾ ਸਕੂਲਾਂ ਵਿੱਚ ਅਤੇ ਫੀਲਡ ਵਿੱਚ ਭੇਜਦਾ ਹੈ। ਜਿਲ੍ਹੇ ਅੰਦਰ ਹੋਰ ਵਿਭਾਗਾਂ ਵੱਲੋਂ ਕਰਵਾਏ ਜਾਣ ਵਾਲੇ ਖੇਡ ਮੁਕਾਬਲੇਆਂ ਸਬੰਧੀ ਵੀ ਏ.ਈ.ਓ. ਨੂੰ ਸੂਚਨਾ ਦਿੱਤੀ ਜਾਂਦੀ ਹੈ ਅਤੇ ਉਹ ਸਕੂਲਾਂ ਵੱਲੋਂ ਨੌਮਾਇੰਦਗੀ ਕਰਦਾ ਹੈ। ਜਿਲ੍ਹੇ ਅੰਦਰ ਹੋਣ ਵਾਲੇ ਹੋਰ ਰਾਸ਼ਟਰੀ ਅਤੇ ਰਾਜ ਪੱਧਰ ਦੇ ਪ੍ਰੋਗਰਾਮਾਂ ਨੂੰ ਨੇਪਰੇ ਚਾੜਣ ਵਿੱਚ ਵੀ ਏ. ਈ. ਓ. ਦੀ ਖਾਸ ਭੂਮੀਕਾ ਹੁੰਦੀ ਹੈ। ਖੂਨ ਦਾਨ ਸਬੰਧੀ ਅਤੇ ਮੈਰਾਥਨ ਦੌੜ ਵਰਗੇ ਪ੍ਰੋਗਰਾਮ ਵੀ ਏ.ਈ.ਓ ਦੀ ਹਾਜਰੀ ਵਿੱਚ ਹੀ ਵਿਭਾਗ ਕਰਵਾਉਣਾ ਠੀਕ ਸਮਝਦਾ ਹੈ। ਹਰ ਵਰਗ ਦੇ ਖਿਡਾਰੀਆਂ ਅਤੇ ਦਰਸਾਏ ਕੰਮਾਂ ਦੀ ਸੂਚੀ ਜਾਂ

(ਬਾਕੀ ਸਫਾ 22 'ਤੇ)

# ਇਸਤਰੀ ਦਿਵਸ ਅਤੇ ਔਰਤਾਂ ਦੇ ਹੱਕ

ਅਵਤਾਰ ਸਿੰਘ
singhstudent@gmail.com

ਕਰਤਾਰ ਨੇ ਇਸ ਸੰਸਾਰ ਨੂੰ ਵੱਧਦਾ ਫੁਲਦਾ ਰੱਖਣ ਲਈ ਨਰ ਅਤੇ ਮਾਦਾ ਪੈਦਾ ਕੀਤੇ ਹਨ। ਨਰ ਪੁਰਸ਼ ਅਤੇ ਮਾਦਾ ਇਸਤਰੀ ਰੂਪ, ਪਸ਼ੂ ਪੰਛੀਆਂ ਕੀੜੇ ਮਕੌੜਿਆਂ ਵਿੱਚ ਵੀ ਨਰ ਮਾਦਾ ਦੀ ਜੋੜੀ ਹੈ। ਨਰ ਅਤੇ ਮਾਦਾ ਸਰੀਰਕ ਬਣਤਰ ਅਤੇ ਅੰਗ-ਇੰਦ੍ਰੀਆਂ ਕਰਕੇ, ਵੱਖਰੀ ਪਛਾਣ ਰੱਖਦੇ ਹਨ। ਪੱਥਰ ਯੁੱਗ ਵਿੱਚ ਪਸ਼ੂ ਪੰਛੀ ਅਤੇ ਇਸਤਰੀ ਪੁਰਸ਼ ਵੀ ਜੰਗਲਾਂ ਵਿੱਚ ਰਹਿੰਦੇ ਹੋਏ ਹਵਾ, ਪਾਣੀ, ਫਲ ਫਰੂਟ ਅਤੇ ਕੱਚਾ ਮਾਸ ਖਾ ਕੇ, ਜੀਵਨ ਨਿਰਬਾਹ ਕਰਦੇ ਸਨ। ਜਿਉਂ ਜਿਉਂ ਮਨੁੱਖਤਾ ਵਿਕਸਤ ਹੋਈ, ਵੱਖ ਵੱਖ ਬੋਲੀਆਂ ਪੈਦਾ ਹੋਈਆਂ, ਜੰਗਲਾਂ ਤੋਂ ਬਾਹਰ ਆ ਝੌਪੜੀਆਂ ਬਣੀਆਂ, ਫਿਰ ਛੋਟੀਆਂ-ਛੋਟੀਆਂ ਬਸਤੀਆਂ, ਫਿਰ ਪਿੰਡ ਗਰਾਮ, ਕਸਬੇ ਅਤੇ ਸ਼ਹਿਰ ਹੋਂਦ ਵਿੱਚ ਆਏ। ਕਬੀਲਿਆਂ ਤੋਂ ਪੰਚਾਇਤਾਂ ਫਿਰ ਸਭਾ ਸੁਸਾਇਟੀਆਂ ਹੋਂਦ ਵਿੱਚ ਆਈਆਂ। ਫਿਰ ਛੋਟੇ-ਛੋਟੇ ਰਾਜ ਬਣੇ ਅਤੇ ਰਾਜਾਂ ਤੋਂ ਕਈ ਦੇਸ਼ ਹੋਂਦ ਵਿੱਚ ਆ ਗਏ।

ਵੱਖ ਵੱਖ ਕਰਮਕਾਂਡਾਂ ਕਰਕੇ, ਵੱਖ ਵੱਖ ਮਜ਼ਹਬ ਪੈਦਾ ਹੋ ਗਏ। ਹਰੇਕ ਨੇ ਆਪਣੇ ਵੱਖਰੇ ਵੱਖਰੇ ਰਹਿਬਰ ਮੰਨ ਲਏ ਅਤੇ ਉਨ੍ਹਾਂ ਨੇ ਅੱਗੇ ਵੱਖ ਵੱਖ ਮਰਯਾਦਾ ਬਣਾ ਦਿੱਤੀਆਂ। ਧਰਮ ਦੇ ਨਾਲ ਰਾਜਨੀਤੀ ਵੀ ਪੈਦਾ ਹੋ ਗਈ ਜਿਸ ਕਰਕੇ ਲੀਡਰਸ਼ਿਪ ਪੈਦਾ ਹੋਈ। ਅੱਗੇ ਆਪਣੀ ਤਾਕਤ ਵਧਾਉਣ ਵਾਸਤੇ ਇੱਕ ਦੂਜੇ ਦੇਸ਼ ਤੇ ਕਬਜੇ ਅਤੇ ਲੜਾਈਆਂ ਸ਼ੁਰੂ ਹੋ ਗਈਆਂ। ਧਰਮ ਪੁਜਾਰੀ ਅਤੇ ਰਾਜਨੀਤਕ ਮਿਲ ਕੇ ਜਨਤਾ ਤੇ ਰਾਜ ਕਰਨ ਲੱਗ ਪਏ। ਪਹਿਲੇ ਪਹਿਲ ਔਰਤਾਂ ਨੂੰ ਵਿਦਿਆ ਤੋਂ ਵਾਂਝੇ ਰੱਖਿਆ ਗਿਆ। ਮਰਦ ਪ੍ਰਧਾਨ ਸਮਾਜ ਪੈਦਾ ਹੋ ਗਿਆ। ਔਰਤਾਂ ਨੂੰ ਬੱਚੇ ਪੈਦਾ ਕਰਨ ਅਤੇ ਘਰ ਦੇ ਸਾਰੇ ਕੰਮ ਕਰਨ ਤੱਕ ਹੀ ਸੀਮਤ ਕਰ ਦਿੱਤਾ ਗਿਆ। ਮਰਦ ਹੀ ਕਮਾ ਕੇ ਲਿਆਉਂਦਾ ਸੀ, ਇਸ ਕਰਕੇ ਉਹ ਔਰਤ ਨੂੰ ਆਪਣੇ ਅਧੀਨ ਮੰਨਦਾ ਸੀ।

ਔਰਤਾਂ ਨੇ ਤਰੱਕੀ ਕਰਕੇ ਹੌਲੀ ਹੌਲੀ ਰਾਜਨੀਤਕ ਪਦਵੀਆਂ ਤਾਂ ਹਾਸਲ ਕਰ ਲਈਆਂ ਪਰ ਧਾਰਮਿਕ ਤੌਰ ਤੇ ਉਨ੍ਹਾਂ ਨੂੰ ਇਹ ਰੁਤਬਾ ਪ੍ਰਾਪਤ ਨਾਂ ਹੋਇਆ। ਧਰਮਾਂ ਦੇ ਰਹਿਬਰ ਵੀ ਮਰਦ ਹੀ ਪ੍ਰਵਾਨ ਕੀਤੇ ਗਏ। ਅੱਗੇ ਧਰਮ ਗ੍ਰੰਥਾਂ ਅਤੇ ਧਰਮ ਅਸਥਾਨਾਂ ਵਿੱਚ ਵੀ ਪੁਜਾਰੀ, ਪ੍ਰਚਾਰਕ ਅਤੇ ਪ੍ਰਬੰਧਕ ਵੀ ਮਰਦ ਹੀ ਲਏ ਗਏ। ਮਰਦਾਂ ਵਿੱਚੋਂ ਖਾਸ ਕਰਕੇ ਬਾਮਣਾਂ ਅਤੇ ਮੁਲਾਣਿਆਂ ਨੇ ਔਰਤ ਨੂੰ ਨੀਚ, ਨੀਵੀਂ, ਕਾਮਣ, ਖੋਟੀਮਤ ਵਾਲੀ, ਨਰਕਦੁਆਰੀ ਅਤੇ ਸ਼ੂਦਰ ਕਹਿ ਦੁਰਕਾਰਿਆ। ਸਭ ਤਰ੍ਹਾਂ ਦੇ ਧਰਮ ਕਰਮ ਅਤੇ ਵਿਦਿਆ ਤੋਂ ਵਾਂਝੇ ਰੱਖਿਆ। ਇਸ ਲਈ ਔਰਤ ਮੰਦਰ ਦੀ ਪੁਜਾਰੀ ਨਹੀਂ ਅਤੇ ਨਾਂ ਹੀ ਮਸਜਿਦ ਦੀ ਮੁੱਲਾਂ ਹੈ। ਭਾਵੇਂ ਰਾਜਿਆਂ ਦੀਆਂ ਰਾਣੀਆਂ, ਰਾਜੇ ਦੇ ਪ੍ਰਭਾਵ ਕਰਕੇ, ਕੁਝ ਪੜ੍ਹ ਲਿਖ ਜਾਂਦੀਆਂ ਸਨ ਪਰ ਆਮ ਪੇਂਡੂ ਔਰਤਾਂ ਨੂੰ ਸਕੂਲੇ ਨਹੀਂ ਸੀ ਪੜ੍ਹਾਇਆ ਜਾਂਦਾ। ਇਸ ਕਰਕੇ ਉਹ ਧਰਮ ਵਿਦਿਆ ਵੀ ਹਾਸਲ ਨਹੀਂ ਸਨ ਕਰ ਸਕਦੀਆਂ, ਜਿਸ ਦੀ ਮਸਾਲ ਅੱਜ 2014 ਤੋਂ ਕੋਈ 60-70 ਸਾਲ ਪਹਿਲੇ ਵੀ ਖਾਸ ਕਰ ਪਿੰਡਾਂ ਵਿੱਚ ਔਰਤਾਂ ਦਾ ਏਹੀ ਹਾਲ ਸੀ।

ਪੁਰਾਣੇ ਸਮੇ ਕਰੀਬ ਹਰ ਧਰਮ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਨਹੀਂ ਸਨ। ਇਤਿਹਾਸ ਅਤੇ ਗੁਰਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਔਰਤਾਂ ਦੇ ਹੱਕ ਵਿੱਚ, ਸ਼ੇਰ ਮਰਦ ਬਾਬਾ ਗੁਰੂ ਨਾਨਕ ਸਾਹਿਬ ਨੇ ਪਹਿਲੀ ਵਾਰ ਜੋਰਦਾਰ ਅਵਾਜ਼ ਉਠਾਉਂਦੇ ਫੁਰਮਾਇਆ-ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (੪੭੩) ਪੁਰਖ ਤੇ ਨਾਰ ਦੀ ਬਰਾਬਰਤਾ ਦੇ ਸਬੰਧ ਵਿੱਚ ਹੋਰ ਲਿਖਿਆ-ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥ (੮੭੯) ਅਤੇ-ਅਰਧ ਸਰੀਰੀ ਮੋਖ ਦੁਆਰੀ (ਭਾ.ਗੁ) ਗੁਰੂ ਅੰਗਦ ਸਾਹਿਬ ਨੇ ਮਾਤਾ ਖੀਵੀ ਨੂੰ ਪ੍ਰਮੁੱਖਤਾ ਦਿੱਤੀ, ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਨਾਲ ਔਰਤਾਂ ਦੇ ਬਵੰਜਾ ਪੀੜੇ ਥਾਪੇ ਭਾਵ ਔਰਤਾਂ ਨੂੰ ਵੀ ਧਰਮ ਪ੍ਰਚਾਰਕ ਥਾਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਮਰਦ ਦੇ ਬਰਾਬਰ ਖੰਡੇ ਦੀ ਪਹੁਲ ਦੇ, ਖਾਲਸਾ ਤਖੱਲਸ ਨਾਲ ਨਿਵਾਜਿਆ। ਗੁਰਮਤਿ ਦੇ ਸਿਧਾਂਤ-ਏਕ ਪਿਤਾ ਏਕਸ ਹਮ ਬਾਰਿਕ (੬੧੧) ਭਾਵ ਸਾਡਾ ਸਭ ਦਾ ਪਿਤਾ ਇੱਕ ਅਤੇ ਅਸੀਂ ਸਭ ਉਸ ਪ੍ਰਮਾਤਮਾਂ ਦੇ ਬੱਚੇ-ਬੱਚੀਆਂ ਹਾਂ। ਇਸਤ੍ਰੀ ਤੇ ਮਰਦ ਦੋਵੇਂ ਹੀ ਪੰਜਾਂ ਤੱਤਾਂ ਤੋਂ ਪੈਦਾ ਹੋਏ ਹਾਂ। ਇਸ ਫੈਂਸਲੇ ਨੂੰ ਮੰਨ ਕੇ, ਗੁਰੂ ਸਾਹਿਬਾਨ ਤੇ ਸਿੱਖ ਰਹਿਤ ਮਰਯਾਦਾ ਦਾ ਮਾਨ ਸਨਮਾਨ ਕਰਦੇ ਹੋਏ, ਸਾਨੂੰ ਫਕਰ ਕਰਨਾ ਚਾਹੀਦਾ ਹੈ ਕਿ ਇਸ ਮਨੁੱਖੀ ਬਰਾਬਰਤਾ (ਇਸਤਰੀ ਨੂੰ ਮਰਦ ਦੇ ਬਰਾਬਰ) ਦਾ ਹੱਕ, ਕੇਵਲ ਤੇ ਕੇਵਲ ਮਨੁੱਖਤਾ ਦੇ ਰਹਿਬਰ ਗੁਰੂ ਬਾਬਾ ਨਾਨਕ ਸਾਹਿਬ ਨੇ ਹੀ ਦਿੱਤਾ ਹੋਰ ਕਿਸੇ ਧਰਮ ਦੇ ਰਹਿਬਰ ਨੇ ਨਹੀਂ। ਅੱਜ ਜੋ ਵੀ ਸ਼ਖਸ਼ ਇਸ "ਹੱਕ" ਦਾ ਵਿਰੋਧ ਕਰਦੈ ਉਹ ਅਕਾਲ ਪੁਰਖ ਪ੍ਰਮਾਤਮਾਂ ਦੇ ਹੁਕਮ ਤੋਂ ਤਾਂ ਮਨੁੱਕਰ ਹੁੰਦਾ ਹੀ ਹੈ ਸਗੋਂ ਆਪਣੀ ਮਾਂ, ਭੈਣ, ਧੀ, ਸੁਪਤਨੀ ਨੂੰ ਵੀ ਪੂਰੇ ਹੱਕ ਨਾਂ ਦੇਣ ਦਾ ਦੋਸ਼ੀ ਹੈ।



ਜਰਾ ਧਿਆਨ ਦਿਉ! ਜਿਸ ਮਾਂ ਨੇ ਪੈਦਾ ਕੀਤੈ ਉਹ ਬਰਾਬਰ ਦੀ ਹੱਕਦਾਰ ਕਿਉਂ ਨਹੀਂ? ਮਾਂ ਵੱਡੀ ਹੈ ਜਾਂ ਪੁੱਤਰ? ਜੋ ਕਹਿੰਦੇ ਹਨ ਕਿ ਬੀਬੀਆਂ ਪੰਜ ਪਿਆਰੇ ਸਾਜਨ ਵੇਲੇ ਉੱਠ ਕੇ ਨਹੀਂ ਆਈਆਂ, ਉਨ੍ਹਾਂ ਨੇ ਕਦੇ ਇਹ ਇਤਿਹਾਸ ਪੜ੍ਹਿਐ ਕਿ ਸਦੀਆਂ ਤੋਂ ਲਤਾੜੀ ਜਾ ਰਹੀ ਔਰਤ ਉੱਪਰ ਉਸ ਵੇਲੇ ਵੀ ਅਜੇ ਬਾਮਣਵਾਦ ਅਤੇ ਮੁਲਾਣਾਵਾਦ ਦਾ ਪ੍ਰਭਾਵ ਸੀ। ਜੰਗ ਦਾ ਸਮਾ ਹੋਣ ਕਰਕੇ ਬਹੁਤੀਆਂ ਬੀਬੀਆਂ ਓਥੇ ਹਾਜ਼ਰ ਵੀ ਨਹੀਂ ਸਨ, ਫਿਰ ਵੀ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ, ਮਾਤਾ ਜੀਤੋ ਜੀ ਪਤੀ ਗੁਰੂ ਦੇ ਬਾਰਬਰ, ਬਾਟੇ ਵਿੱਚ ਪਤਾਸੇ ਪਾ ਕੇ, ਸੇਵਾ ਕਰ ਰਹੇ ਸਨ।

ਵਿਦਿਆ ਮਨੁੱਖਤਾ ਦਾ ਤੀਜਾ ਨੇਤਰ ਹੈ। ਅੱਜੋਕੀ ਇੱਕਵੀਂ ਸਦੀ ਵਿੱਚ ਔਰਤ ਪੜ੍ਹ ਲਿਖ ਗਈ ਅਤੇ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ। ਅੱਜੋਕੇ ਸਮੇ ਵੀ ਕਈ ਦੇਸ਼ਾਂ ਦੀਆਂ ਰਾਣੀਆਂ, ਪ੍ਰਧਾਨ ਮੰਤਰੀ ਜਾਂ ਮੁੱਖੀ ਔਰਤਾਂ ਸਨ ਤੇ ਹਨ ਜਿਵੇਂ ਰਾਣੀ ਝਾਂਸੀ, ਇੰਗਲੈਂਡ ਦੀ ਮਹਾਰਾਣੀ, ਸ੍ਰੀ ਮਤੀ ਇੰਦਰਾ ਗਾਂਧੀ, ਬੀਬੀ ਬੇਨਜ਼ੀਰ ਭੁੱਟੋ, ਬੀਬੀ ਮਾਇਆਵਤੀ, ਕਾਂਗਰਸ ਪ੍ਰਧਾਨ ਸ੍ਰੀ ਮਤੀ ਸੋਨੀਆਂ ਗਾਂਧੀ, ਬੰਗਾਲ ਦੀ ਮੁੱਖ ਮੰਤ੍ਰੀ ਬੀਬੀ ਮਮਤਾ, ਵਿਦੇਸ਼ ਮੰਤ੍ਰੀ ਬੀਬੀ ਸ਼ੁਸ਼ਮਾ ਸਵਰਾਜ ਆਦਿਕ। ਜਿਵੇਂ ਪੁਰਾਤਨ ਸਮੇਂ ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਜੀਤੋ, ਮਾਈ ਭਾਗੋ, ਬੀਬੀ ਸ਼ਰਨ ਕੌਰ, ਬੀਬੀ ਰਾਜ ਕੌਰ, ਮਹਾਂਰਾਣੀ (ਜਿੰਦਾਂ) ਜਿੰਦ ਕੌਰ, ਆਦਿਕ ਨੇ ਪੰਥਕ ਸੇਵਾ ਕੀਤੀ। ਵਕਤੀਆ ਜ਼ਾਲਮ ਮੁਗਲ ਸਰਕਾਰ ਨਾਲ, ਲੋਹਾ ਲੈਂਦੀਆਂ ਹੋਈਆਂ ਅਨੇਕਾਂ ਸਿੰਘਣੀਆਂ ਸ਼ਹਾਦਤਾਂ ਦੇ ਜਾਮ ਪੀ ਗਈਆਂ। ਉਨ੍ਹਾਂ ਦੇ ਸਾਮਹਣੇ ਜ਼ਾਲਮਾਂ ਨੇ, ਬੱਚਿਆਂ ਦੇ ਟੋਟੇ-ਟੋਟੇ ਕਰਕੇ, ਬੀਬੀਆਂ ਦੇ ਗਲਾਂ ਚ' ਹਾਰ ਬਣਾ ਪਾਏ, ਪਰ ਸਿਦਕਵਾਨ ਬਹਾਦਰ ਸਿੰਘਣੀਆਂ ਧਰਮ ਨਹੀਂ ਹਾਰਿਆ, ਸਗੋਂ ਪਿਆਰੇ ਪੰਥ ਤੋਂ ਆਪਾ ਵਾਰਿਆ। ਅਜੋਕੇ ਸਮੇ ਵੀ ਮਦਰ ਟਰੇਸਾ ਵਰਗੀਆਂ ਅਨੇਕਾਂ ਬੀਬੀਆਂ, ਲੋਕ ਸੇਵਾ ਕਰ ਗਈਆਂ ਤੇ ਬੀਬੀ ਇੰਦ੍ਰਜੀਤ ਕੌਰ ਪਿੰਗਲਵਾੜਾ ਤੇ ਬੀਬੀ ਕਿਰਨਜੋਤ ਕੌਰ ਸ਼੍ਰੋਮਣੀ ਕਮੇਟੀ ਵਰਗੀਆਂ ਅਨੇਕਾਂ ਅੱਜ ਵੀ ਮਿਸ਼ਨਰੀ ਕਾਲਜਾਂ ਤੇ ਕੁਝ ਹੋਰ ਪੰਥ ਦਰਦੀ ਸਭਾ ਸੁਸਾਇਟੀਆਂ ਨਾਲ ਅੰਮ੍ਰਿਤ ਸੰਚਾਰ ਅਤੇ ਕੀਰਤਨ ਦੀ ਸੇਵਾ ਕਰ ਰਹੀਆਂ ਹਨ। ਅੱਜ ਅਨੇਕਾਂ ਸਭਾ ਸੁਸਾਇਟੀਆਂ ਦੀਆਂ ਮੁਖੀ, ਜਿਵੇਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਪਿੰਗਲਵਾੜਾ ਭਗਤ ਪੂਰਨ ਸਿੰਘ ਤੇ ਸੁਖਮਨੀ ਸਾਹਿਬ ਸੁਸਾਇਟੀਆਂ ਆਦਿਕ। ਪੰਥ ਦਾ ਫਰਜ਼ ਬਣਦੈ ਅੱਜ ਸਦੀਆਂ ਤੋਂ ਲਤਾੜੀ, ਪਛਾੜੀ ਤੇ ਦੁਰਕਾਰੀ ਹੋਈ ਔਰਤ ਨੂੰ, ਮਨੁੱਖੀ ਬਰਾਬਰਤਾ ਦਾ ਹੱਕ ਦੇ ਕੇ, ਅਕਾਲ ਪੁਰਖ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਹੋਇਆ, ਸੰਸਾਰ ਨੂੰ ਇੱਕ ਸਹੀ ਨਮੂੰਨਾ ਬਣ ਕੇ ਦਿਖਾਵੇ।

ਜਰਾ ਸੋਚੋ! ਜੇ ਬੀਬੀਆਂ ਕੀਰਤਨ ਸਿੱਖ ਸਕਦੀਆਂ ਨੇ ਤਾਂ ਉਹ ਕੀਰਤਨ ਕਰ ਵੀ ਸਕਦੀਆਂ ਹਨ। ਜੇ ਅੰਮ੍ਰਿਤ ਛੱਕਦੀਆਂ ਤਾਂ ਛਕਾ ਵੀ ਸਕਦੀਆਂ ਨੇ ਕਿਉਂਕਿ ਉਹ ਹੁਣ ਖ਼ਾਲਸਾ ਪੰਥ ਦੀਆਂ ਮੈਂਬਰ ਹਨ। ਗੁਰੂ ਜੀ ਨੇ ਖੰਡੇ ਦੀ ਪਾਹੁਲ ਲੈਣ ਵਾਲੇ, ਇਸਤਰੀ ਤੇ ਮਰਦ ਦੋਨਾਂ ਨੂੰ, ਖ਼ਾਲਸਾ ਸ਼ਬਦ ਨਾਲ ਸੰਬੋਧਨ ਕੀਤਾ ਅਤੇ ਔਰਤ ਨੂੰ ਖ਼ਾਲਸੀ ਨਹੀਂ ਕਿਹਾ ਸਗੋਂ ਖ਼ਾਲਸਾ ਕਹਿ ਕੇ ਬਰਾਬਰਤਾ ਦਿੱਤੀ ਸੀ। ਸਿੱਖ ਰਹਿਤ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਸਿੰਘਣੀਆਂ ਵੀ ਸ਼ਾਮਲ ਹੋ ਸਕਦੀਆਂ ਹਨ ਪਰ ਟਕਸਾਲਾਂ ਸੰਪ੍ਰਦਾਵਾਂ ਅਤੇ ਡੇਰਿਆਂ ਦੇ ਮਗਰ ਲੱਗ ਕੇ ਅਜੋਕੇ ਪ੍ਰਬੰਧਕ ਅਤੇ ਡੇਰੇਦਾਰ ਬੀਬੀਆਂ ਨੂੰ ਬਰਾਬਰ ਦੇ ਅਧਿਕਾਰ ਨਹੀਂ ਦੇ ਰਹੇ। ਕੀ ਅਜੋਕੇ ਪ੍ਰਬੰਧਕਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ ਜੋ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦਿੰਦੈ ਜਾਂ ਬਾਮਣ ਜੋ ਔਰਤ ਨੂੰ ਪੈਰ ਦੀ ਜੁੱਤੀ ਸਮਝਦਾ ਹੈ?-ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥ ਅਰਝ ਉਰਝ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਸੋ ਸਾਨੂੰ ਲਿੰਗ-ਭੇਦ ਤੋਂ ਉੱਪਰ ਉੱਠ ਧਾਰਮਿਕ, ਸਮਾਜਿਕ ਤੇ ਆਰਥਿਕ ਬਰਾਬਰਤਾ ਜੋ ਸਿਰਜਨਹਾਰ ਨੇ ਪਹਿਲਾਂ ਹੀ ਦਿੱਤੀ ਹੋਈ ਹੈ ਨੂੰ ਸਵੀਕਾਰ ਕਰਨੈ ਨਾ ਕਿ ਅੰਨ੍ਹੇ ਵਾਹ ਡੇਰੇਦਾਰ ਸਾਧ ਅਤੇ ਸੰਪਰਦਾਵਾਂ ਦੇ ਮਗਰ ਲੱਗਣਾ ਚਾਹੀਦਾ ਹੈ (ਜੋ ਬੀਬੀਆਂ ਤੋਂ ਮੁੱਠੀ ਚਾਪੀ ਕਰਾਉਂਦੇ ਤਾਂ ਥੱਕਦੇ ਨਹੀਂ ਪਰ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਬੀਬੀ ਉਨ੍ਹਾਂ ਨੂੰ ਟੱਚ ਕਰ ਜਾਵੇ ਤਾਂ ਉਨ੍ਹਾਂ ਦਾ ਜਤ ਭੰਗ ਹੋ ਜਾਂਦਾ ਹੈ) ਇਹ ਭੇਖੀ ਸਾਧ ਸਿੱਖ ਧਰਮ ਨੂੰ ਬ੍ਰਾਹਮਣੀ ਕਰਮ ਕਾਂਡਾਂ ਵਿੱਚ ਰਲ-ਗਡ ਕਰੀ ਜਾ ਰਹੇ ਹਨ, ਜਿਸ ਦਾ ਪ੍ਰਤੱਖ ਸਬੂਤ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਡੇਰਿਆਂ, ਸੰਪ੍ਰਦਾਵਾਂ ਵਿੱਚ ਲਾਗੂ ਨਹੀਂ ਕਰਦੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ, ਹੋਰਨਾਂ ਗ੍ਰੰਥਾਂ ਦਾ ਵੀ ਪ੍ਰਕਾਸ਼ ਕਰਦੇ ਨੇ ਜਿਨ੍ਹਾਂ ਵਿੱਚ ਔਰਤਾਂ ਨੂੰ ਨੀਚ ਦਰਸਾਇਆ ਹੈ। ਹਿੰਦੂ ਧਰਮ ਗ੍ਰੰਥਾਂ ਅਤੇ ਸਮਾਜ ਵਿੱਚ ਤਾਂ ਔਰਤ ਪੈਰ ਦੀ ਜੁੱਤੀ ਬਰਾਬਰ ਮੰਨੀ ਗਈ ਹੈ-ਢੋਲ ਗਵਾਰ ਸ਼ੂਦਰ ਪਛ ਨਾਰੀ। ਜਿਹ ਸਭ ਤਾੜਨ ਕੇ ਅਧਿਕਾਰੀ।(ਤੁਲਸੀ ਦਾਸ) ਅਜਿਹੇ ਧਰਮ ਗ੍ਰੰਥਾਂ ਅਤੇ ਧਰਮ ਵਿਦਵਾਨਾਂ ਦੇ ਵਤੀਰੇ ਦਾ ਹੀ ਨਤੀਜਾ ਹੈ ਕਿ ਅੱਜ ਤੱਕ ਫੀਮੇਲ, ਬੇਬੀ ਔਰਤ ਨੂੰ ਹੀ ਕੁੱਖ ਵਿੱਚ ਟੈਸਟ ਕਰਵਾ ਮਾਰ ਦਿੱਤਾ ਜਾਂਦੈ ਪਰ ਮੇਲ ਬੇਬੀ ਮੁੰਡੇ ਨੂੰ ਨਹੀਂ ਅਜਿਹਾ ਵਿਤਕਰੇ ਭਰਿਆ ਜ਼ੁਲਮ ਕਿਉਂ?

ਜੋ ਵੀਰ ਕਹਿੰਦੇ ਹਨ ਕਿ ਸਭ ਕੁਝ ਪੁਰਾਤਨ ਹੀ ਹੋਣਾ ਚਾਹੀਦਾ ਹੈ, ਉਹ ਨਵੀਨ ਕਿਉਂ ਕਰ ਰਹੇ ਹਨ? ਉਸ ਵੇਲੇ ਤਾਂ ਔਰਤਾਂ ਸਕੂਲ ਜਾਂ ਮਦਰੱਸੇ ਜਾ ਕੇ ਪੜ੍ਹ ਨਹੀਂ ਸਕਦੀਆਂ ਸਨ ਅੱਜ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਕਿਉਂ ਪੜ੍ਹਾ ਰਹੇ ਹਾਨ? ਉਸ ਵੇਲੇ ਔਰਤ ਨੌਕਰੀ ਜਾਂ ਖੇਤੀ ਵੀ ਨਹੀਂ ਸੀ ਕਰ ਸਕਦੀ, ਅੱਜ ਕਿਉਂ ਨੌਕਰੀਆਂ ਕਰਵਾ ਰਹੇ ਹੋ? ਉਸ ਵੇਲੇ ਤਾਂ ਸ਼ੂਦਰਾਂ ਨੂੰ ਪ੍ਰਭੂ ਭਗਤੀ ਕਰਨ ਜਾਂ ਧਰਮ ਅਸਥਾਨ ਚ' ਜਾਣ ਦਾ ਅਧਿਕਾਰ ਹੀ ਨਹੀਂ ਸੀ, ਅੱਜ ਕਿਉਂ ਹੈ? ਸੋ ਜਿਉਂ ਜਿਉਂ ਜ਼ਮਾਨਾਂ ਤਰੱਕੀ ਕਰਦੈ, ਮਨੁੱਖਤਾ ਦਾ ਰਹਿਣ ਸਹਿਣ ਤੇ ਰਹੁ ਰੀਤਾਂ ਵੀ ਬਦਲਦੀਆਂ ਹਨ।

ਸਦਾ ਲਈ ਕਿਸੇ ਦੇ ਹੱਕ ਨਹੀਂ ਦਬਾਏ ਜਾ ਸਕਦੇ, ਜਦੋਂ ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਜਾਵੇ, ਆਪੇ ਹੀ ਆਪਣੇ ਹੱਕ ਲੈ ਲੈਂਦਾ ਹੈ। ਅੱਜ ਹਰ ਧਰਮ ਦੀ ਔਰਤ ਪੜ੍ਹ ਲਿਖ ਕੇ, ਹਰ ਖੇਤਰ ਵਿੱਚ ਮਰਦ ਦੇ ਨਾਲ ਬਰਾਬਰ ਕੰਮ ਕਰ ਰਹੀ ਹੈ, ਜੋ ਧਾਰਮਿਕ ਤੌਰ ਤੇ ਵੀ ਬਰਾਬਰ ਦੀ ਹੱਕਦਾਰ ਹੋਣੀ ਚਾਹੀਦੀ ਹੈ। ਉਸ ਨੇ ਹੁਣ ਬ੍ਰਾਹਮਣਵਾਦੀ ਸਾਧਾਂ-ਸੰਤਾਂ, ਮੁਲਾਣਿਆਂ ਅਤੇ ਪ੍ਰੋਹਿਤਵਾਦੀ ਸਿੱਖ ਆਗੂਆਂ ਤੋਂ ਆਪਣੇ ਹੱਕ ਆਪ ਲੈ ਲੈਣੇ ਹਨ ਕਿਉਂਕਿ ਗੁਰੂਆਂ ਭਗਤਾਂ ਦੀ ਬਾਣੀ ਅਤੇ ਵਿਦਿਆ, ਇਹ ਹੱਕ ਉਨ੍ਹਾਂ ਨੂੰ ਦੇ ਰਹੀ ਹੈ। ਜਿਵੇਂ ਹਿੰਦੂ ਮੰਦਰ ਅਤੇ ਮੁਸਲਿਮ ਮਸਜਿਦ ਆਦਿਕ ਧਰਮ ਅਸਥਾਨਾਂ ਵਿੱਚ ਔਰਤ ਨੂੰ ਇਹ ਹੱਕ ਨਹੀਂ ਪਰ ਅਸੀਂ ਨਾਂ ਹਿੰਦੂ ਅਤੇ ਨਾਂ ਹੀ ਮੁਸਲਮਾਨ ਹਾਂ-ਨਾ ਹਮ ਹਿੰਦੂ ਨ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥੪॥(੧੧੩੬) ਸਿੱਖ ਧਰਮ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੰਦਾ ਹੈ। ਇਸ ਲਈ ਸਿੱਖ ਬੀਬੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ ਤੇ ਸਿੱਖ ਮਰਦਾਂ ਦੇ ਬਰਾਬਰ, ਹਰ ਖੇਤਰ ਵਿੱਚ ਕੰਮ ਕਰ ਸਕਦੀਆਂ ਹਨ। ਪਰ ਅੱਜ ਸਿੱਖ ਧਰਮ 'ਤੇ ਅਮਰਵੇਲ ਵਾਂਗ ਛਾਏ ਸੰਪ੍ਰਦਾਈ, ਡੇਰੇਦਾਰ ਅਤੇ ਕੁਰੱਪਟ ਬੇਈਮਾਨ ਲੀਡਰ ਹੀ ਔਰਤਾਂ ਦੇ ਹੱਕਾਂ ਦੇ ਰਾਹ ਦਾ ਰੋੜਾ ਬਣੇ ਹੋਏ ਹਨ।

ਹੁਣ ਮੀਡੀਆ ਤਾਕਤਵਰ ਹੋਣ ਅਤੇ ਇੰਟ੍ਰਨੈਟ ਤੇ ਸਭ ਤਰ੍ਹਾਂ ਦੀ ਜਾਣਕਾਰੀ ਸਭ ਨੂੰ ਬਰਾਬਰ ਮਿਲਣ ਕਰਕੇ, ਦਿਨ ਪ੍ਰਤੀ ਦਿਨ ਫਰਕ ਪੈ ਰਿਹਾ ਹੈ। ਹੁਣ ਬੀਬੀਆਂ ਗੁਰਬਾਣੀ ਦਾ ਪਾਠ, ਕੀਰਤਨ, ਵਿਆਖਿਆ, ਕਵੀਸ਼ਰੀ ਅਤੇ ਢਾਡੀ ਵਾਰਾਂ ਵੀ ਗਾ ਰਹੀਆਂ ਹਨ। ਖੇਤਾਂ ਅਤੇ ਦਫਤਰਾਂ ਵਿੱਚ ਵੀ ਬਰਾਬਰ ਕੰਮ ਕਰ ਰਹੀਆਂ ਹਨ। ਰਾਜਨੀਤਿਕ ਤੌਰ ਤੇ ਵੀ ਲੀਡਰ ਬਣ ਰਹੀਆਂ ਹਨ। ਖੇਡਾਂ ਵਿੱਚ ਵੀ ਬਰਾਬਰ ਮੱਲਾਂ ਮਾਰ ਰਹੀਆਂ ਹਨ। ਪੁਲੀਸ ਅਤੇ ਫੌਜ ਵਿੱਚ ਵੀ ਬਹਾਦਰੀ ਦੇ ਜੌਹਰ ਦਿਖਾ ਰਹੀਆਂ ਹਨ। ਡਾਕਟਰੀ ਅਤੇ ਵਿਦਿਆ ਦੇ ਖੇਤਰ ਵਿੱਚ ਮਰਦਾਂ ਤੋਂ ਘੱਟ ਨਹੀਂ ਹਨ। ਘਰ ਦਾ ਕੰਮ ਕਰਦੀਆਂ ਵੀ ਨੌਕਰੀਆਂ ਅਤੇ ਬਿਜਨਸ ਕਰ ਰਹੀਆਂ ਹਨ।

ਯਾਦ ਰੱਖੋ ਜਿਸ ਦਿਨ ਪੁਜਾਰੀਵਾਦ, ਸਾਧ ਲਾਣੇ ਅਤੇ ਅੰਧ ਵਿਸ਼ਵਾਸ਼ਾਂ ਦਾ ਸੰਗਲ ਜਨਤਾ ਗਲੋਂ ਲਹਿ ਗਿਆ, ਉਸ ਦਿਨ ਤੋਂ ਧਾਰਮਿਕ ਤੌਰ ਤੇ ਬੀਬੀਆਂ ਵੀ ਸਭ ਧਰਮ ਰਸਮਾਂ ਵਿੱਚ ਸ਼ਾਮਲ ਹੋ ਜਾਣਗੀਆਂ।

ਦੁਨੀਆਂ ਭਰ ਦੀ ਕੋਈ ਬੀਬੀ ਵੀ ਸਰਬਸਾਂਝੇ ਅਧੁਨਿਕ ਜੀਵਨਜਾਚ ਵਾਲੇ ਧਰਮ ਨੂੰ ਅਪਣਾਉਣ ਵਿੱਚ ਫਕਰ ਸਮਝੇਗੀ ਕਿਉਂਕਿ ਸਿੱਖ ਧਰਮ ਸੌੜੀਆਂ ਤੰਗਦਿਲੀਆਂ ਨੂੰ ਛੱਡ, ਸਾਰੀ ਲੁਕਾਈ ਨੂੰ ਆਪਣੇ ਕਲਾਵੇ ਵਿੱਚ ਲੈਣ ਦੇ ਸਮਰੱਥ ਹੈ। ਦੁਨੀਆਂ ਭਰ ਦੀਆਂ ਬੀਬੀਆਂ ਨੂੰ ਅਜਿਹੇ ਅਗਾਂਹ ਵਧੂ ਅਤੇ ਸਰਬਸਾਂਝੇ ਧਰਮ ਦੇ ਬਾਨੀ, ਬਾਬਾ ਗੁਰੂ ਨਾਨਕ ਸਾਹਿਬ, ਉਨ੍ਹਾਂ ਦੇ ਜਾਂਨਸ਼ੀਨ ਗੁਰੂਆਂ, ਰੱਬੀ ਭਗਤਾਂ ਅਤੇ ਹੋਰ ਧਰਮਾਂ ਦੇ ਵੀ ਅਗਾਂਹ ਵਧੂ ਆਗੂਆਂ 'ਤੇ ਮਾਣ ਕਰਦੇ ਹੋਏ, ਗੁਰਬਾਣੀ ਅਤੇ ਉਚੇਰੀ ਵਿਦਿਆ ਤੋਂ ਸੁਚੱਜੀ ਅਗਵਾਈ ਲੈ ਕੇ, ਹਰ ਥਾਂ ਆਪਣੇ ਬਰਾਬਰ ਹੱਕ ਪ੍ਰਾਪਤ ਕਰਨੇ ਚਾਹੀਦੇ ਹਨ।

# ਮਿੱਠੀ ਬੋਲੀ ਰੰਗਲੇ ਪੰਜਾਬ ਦੀ ਪੰਜਾਬੀਓ ਪੰਜਾਬੀਓ ਪੰਜਾਬੀ ਯਾਦ ਰੱਖਿਓ" ਗੀਤ ਨਾਲ ਪੰਜਾਬੀਅਤ ਦੀ ਗੱਲ ਕਰ ਗਿਆ ਸਟਾਰ ਗਾਇਕ ਜੈਜ਼ੀ ਬੀ

ਪੰਜਾਬੀ ਸੰਗੀਤ ਰੂਹਾਨੀਅਤ ਖੁਰਾਕ ਹੈ।ਰੂਹ ਨੂੰ ਤ੍ਰਿਪਤਿ ਕਰਨ ਦਾ ਜ਼ਰੀਆ ਹੈ। ਪੰਜਾਬੀ ਸੱਭਿਆਚਾਰਕ ਸ਼ਬਦ ਗੀਤ ਦੇ ਰੂਪ ਚ ਸੁਰੀਲੀ, ਪਰਪੱਕ ਆਵਾਜ਼ ਅਤੇ ਸੰਗੀਤਿਕ ਧੁਨਾਂ ਚ ਲਬਰੇਜ਼ ਹੋਕੇ ਜਦੋਂ ਸਰੋਤਿਆਂ ਦੀ ਰੂਹ ਨੂੰ ਤ੍ਰਿਪਤਿ ਕਰਨ, ਨਾਲ ਨਾਲ ਗੁਣਗਣਾਉਣ,ਨੱਚਣ ਲਈ ਮਜਬੂਰ ਕਰਨ ਦੀ ਸਮੱਰਥਾ ਰੱਖਣ ਤਾਂ ਸ਼ਬਦਾਂ ਨੂੰ ਆਪਣੀ ਸੁਰੀਲੀ ਆਵਾਜ ਦੇਣ ਵਾਲਾ ਇੱਕ ਸਮਰੱਥ ਕਲਾਕਾਰ ਹੋ ਨਿੱਬੜਦਾ ਹੈ।ਭਾਰਤੀ ਅਤੇ ਪੱਛਮੀ ਸੰਗੀਤ ਨੂੰ ਰਾਲਗੱਡ ਕਰਕੇ ਪੰਜਾਬੀ ਸੰਗੀਤ ਨੂੰ ਪੂਰੀ ਦੁਨੀਆਂ ਚ ਪਹਿਚਾਣ ਦਿਵਾਉਣ ਵਾਲੇ ਗਾਇਕਾਂ ਚੋਂ ਸੁਪਰ ਸਟਾਰ ਗਾਇਕ ਅਤੇ ਅਦਾਕਾਰ ਜੈਜ਼ੀ ਬੀ. ਦਾ ਨਾਮ ਸਭ ਤੋਂ ਉੱਪਰਲੀਆਂ ਸਫਾਂ 'ਚ ਆਉਂਦਾ ਹੈ। ਬੀਟ ਗੀਤਾਂ 'ਚ ਉਸਦਾ ਕੋਈ ਮੁਕਾਬਲਾ ਨਹੀਂ ਹੈ।

ਸ਼ਹੀਦ ਭਗਤ ਸਿੰਘ ਨਗਰ ਦੇ ਜਿਲ੍ਹਾ ਮੁਕਾਮ ਦੀ ਦੱਖਣ ਪੂਰਬੀ ਵੱਖੀ 'ਚ ਵਸੇ ਪਿੰਡ ਦੁਰਗਾਪੁਰ ਚ 1ਅਪ੍ਰੈਲ 1975 ਨੂੰ ਪਿਤਾ ਸ੍.ਗੁਰਮੇਲ ਸਿੰਘ ਦੇ ਵਿਹੜੇ ਦਾ ਖੇੜ੍ਹਾ ਅਤੇ ਮਾਤਾ ਸ੍ਰੀਮਤੀ ਚਰਨ ਕੌਰ ਦੀ ਬੁੱਕਲ ਦਾ ਸ਼ਿੰਗਾਰ ਬਣੇ, ਪਿੰਡ ਦੁਰਗਾਪੁਰ ਦੀਆਂ ਕੱਚੀਆਂ ਗਲੀਆਂ ਘੁੰਮੇ ਅਤੇ ਤੱਪੜ ਮਾਰਕਾ ਸਕੂਲ ਚ ਪੜ੍ਹੇ ਜਸਵਿੰਦਰ ਸਿੰਘ ਬੈਂਸ ਬਾਰੇ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹ ਇਤਨਾ ਵੱਡਾ ਪੰਜਾਬੀ ਗਾਇਕੀ ਦਾ ਸੁਪਰ ਸਟਾਰ ਬਣੇਗਾ। ਗੁਰਦੇਵ ਸਿੰਘ ਬੈਂਸ(ਚਮਕੀਲਾ) ਦੇ ਭਰਾ ਜਸਵਿੰਦਰ ਉਰਫ ਜੱਜੀ ਨੂੰ ਬਚਪਨ ਚ ਹੀ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀਆਂ ਲੋਕ ਗਾਥਾਵਾਂ ਸੁਣ ਕੇ ਗਾਇਕੀ ਦਾ ਸ਼ੌਕ ਜਾਗ ਪਿਆ ਸੀ।ਪਿੰਡ ਰਹਿੰਦਿਆਂ ਪੜ੍ਹਾਈ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਚ ਕੀਰਤਨ ਸੁਣਨਾ , ਰਾਗਾਂ ਨੂੰ ਸਮਝਣਾ ਅਤੇ ਘਰ ਆਕੇ ਆਪਣੇ ਚੁਬਾਰੇ ਚ ਗੀਤਾਂ ਤੇ




ਰਿਆਜ ਕਰਨਾ, ਪੜ੍ਹਾਈ ਦੌਰਾਨ ਸਕੂਲ,ਕਾਲਜ ਦੇ ਫੰਕਸ਼ਨਾਂ ਚ ਭੰਗੜਾ ਪਾਉਣਾ ਅਤੇ ਬੋਲੀਆਂ ਪਾਉਣਾ ਉਸਦੇ ਮੁੱਢਲੇ ਸ਼ੌਕ ਰਹੇ ਹਨ।ਸੰਗੀਤ ਦੀਆਂ ਬਾਰੀਕੀਆਂ ਸਿੱਖਣ ਲਈ ਸਵਰਗੀ ਕੁਲਦੀਪ ਮਾਣਕ ਨੂੰ ਜਾ ਉਸਤਾਦ ਧਾਰਿਆ।ਦੋਸਤਾਂ ਦੀ ਹੱਲਾਸ਼ੇਰੀ, ਅੰਦਰੂਨੀ ਉਤਸ਼ਾਹ ਅਤੇ ਸ਼ੌਕ ਸਦਕਾ ਗਾਇਕੀ ਦੇ ਇਸ ਤਿਲਕਣੇ ਪਿੜ ਚ ਪੱਕੇ ਪੈਰ ਜਮਾਉਣ ਲਈ ਜੱਦੋਜਹਿਦ ਕਰਦਿਆਂ 1993 ਚ ਕੈਸਿਟ ਕਲਚਰ ਸਮੇਂ ਪਹਿਲੀ ਕੈਸਿਟ "ਘੁੱਗੀਆਂ ਦਾ ਜੋੜਾ" ਨਾਲ ਅਜਿਹੀ ਪਾਰੀ ਖੇਡੀ ਅਤੇ ਮੁੜਕੇ ਪਿਛਾਂਹ ਨਹੀਂ ਦੇਖਿਆ।ਕਦਮ ਦਰ ਕਦਮ, ਇੱਕ ਬਾਅਦ ਇੱਕ ਸੁਪਰ-ਡੁਪਰ ਗੀਤ ਨਾਲ ਸੰਗੀਤ ਦੀ ਦੁਨੀਆਂ ਚ ਧਰੂ ਤਾਰੇ ਵਾਂਗ ਚਮਕਣ ਲੱਗਿਆ।ਉਹ ਰੋਜੀ ਰੋਟੀ ਦੀ ਭਾਲ ਚ ਪੰਜਾਬ ਤੋਂ ਕੇਨੇਡਾ ਦੇ ਸ਼ਹਿਰ ਸਰੀ ਉਡਾਰੀ ਮਾਰ ਗਿਆ।ਉੱਥੇ ਉਸਦੀ ਸੰਗੀਤਕਾਰ ਸੁਖਜਿੰਦਰ ਸ਼ਿੰਦਾ ਨਾਲ ਅਜਿਹੀ ਟੋਨ ਮਿਲੀ ਬੱਸ "ਨਾਗ ਸਾਂਭ ਲੈ ਜੁਲਫਾਂ ਦੇ" ਨਾਲ ਜਸਵਿੰਦਰ ਬੈਂਸ ਤੋਂ ਜੈਜੀ ਬੈਂਸ ਬਣ ਗਿਆ।ਉਸ-ਦੀਆਂ ਮਾਰਕੀਟ ਚ ਐਲਬਮਾਂ ਦਾ ਜਿਕਰ ਜੇਕਰ ਕਰੀਏ ਤਾਂ ਲਿਸਟ ਬਹੁਤ ਲੰਮੀ ਹੈ।ਉਸਨੇ ਪੰਜਾਬ ਅਤੇ ਭਾਰਤ ਤੋਂ ਇਲਾਵਾ ਸੱਤ ਸਮੁੰਦਰੋਂ ਪਾਰ ਕੇਨੇਡਾ, ਅਮਰੀਕਾ, ਆਸਟਰੇਲੀਆ ਆਦਿ ਦੇਸ਼ਾਂ ਚ ਆਪਣੀ ਬੁਲੰਦ ਅਤੇ ਸੁਰੀਲੀ ਆਵਾਜ਼ ਦਾ ਲੋਕ ਦਿਲਾਂ ਤੇ ਜਾਦੂ ਕੀਤਾ।

ਉਹਨਾਂ ਧਾਰਮਿਕ ਖੇਤਰ ਚ ਵੀ 1999 ਚ ਐਲਬਮ "ਸਿੰਘਾਂ ਦੀ ਕੌਮ ਬਹਾਦਰ" ਅਤੇ 2003 ਚ "ਸਿੱਖੀ ਖੰਡਿਓ ਤਿੱਖੀ" ਨਾਲ ਆਪਣੀ ਆਵਾਜ਼ ਦਾ ਲੋਹਾ ਮੰਨਵਾਇਆ ਹੈ। ਸਵਰਗੀ ਕੁਲਦੀਪ ਮਾਣਕ ਅਤੇ ਯੁਧਵੀਰ ਮਾਣਕ ਨਾਲ "ਛੱਡੀਏ ਨਾ ਵੈਰੀ ਨੂੰ" ਅਤੇ "ਹੁਕਮ ਮੇਰੇ ਨੂੰ ਟਾਲਣ ਵਾਲਾ ਜੱਗ ਤੇ ਜੰਮਿਆ ਨਹੀਂ" ਨਾਲ ਗੀਤ ਗਾਕੇ ਇੱਕ ਵੱਖਰੀ ਮਿਸਾਲ ਕਾਇਮ ਕੀਤੀ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਜੈਜੀ ਬੀ ਨੇ ਆਪਣੀ ਗਾਇਕੀ ਚ ਸਫਲਤਾ ਦੇ ਝੰਡੇ ਨੂੰ ਬੁਲੰਦ ਕਰਦਿਆਂ ਕਲੱਬਰੇਸ਼ਨ ਚ ਅੱਖ ਦੇ ਇਸ਼ਾਰੇ,ਰਲ ਖੁਸ਼ੀਆਂ ਮਨਾਈਏ, ਸਤਿਗੁਰੂ ਮੇਰਾ,ਨਾਗ-2, ਦਿਸ ਪਾਰਟੀ ਗੈਟਿੰਗ ਹੋਟ,ਸਿੰਘਾਂ ਦੀਆਂ ਗੱਡੀਆਂ ਆਦਿ ਗੀਤਾਂ ਨਾਲ ਜੈਜੀ ਬੀ-ਜੈਜੀ ਬੀ ਕਰਵਾ ਦਿੱਤੀ।

ਜੈਜੀ ਬੀ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ 'ਚ ਵੀ ਆਪਣੀ ਸੁਰੀਲੀ ਆਵਾਜ ਨਾਲ ਗਾਇਕੀ ਦਾ ਲੋਹਾ ਮੰਨਵਾਇਆ ਹੈ, ਜਿੰਨ੍ਹਾਂ ਚੋਂ ਸਰਦਾਰ ਸਾਹਿਬ, ਤੂਤਕ ਤੂਤਕ ਤੂਤੀਆਂ, ਯੋਧਾ ਚ ਘੋੜਾ,ਸ਼ਾਦੀ ਕੇ ਸਾਈਡ ਇਫੈਕਟ, ਡਬਲ ਦੀ ਟਰੱਬਲ,ਸਾਡਾ ਹੱਕ, ਸਾਹਿਬ ਬੀਵੀ ਔਰ ਗੈਂਗਸਟਰ ਰਿਟਰਨ, ਰਸ਼ ਫਿਲਮ, ਤੀਸਰੀ ਅੱਖ ਚ ਚੁੱਕ ਦੇ ਪੰਜਾਬੀ, ਸ਼ਹੀਦ ਊਧਮ ਸਿੰਘ 'ਚ ਊਧਮ ਸਿੰਘ ਗੀਤ ਆਦਿ ਜਿਕਰਯੋਗ ਹਨ।

# RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar

REALTOR ®

CalBRE # 01418648

Honesty Starts From Here

SELL OR BUY

Residential • Business • Commercial
Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000

Email : Dil.Realtor@gmail.com



2081 Arena Blvd # 100 Sacramento, CA 95834

# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ







New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ




ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# Chicago's Pizza with a Twist

Call: 1-209-398-2221







Parvinder Dhesi



Kulwant Sandhu

1471 B St., Unit B, Livingston, CA 95334

# ਕਵਿਤਾ/ ਸਿਪਾਹੀ



ਚੌਕ ਦੇ ਵਿੱਚ ਖੜ੍ਹਾ ਸਿਪਾਹੀ,
ਤੋਰਦਾ ਲੋਕਾਂ ਨੂੰ ਸਿੱਧੇ ਰਾਹੀ।
ਹੱਥ ਹਿਲਾ ਸਮਝਾਵੇ ਇਸ਼ਾਰੇ,
ਰੋਕ ਦਿੰਦਾ ਹੈ ਵਹੀਕਲ ਸਾਰੇ।
ਗਲਤੀ ਕਰਨ ਤੇ ਕੱਟੇ ਚਲਾਨ,
ਗੌਰਮਿੰਟ ਖਾਤੇ ਕਰੇ ਭੁਗਤਾਨ।
ਧੁੱਪ ਛਾਂ ਦੀ ਨਾ ਕਰੇ ਪਰਵਾਹ,
ਮੀਂਹ 'ਚ ਵੀ ਚੱਲੀ ਜਾਏ ਰਾਹ।
ਦੱਸਦਾ ਰਹਿੰਦਾ ਮਾਰ ਕੇ ਸੀਟੀ,
ਲੱਗੇ ਜਿਵੇਂ ਕੋਈ ਕਰੇ ਪੀ
ਵਰਦੀ ਵਿੱਚ ਬੜਾ ਸੋਹਣਾ ਲੱਗੇ,
ਡਿਊਟੀ ਤੇ ਨਾ ਬਿਲਕੁਲ ਥੱਕੇ।
ਅਫਸਰ ਵੇਖ ਕੇ ਮਾਰੇ ਸਲੂਟ,
ਲੋਕਾਂ ਨਾਲ ਕਰੇ ਚੰਗਾ ਸਲੂਕ।
ਸਿਪਾਹੀ ਨੂੰ ਕਰੀਏ ਸਹਿਯੋਗ,
ਦੁਰਘਟਨਾਵਾਂ ਦਾ ਪੈ ਜਾਊ ਭੋਗ।



–
**ਚਮਨਦੀਪ ਸ਼ਰਮਾ**
91-95010 33005

## ਪੰਜਾਬੀ ਗੀਤ
# ਸ ਹੀ ਸਵਰਗ ਪਹੁੰਚਾਵੇ

ਸ ਸਤਿ ਸ਼੍ਰੀ ਅਕਾਲ ਬੁਲਾਵਾਂ, ਸੱਸੇ ਦੀ ਸੁਰ ਸਰਗਮ ਗਾਵਾਂ,
ਸ ਸਮੇਂ ਨਾ' ਦੁਨੀਆਂ ਚੱਲਦੀ, ਸ 'ਤੇ ਲਿਖ ਗੀਤ ਬਣਾਵਾਂ,
ਸ ਸਾਵਾ-ਸਾਵਾ ਕਹਾਂ, ਤਾਂ ਢੋਲੀ ਢੋਲ ਵਜਾਵੇ...
ਸੱਤਿਆਨਾਸ਼ ਵੀ ਕਰ ਦਿੰਦਾ, ਸ ਹੀ ਸਵਰਗ ਪਹੁੰਚਾਵੇ..

ਸ ਨਾਲ ਹੀ ਸੂਰਜ ਬਣੇ, ਜੋ ਸਭ ਨੂੰ ਰੌਸ਼ਨੀ ਵੰਡਦਾ,
ਠੰਢ ਵਿੱਚ ਜੇ ਚਮਕਾਂ ਮਾਰੇ, ਪਤਾ ਲੱਗੇ ਨ ਠੰਢ ਦਾ,
ਸ ਸਵੇਰ ਤੇ ਸ ਸ਼ਾਮ, ਹਰ ਇੱਕ ਜ਼ਿੰਦਗੀ ਵਿੱਚ ਆਵੇ...
ਸੱਤਿਆਨਾਸ਼ ਵੀ ਕਰ ਦਿੰਦਾ, ਸ ਹੀ ਸਵਰਗ ਪਹੁੰਚਾਵੇ..

ਸ ਗੰਢਦਾ ਰਿਸ਼ਤੇਦਾਰੀ, ਕੋਈ ਹਲਕੀ ਕੋਈ ਹੁੰਦੀ ਭਾਰੀ,
ਸ ਸਹੁਰਾ, ਸਾਢੂੰ ਬਣਦੇ, ਸਾਲਾ-ਸਾਲੀ ਦੀ ਦੁਨੀਆਂਦਾਰੀ,
ਕਪੱਤੀ ਸੱਸ ਦਾ ਰੂਪ ਧਾਰ, ਘਰ ਭਾਂਬੜ ਅੱਗ ਮਚਾਵੇ...
ਸੱਤਿਆਨਾਸ਼ ਵੀ ਕਰ ਦਿੰਦਾ, ਸ ਹੀ ਸਵਰਗ ਪਹੁੰਚਾਵੇ..

ਕੋਈ ਸ ਤੋਂ ਬਚ ਨ੍ਹੀਂ ਸਕਦਾ, ਬਿਨ ਇਸਤੋਂ ਰੋ-ਹੱਸ ਨ੍ਹੀਂ ਸਕਦਾ,
ਇਸ ਸ ਨਾਲ ਦੁੱਖ-ਸੁੱਖ ਸਾਂਝਾ, ਹੋਰ ਕਿਸੇ ਨੂੰ ਦੱਸ ਨ੍ਹੀਂ ਸਕਦਾ,
ਖ਼ੁਸ਼ੀਆਂ-ਗ਼ਮੀਆਂ ਦੇ ਸਮੇਂ, ਇਹ ਸ ਭਰੇ ਕਲਾਵੇ...
ਸੱਤਿਆਨਾਸ਼ ਵੀ ਕਰ ਦਿੰਦਾ, ਸ ਹੀ ਸਵਰਗ ਪਹੁੰਚਾਵੇ..

ਸਰੋਏ ਆਖਦਾ ਜ਼ਿੰਦਗੀ ਦੇ ਵਿੱਚ, ਸ ਬੜਾ ਜ਼ਰੂਰੀ,
ਪਰਸ਼ੋਤਮ ਏਸ ਸ ਦੀ ਹੁੰਦੀ, ਥਾਂ - ਥਾਂ ਜੀ ਹਜ਼ੂਰੀ,
ਜੁੜਨਾ ਪੈਂਦਾ ਸ ਨਾਲ, ਕੋਈ ਚਾਹਵੇ ਜਾਂ ਨ ਚਾਹਵੇ..
ਸੱਤਿਆਨਾਸ਼ ਵੀ ਕਰ ਦਿੰਦਾ, ਸ ਹੀ ਸਵਰਗ ਪਹੁੰਚਾਵੇ..



**– ਪਰਸ਼ੋਤਮ ਲਾਲ ਸਰੋਏ**
91-92175-44348

# ਦਿਲ

ਨਿੱਤ ਹੱਟੀਏ ਭੱਠੀਏ ਹੁਸਨ ਦੀ ਚਰਚਾ ਹੋਵੇ ਗਲੀ-ਮੁਹੱਲੇ
ਨਾ ਰੂਪ ਰੱਬ ਨੇ ਜੀਹਨੂੰ ਦਿੱਤਾ ਬੋਲੇ ਬੋਲ ਕਵੱਲੇ
ਕਦੇ ਕਿਸੇ ਨੇ ਪੁੰਨ ਕੀਤਾ ਤਾਂ ਬੱਸ ਸਭ ਕੁਝ ਜਾਂਦਾ ਮਿਲ ਮੁੰਡਿਓ
ਹੁਸਨ 'ਦਿਲਾਂ' ਦਾ ਵੈਰੀ ਤੇ ਤੁਸੀਂ ਸਾਂਭ ਕੇ ਰੱਖਿਓ ਦਿਲ ਮੁੰਡਿਓ।

ਦਿਲ ਤੇ ਨਾ ਵਿਸ਼ਵਾਸ ਕਰੋ ਵੇਖੀ ਬਹੁਤ ਵੱਡੀ ਕਮਜ਼ੋਰੀ
ਕਿਵੇਂ ਹੁਸਨ ਮਾਰਦਾ ਡਾਕੇ ਤੇ ਦਿਨੇ ਰਾਤ ਕਰਾਉਂਦਾ ਚੋਰੀ
ਇੱਥੇ ਕੱਦੂ ਵਾਂਗ ਕਰੇਲੇ ਦੇ ਫਿਰ ਲੋਕੀ ਦਿੰਦੇ ਛਿੱਲ ਮੁੰਡਿਓ
ਹੁਸਨ 'ਦਿਲਾਂ' ਦਾ ਵੈਰੀ ਤੇ ਤੁਸੀਂ ਸਾਂਭ ......

ਮਿਰਜ਼ਾ ਕਰਦਾ ਮਾਣ ਸਾਹਿਬਾਂ ਦੀ ਅੱਖ ਸੀ ਟੂਣੇ ਹਾਰੀ
ਦਾਨੇ ਬਾਅਦ ਤੋਂ ਆਵਾਜ਼ਾਂ ਆਉਂਦੀਆਂ ਬਣਿਓ ਨਾ ਹੰਕਾਰੀ
ਜੰਡ ਜੰਡੋਰਾ ਮੂੰਹੋਂ ਬੋਲਦਾ ਚੰਦੜਾਂ ਨੇ ਜੜਤੇ ਕਿੱਲ ਮੁੰਡਿਓ
ਹੁਸਨ 'ਦਿਲਾਂ' ਦਾ ਵੈਰੀ ਤੇ ਤੁਸੀਂ ਸਾਂਭ ......

ਨਵੀਂ ਸਦੀ ਦੇ ਨਵੇਂ ਆਸ਼ਕੋ ਕੁਝ ਤਾਂ ਸੋਚ ਵਿਚਾਰੋ
ਥਾਣਿਆਂ ਦੇ ਵਿਚ ਰੁਲਦੇ ਮਾਪੇ ਜਿਉਂਦਿਆਂ ਨੂੰ ਨਾ ਮਾਰੋ
ਮਾਪਿਆਂ ਦੇ ਨਾਲ ਰਾਇ ਕਰਕੇ ਨਾ ਵਿਆਹ ਦੀ ਕਰਿਓ ਢਿੱਲ ਮੁੰਡਿਓ
ਹੁਸਨ 'ਦਿਲਾਂ' ਦਾ ਵੈਰੀ ਤੇ ਤੁਸੀਂ ਸਾਂਭ ......

ਬਣਿਆ ਫਿਰਦਾ ਰਾਂਝਾ ਸੀ ਜੀਹਨੂੰ ਬੰਦਿਆਂ ਵਾਂਗ ਸਮਝਾਇਆ
ਰੰਗ ਰੂਪ ਦਾ ਪੱਟਿਆ ਤੇ ਜਿਹੜਾ ਮੁੜ ਕੇ ਤਾਬ ਨਾ ਆਇਆ
'ਦੇਵ ਘੋਲੀਏ' ਵਾਲਾ ਤੇ ਜੀਹਨੂੰ ਕਹਿੰਦੇ ਅੱਜਕਲ੍ਹ 'ਗਿੱਲ' ਮੁੰਡਿਓ
ਹੁਸਨ 'ਦਿਲਾਂ' ਦਾ ਵੈਰੀ ਤੇ ਤੁਸੀਂ ਸਾਂਭ ਕੇ ਰੱਖਿਓ ਦਿਲ ਮੁੰਡਿਓ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਦਿਲਰਾਜ ਕੌਰ ਨਾਲ ਹਿੰਦੀ ਫ਼ਿਲਮ ਸਨਅਤ ਨੇ ਨਿਆਂ ਨਹੀ ਕੀਤਾ

ਮੁੰਬਈ - ਇਕ ਹਾਲੀਆ ਰੇਡੀਓ ਇੰਟਰਵਿਊ ਦੌਰਾਨ ਗਾਇਕਾ ਦਿਲਰਾਜ ਕੌਰ ਨੇ ਫ਼ਿਲਮ ਸੰਗੀਤ ਵਿਚ ਆਪਣੇ ਯੋਗਦਾਨ ਤੋਂ ਸੰਤੁਸ਼ਟ ਹੋਣ ਦਾ ਪ੍ਰਭਾਵ ਦਿੱਤਾ, ਪਰ ਉਸ ਵੱਲੋਂ ਸੁਣਾਏ ਗਏ ਗੀਤਾਂ ਨੇ ਦਰਸਾ ਦਿੱਤਾ ਕਿ ਹਿੰਦੀ ਫ਼ਿਲਮ ਸਨਅਤ ਨੇ ਉਸ ਦੀ ਪ੍ਰਤਿਭਾ ਨਾਲ ਨਿਆਂ ਨਹੀਂ ਕੀਤਾ। ਮਹਿਜ਼ ਤੇਰਾਂ ਵਰ੍ਹਿਆਂ ਦੀ ਉਮਰ ਵਿਚ ਉਸ ਨੇ ਲਖਨਊ ਦੇ ਭਾਤਖੰਡੇ ਕਾਲਜ ਤੋਂ ਭਾਰਤੀ ਸ਼ਾਸਤਰੀ ਸੰਗੀਤ ਦੀ ਗ੍ਰੈਜੂਏਸ਼ਨ ਕਰ ਲਈ। ਅੱਲ੍ਹੜ ਉਮਰੇ ਉਸ ਨੂੰ ਇਕ ਗਾਇਨ ਪ੍ਰਤੀਯੋਗਤਾ ਰਾਹੀਂ ਹਿੰਦੀ ਫ਼ਿਲਮ ਗਾਇਕੀ ਵਿਚ ਦਾਖ਼ਲਾ ਵੀ ਮਿਲ ਗਿਆ, ਪਰ ਅਜਿਹੀ ਸ਼ੁਰੂ-ਆਤ ਉਸ ਨੂੰ ਸਿਖਰਲੇ ਗਾਇਕਾਂ ਦੀ ਕਤਾਰ ਵਿਚ ਨਹੀਂ ਪਹੁੰਚਾ



ਸਕੀ। ਉਹ ਹਿੰਦੀ ਸਮੇਤ ਅਠਾਰਾਂ ਭਾਸ਼ਾਵਾਂ ਵਿਚ ਅੱਠ ਸੌ ਤੋਂ ਵੱਧ ਗੀਤ ਗਾ ਚੁੱਕੀ ਹੈ। ਪਹਿਲੀ ਰਿਕਾਰਡਿੰਗ ਪੰਜਾਬੀ ਫ਼ਿਲਮ 'ਗੁਰੂ ਮਾਨਿਓ ਗਰੰਥ' ਵਿਚ ਮੁਹੰਮਦ ਰਫ਼ੀ ਨਾਲ ਦੋਗਾਣੇ ਦੇ ਰੂਪ ਵਿਚ ਹੋਈ। ਅਜਿਹੀ ਸ਼ੁਰੂਆਤ ਉਸ ਲਈ ਕਾਮਯਾਬੀ ਦੇ ਦੁਆਰ ਖੋਲ੍ਹਣ ਵਾਲੀ ਸਾਬਤ ਨਹੀਂ ਹੋਈ। ਕਸੂਰ ਉਸ ਦਾ ਨਹੀਂ, ਸਮੇਂ ਦਾ ਸੀ। ਉਸ ਦਾ ਦਾਖ਼ਲਾ ਉਸ ਦੌਰ ਵਿਚ ਹੋਇਆ ਜਦੋਂ ਲਤਾ ਮੰਗੇਸ਼ਕਰ ਦੀ ਆਵਾਜ਼ 'ਤੇ ਉਮਰ ਦਾ ਅਸਰ ਨਜ਼ਰ ਆਉਣਾ ਸ਼ੁਰੂ ਹੋ ਗਿਆ ਸੀ ਅਤੇ ਲਤਾਨੁਮਾ ਗੀਤਾਂ ਲਈ ਉਸ ਦੇ ਕਲੋਨ ਵਜੋਂ ਅਲਕਾ ਯਾਗਨਿਕ ਤੇ ਅਨੁਰਾਧਾ ਪੌਡਵਾਲ ਉੱਭਰ ਆਈਆਂ ਸਨ।

# ਸਹਾਇਕ ਸਿੱਖਿਆ ਅਫਸਰ ਖੇਡਾਂ ਏ.ਈ.ਓ.ਦੀ ਪੋਸਟ ਦਾ ਸਿੱਖਿਆ ਵਿਭਾਗ ਵਿੱਚ ਮਹੱਤਵ

ਫਾਇਲਾਂ ਵੀ ਏ.ਈ.ਓ. ਦੇ ਪ੍ਰਬੰਧ ਹੇਠ ਹੀ ਹੁੰਦੀਆਂ ਹਨ। ਮੁੱਖ ਦਫਤਰ ਤੋਂ ਜਾਂ ਹੋਰ ਕਿਸੇ ਵੀ ਦਫਤਰ ਤੋਂ ਖਿਡਾਰੀਆਂ ਜਾਂ ਖੇਡਾਂ ਸਬੰਧੀ ਜੇਕਰ ਕੋਈ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਉਸ ਦਾ ਜਲਦੀ ਉੱਤਰ ਸਿਰਫ ਏ.ਈ.ਓ ਹੀ ਦੇ ਸਕਦਾ ਹੈ। ਜਿਲ੍ਹੇ ਦੇ ਸਾਰੇ ਸਰੀਰਕ ਸਿੱਖਿਆ ਅਫਸਰ ਫੌਨ ਅਤੇ ਨਿੱਜੀ ਤੌਰ ਉੱਤੇ ਉਸਦੇ ਸਪੰਰਕ ਵਿੱਚ ਹਰ ਸਮੇਂ ਹੁੰਦੇ ਹਨ। ਇੱਥੋ ਤੱਕ ਕਿ ਜਿਲ੍ਹੇ ਦੇ ਸਕੂਲਾਂ ਦੇ ਚੰਗੇ ਖਿਡਾਰੀ ਵੀ ਉਸ ਦੇ ਸਪੰਰਕ ਵਿੱਚ ਹੁੰਦੇ ਹਨ। ਉਸ ਨੂੰ ਜਿਲ੍ਹੇ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਖੂਬੀਆਂ ਦਾ ਵੀ ਗਿਆਨ ਹੁੰਦਾ ਹੈ। ਉਹ ਆਪ ਸਰੀਰਕ ਸਿੱਖਿਆ ਵਿਸ਼ੇ ਦਾ ਮਾਹਿਰ ਹੁੰਦਾ ਹੈ। ਸਰੀਰਕ ਸਿੱਖਿਆ ਦੀ ਪੜ੍ਹਾਈ ਸਬੰਧੀ ਅਤੇ ਸਿਲੇਬਸ ਆਦੀ ਸਬੰਧੀ ਵੀ ਏ.ਈ.ਓ. ਨੂੰ ਹੀ ਗਿਆਨ ਹੁੰਦਾ ਹੈ।ਖੇਡਾਂ/ਸਰੀਰਕ ਸਿੱਖਿਆ ਸਬੰਧੀ ਹੋਈਆਂ ਸੋਧਾਂ ਦੀ ਜਾਣਕਾਰੀ ਨੂੰ ਵੀ ਏ.ਈ.ਓ. ਹੀ ਸਾਰੇ ਫੀਲਡ ਵਿੱਚ ਭੇਜਦਾ ਹੈ। ਏ.ਈ.ਓ ਦੀ ਪੋਸਟ ਮਾਸਟਰ ਕੇਡਰ ਦੇ ਸਰੀਰਕ ਸਿੱਖਿਆ ਵਿਸ਼ਾ ਅਧਿਆਪਕ ਨਾਲ ਸਬੰਧਤ ਹੈ। ਇਹ ਜਿਲ੍ਹਾ ਸਿੱਖਿਆ ਅਫਸਰ ਸੰਕਡਰੀ ਦੇ ਦਫਤਰ ਇੱਕ ਖੇਡਾਂ ਦੇ ਸਹਾਇਕ ਵੱਜੋ ਡਿਊਟੀ ਨਿਭਾਉਂਦਾ ਹੈ। ਇਹ ਖੇਡਾਂ ਦਾ ਸਹਾਇਕ ਹੈ ਜੋ ਜਿਲ੍ਹਾ ਦੇ ਦਫਤਰ ਦੇ ਕੰਮ ਨੂੰ ਸੂਚਾਰੂ ਢੰਗ ਨਾਲ ਚਲਾਉਣ ਵਿੱਚ ਸਹਾਇਤਾ ਕਰਦਾ ਹੈ। ਗਣਤੰਤਰ ਦਿਵਸ, ਅਜਾਦੀ ਦਿਵਸ, ਸਪੋਰਟਸ ਦਿਵਸ ਅਤੇ ਜਿਲ੍ਹੇ ਅੰਦਰ ਹੋਣ ਵਾਲੇ ਹੋਰ ਕੰਮਾਂ ਨੂੰ ਵੀ ਇਹ ਵਧੀਆਂ ਢੰਗ ਨਾਲ ਨਿਭਾਉਦੇ ਆ ਰਹੇ ਹਨ।ਖੇਡਾਂ ਸਬੰਧੀ, ਖਿਡਾਰੀਆਂ ਸਬੰਧੀ, ਸਰੀਰਕ ਸਿੱਖਿਆ ਅਧਿਆਪਕਾਂ ਸਬੰਧੀ, ਖੇਡਾਂ ਦੇ ਸਮਾਨ ਸਬੰਧੀ, ਖੇਡਾਂ ਨਾਲ ਸਬੰਧਤ ਗਰਾਂਟਾਂ ਸਬੰਧੀ ਏ.ਈ.ਓ. ਨੂੰ ਪੂਰਾ ਗਿਆਨ ਹੁੰਦਾ ਹੈ। ਇਸ ਤਰਾਂ ਜਿਲ੍ਹੇ ਅੰਦਰ ਪੈਂਦੇ ਸਕੂਲਾਂ ਦਾ ਸਬੰਧਤ ਕੰਮ ਕਰਨਾ ਸੌਖਾ ਹੋ ਜਾਂਦਾ ਹੈ।ਏ.ਈ.ਓ. ਫੀਲਡ ਦੇ ਸਕੂਲਾਂ,ਜਿਲ੍ਹਾਂ ਸਿੱਖਿਆ ਅਫਸਰ ਦਫਤਰ ਅਤੇ ਮੁੱਖ ਦਫਤਰ ਸਿੱਖਿਆ ਵਿਭਾਗ ਪੰਜਾਬ ਵਿੱਚ ਕੜੀ ਦਾ ਕੰਮ ਕਰਦਾ ਹੈ। ਇਸ ਤਰਾਂ ਪ੍ਰਬੰਧਨ ਔਕੜਾਂ ਖਤਮ ਹੁੰਦੀਆਂ ਹਨ ਅਤੇ ਕੰਮ ਸੂਚਾਰੂ ਚਲਦਾ ਹੈ।ਏ.ਈ.ਓ. ਨੂੰ ਸਰੀਰਕ ਸਿੱਖਿਆ ਵਿਸ਼ੇ, ਖੇਡਾਂ, ਖੇਡ ਗਰਾਂਟਾਂ, ਖੇਡਾਂ ਦੇ ਸਮਾਨ,ਖੇਡਾਂ ਦੀ ਅਤੇ ਖਿਡਾਰੀਆਂ ਦੀ ਜਾਂਚ ਦਾ ਪੂਰਾ ਗਿਆਨ ਹੁੰਦਾ ਹੈ। ਉਸ ਨੂੰ ਜਿਲ੍ਹੇ ਅੰਦਰ ਕੰਮ ਕਰਦੇ ਸਰੀਰਕ ਸਿੱਖਿਆ ਵਿਸ਼ਾ ਅਧਿਆਪਕਾਂ ਸਬੰਧੀ ਵੀ ਪੂਰੀ ਜਾਣਕਾਰੀ ਹੁੰਦੀ ਹੈ। ਇਸ ਤਰਾਂ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦੇ ਦਫਤਰ ਨੂੰ ਪੂਰੀ ਸਹੀ ਜਾਣਕਾਰੀ ਫੀਲਡ ਤੋਂ ਝੱਟ ਹੀ ਮਿਲ ਜਾਂਦੀ ਅਤੇ ਮੁੱਖ ਦਫਤਰ ਜਾਂ ਸਬੰਧਤ ਜਰੂਰਤਮੰਦ ਨੂੰ ਮੁੱਹਈਆਂ ਕਰਵਾ ਦਿੱਤੀ ਜਾਂਦੀ ਹੈ। ਇਜ ਖੇਡਾਂ ਦਾ ਸਹਾਇਕ ਆਪਣੇ ਫੀਲਡ ਦੇ ਕੰਮਾਂ ਨੂੰ ਨੇਪਰੇ ਚਾੜਣ ਵਿੱਚ ਜਿਲ੍ਹੇ ਅੰਦਰ ਸਹਾਇਤਾ ਕਰਦਾ ਹੈ। ਇਸ ਦਾ ਤਾਲਮੇਲ ਸਪੋਰਟਸ ਅਥਾਰਟੀ ਪੰਜਾਬ ਅਤੇ ਸਪੋਰਟਸ ਅਥਾਰਟੀ ਕੇਂਦਰ ਸਰਕਾਰ ਅਤੇ ਮਾਨਵ ਸੰਸ਼ਾਧਨ ਵਿਕਾਸ ਮੰਤਰਾਲੇ ਦੀਆਂ ਖੇਡਾਂ ਸਬੰਧੀ ਗਤੀਵੀਧੀਆਂ ਨਾਲ ਵੀ ਹੁੰਦਾ ਹੈ। ਹੋਰ ਵਿਭਾਗਾਂ ਤੋਂ ਆਏ ਖੇਡਾਂ ਸਬੰਧੀ ਪੱਤਰਾਂ ਨੂੰ ਫੀਲਡ ਤੱਕ ਪਹੁੰਚਾਉਣਾ ਇਸੇ ਸਹਾਇਕ ਦਾ ਕੰਮ ਹੁੰਦਾ ਹੈ। ਖੇਡਾਂ ਸਬੰਧੀ ਵੱਖ-ਵੱਖ ਸਮਾਂ-ਸਾਰਣੀ ਫੀਲਡ ਵਿੱਚ ਪਹੁੰਚਾਉਣਾ ਵੀ ਏ.ਈ.ਓ ਦਾ ਹੀ ਕੰਮ ਹੈ।

ਪ੍ਰਾਇਮਰੀ ਸਕੂਲਾਂ ਦੀਆਂ ਖੇਡਾਂ ਸਬੰਧੀ ਅਤੇ ਸਰੀਰਕ ਸਿੱਖਿਆ ਨਾਲ ਸਬੰਧਤ ਗਿਆਨ ਆਦੀ ਦੀ ਜਿੰਮੇਵਾਰੀ ਵੀ ਇਸੇ ਅਹੁਦੇ ਨੂੰ ਦੇ ਦਿੱਤੀ ਜਾਂਦੀ ਹੈ। ਨਸ਼ਿਆਂ ਸਬੰਧੀ ਅਤੇ ਹੋਰ ਸੇਹਤ ਸਬੰਧੀ ਕੰਮ, ਰੈਲੀਆਂ ਅਤੇ ਪ੍ਰੋਗਰਾਮਾ ਨੂੰ ਫੀਲਡ ਦੇ ਸਕੂਲਾਂ ਵਿੱਚ ਕਰਵਾਉਣਾ, ਨੇਪਰੇ ਚਾੜਨਾ, ਡਾਕ ਇੱਕਠੀ ਕਰਨਾ ਅਤੇ ਅੱਗੇ ਰਿਪੋਰਟ ਭੇਜਣ ਵਿੱਚ ਵੀ ਏ.ਈ.ਓ. ਹੀ ਸਹਾਇਕ ਹੁੰਦਾ ਹੈ। ਪਰ ਪੰਜਾਬ ਸਰਕਾਰ ਸਿੱਖਿਆ ਵਿਭਾਗ ਨੇ ਕੁਝ ਦਿਨ ਪਹਿਲੇ ਇਹ ਪੋਸਟ ਖਤਮ ਕਰ ਦਿੱਤੀ ਹੈ। ਏ.ਈ.ਓ.ਦੀ ਪੋਸਟ ਪੰਜਾਬ ਦੇ ਸਾਰੇ ਜਿਲ੍ਹੇਆਂ ਦੇ ਜਿਲ੍ਹਾ ਸਿੱਖਿਆ ਅਫਸਰ ਦਫਤਰਾਂ ਵਿੱਚੋ ਖਤਮ ਕਰ ਦਿੱਤੀ ਗਈ ਹੈ।ਇਸ ਤਰਾਂ ਖੇਡਾਂ ਦੇ ਪ੍ਰਬੰਧਨ ਨੂੰ ਲੰਗੜਾ ਕਰ ਦਿੱਤਾ ਗਿਆ ਹੈ। ਇਸ ਸਬੰਧੀ ਪੱਤਰ ਵੀ ਜਾਰੀ ਕਰ ਦਿੱਤਾ ਹੈ। ਪਰ ਵੇਖਿਆ ਜਾਵੇ ਤਾਂ ਇਸ ਪੋਸਟ ਦੀ ਜਿਲ੍ਹੇ ਅੰਦਰ ਆਪਣੀ ਅਹਿਮੀਅਤ ਹੈ। ਇਸ ਸਹਾਇਕ ਦੇ ਰਾਹੀ ਸਿੱਖਿਆ ਵਿਭਾਗ ਨੂੰ ਸਹਾਇਤਾ ਹੀ ਮਿਲਦੀ ਸੀ। ਇੱਕ ਪਾਸੇ ਸਰਕਾਰ ਅਤੇ ਵਿਭਾਗ ਪੰਜਾਬ ਦੇ ਬੱਚਿਆ/ ਨੌਜਵਾਨਾਂ ਨੂੰ ਤੰਦਰੁੱਸਤ ਬਣਾਉਣਾ ਚਾਹੁੰਦੀ ਹੈ ਅਤੇ ਦੂਸਰੇ ਪਾਸੇ ਏ.ਈ.ਓ. ਦੀ ਪੋਸਟ ਖਤਮ ਕਰਨਾ ਮਾੜਾ ਸੂਚਕ ਹੈ। ਸਿੱਖਿਆ ਵਿਭਾਗ ਪੰਜਾਬ ਦੇ ਸਕੂਲਾਂ ਵਿੱਚ ਖੇਡਾਂ ਨੂੰ ਮਹੱਤਵ ਦੇਣ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਇਸ ਕੜੀ ਨੂੰ ਲੰਗੜਾ ਕੀਤਾ ਜਾ ਰਿਹਾ ਹੈ। ਇਸ ਲਈ ਸਿੱਖਿਆ ਵਿਭਾਗ ਨੂੰ ਚਾਹੀਦਾ ਹੈ ਕਿ ਜਿਲ੍ਹੇ ਅੰਦਰ ਏ.ਈ.ਓ ਦੀ ਪੋਸਟ ਨੂੰ ਮੁੜ ਬਹਾਲ ਕੀਤਾ ਜਾਵੇ। ਸਹਾਇਕ ਐਜੂਕੇਸ਼ਨ ਅਫਸਰ ਖੇਡਾਂ ਦੀ ਪੋਸਟ ਮੁੜ ਬਹਾਲ ਕੀਤੀ ਜਾਵੇ। ਇਸ ਤਰਾਂ ਜਿਲ੍ਹੇ ਅੰਦਰ ਸਕੂਲਾਂ ਦੀਆਂ ਖੇਡਾਂ ਨੂੰ ਬਲ ਮਿਲੇਗਾ। ਏ.ਈ.ਓ ਦੀ ਰੌਸ਼ਨੀ ਹੇਠ ਖੇਡਾਂ ਸਬੰਧੀ ਕੰਮ ਨੇਪਰੇ ਚਾੜਣੇ ਸੌਖੇ ਹੋਣਗੇ। ਜੇਕਰ ਸੱਚ ਹੀ ਸਰਕਾਰ ਅਤੇ ਸਿੱਖਿਆ ਵਿਭਾਗ ਪੰਜਾਬ ਖੇਡਾਂ ਨੂੰ ਪਹਿਲ ਦੇਣਾ ਚਾਹੁੰਦਾ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦਫਤਰ ਦੀ ਏ.ਈ.ਓ. ਦੀ ਅਸਾਮੀ ਨੂੰ ਮੁੜ ਬਹਾਲ ਕਰਨ ਉੱਤੇ ਮੁੜ ਵਿਚਾਰ ਕਰੇ ਤਾਂ ਜੋ ਸਮਾਂ ਰਹਿੰਦੇ ਹਰ ਥਾਂ ਖੇਡਾਂ ਸਬੰਧੀ ਕੰਮ ਕੀਤੇ ਅਤੇ ਕਰਵਾਏ ਜਾ ਸਕਣ।

# 'ਦਿੱਲੀ ਫਤਿਹ'



ਸਿੱਖਾਂ ਤੇ ਜ਼ੁਲਮ ਬੜੇ ਢਾਹੇ
ਮੁਗਲਾਂ ਨੇ।
ਸਿੱਖ ਮਾਰ ਮੁਕਾਉਣੇ ਚਾਹੇ
ਮੁਗਲਾਂ ਨੇ।
ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ
ਮੁਗਲਾਂ ਨੇ।
ਦਿੱਲੀ ਦੀਆਂ ਗਲੀਆਂ 'ਚ
ਸਿੱਖਾਂ ਦੇ ਸਿਰ
ਨੇਜ਼ਿਆਂ ਤੇ ਟੰਗ ਘੁੰਮਾਏ
ਮੁਗਲਾਂ ਨੇ।
ਕਦੇ ਪੋਤੇ ਦੀਆਂ ਕਦੇ ਦਾਦੇ ਦੀਆਂ
ਫਿਰ ਸਿੰਘਾਂ ਦੇ ਵੀ ਦਿਨ ਆਏ।
ਮੁਗਲ ਰਾਜ ਹੋਇਆ ਕਮਜ਼ੋਰ
ਅੰਗਰੇਜ਼ ਮਰਹੱਟੇ ਲੱਗ ਪਏ
ਮੁਗਲ ਰਾਜ ਹਥਿਆਉਣ।
ਮੁਗਲਾਂ ਨੂੰ ਉਨ੍ਹਾਂ ਭਾਜੜ ਪਾਈ।
ਸ਼ਾਹ ਆਲਮ ਨੇ ਬਚਣ ਲਈ
ਸਰਦਾਰ ਬਘੇਲ ਸਿੰਘ ਤਾਈ
ਗੁਹਾਰ ਲਗਾਈ।
ਜਦੋਂ ਸਰਦਾਰ ਵਧਿਆ ਦਿੱਲੀ ਤਾਈਂ
ਮਰਹੱਟੇ ਭੱਜ ਗਏ
ਉਸ ਐਸੀ ਭਾਜੜ ਪਾਈ।
ਸ਼ਾਹ ਆਲਮ ਹੋਇਆ ਖੁਦਗਰਜ਼
ਕਹੇ ਹੁਣ ਸਰਦਾਰ ਦੀ
ਲੋੜ ਨਾ ਕਾਈ।
ਆਖੇ ਮੁੜ ਜਾ
ਸਰਦਾਰ ਬਘੇਲ ਸਿੰਘ
ਦਿੱਲੀ ਤਾਂ ਹੁਣ ਮੇਰੀ
ਹੈ ਬਚੀ ਬਚਾਈ।
ਉਸਨੇ ਸਭ ਦਰਵਾਜ਼ੇ ਬੰਦ ਕਰ ਲਏ,
ਸਿੰਘਾਂ ਨੂੰ ਨਾ ਉਸ ਦਿੱਤੀ ਡਾਹੀ।
ਸਿੰਘ ਨਾ ਫਿਰ ਪਰਤੇ
ਸਰਦਾਰ ਬਘੇਲ ਸਿੰਘ ਨਾਲ
ਜਰਨੈਲਾਂ ਨੇ ਦਿੱਲੀ ਤੇ ਫਤਿਹ ਪਾਈ।
ਲਾਲ ਕਿਲੇ ਤੇ ਕੇਸਰੀ ਝੁਲਾਇਆ,
ਮੰਨ ਹਾਰ ਮੁਗਲਾਂ ਨੇ ਕੀਤੀ ਸੰਧੀ।
ਸਿੰਘਾਂ ਵਸੂਲਿਆ ਨਜ਼ਰਾਨਾ,
ਤੇ ਮਾਫੀ ਦਿੱਤੀ।
ਸਿੰਘ ਵਿਚ ਦਿੱਲੀ ਤਾਈਂ
ਸਭ ਗੁਰਦੁਆਰਿਆਂ ਦੀ
ਉਸਾਰੀ ਕਰਵਾਈ।
ਸਿੰਘਾਂ ਦਿੱਲੀ ਛੱਡ ਦਿੱਤੀ,
ਉਹ ਜਿੱਤੀ ਜਿਤਾਈ।
ਖਾਲਸੇ ਨੇ ਐਸੀ ਧਾਕ ਜਮਾਈ।
ਸਿੰਘਾਂ ਦਿੱਲੀ ਫਤਿਹ ਕਰ ਲਈ,
'ਪ੍ਰਵਾਨਾ' ਜਾਣੇ ਕੁੱਲ ਲੁਕਾਈ।



**– ਪ੍ਰਮਿੰਦਰ ਸਿੰਘ**
**'ਪ੍ਰਵਾਨਾ'**
510-781-0487

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ. (ਯੂਬਾ ਸਿਟੀ) ਕੈਲੇਫੋਰਨੀਆ



## ਵੱਲੋਂ

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹਰ ਸਾਲ ਵਾਂਗ, ਇਸ ਸਾਲ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਦਾ ਤੀਸਰਾ ਸਥਾਪਨਾ ਦਿਵਸ ਬਹੁਤ ਹੀ ਖੁਸ਼ੀਆਂ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਮਿਤੀ **24 ਮਾਰਚ ਦਿਨ ਐਤਵਾਰ 2019** ਨੂੰ ਨਿਮਨ ਲਿਖਤ ਪ੍ਰੋਗਰਾਮ ਮੁਤਾਬਕ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਤੇ ਖੁਸ਼ੀਆਂ ਤੇ ਆਸ਼ੀਰਵਾਦ ਪ੍ਰਾਪਤ ਕਰੋ ਜੀ।




**ਪ੍ਰੋਗਰਾਮ**

ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ
24 ਮਾਰਚ, 2019 ਦਿਨ ਐਤਵਾਰ ਸਵੇਰੇ 10 ਵਜੇ

ਰਮਾਇਣ ਸਾਹਿਬ ਦੇ ਪਾਠ ਦੇ ਭੋਗ
24 ਮਾਰਚ, 2019 ਦਿਨ ਐਤਵਾਰ ਸਵੇਰੇ 12 ਵਜੇ

ਉਪਰੰਤ 12 ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ ਪ੍ਰਮੰਨੇ ਕਲਾਕਾਰ ਗੁਰੂ ਸਾਹਿਬ ਜੀ ਦਾ ਜਸ ਗਾਨ ਕਰਕੇ ਹਾਜ਼ਰੀ ਲਗਵਾਉਣਗੇ ਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਗੁਰੂ ਕਾ ਲੰਗਰ ਸਵੇਰ ਤੋਂ ਸ਼ਾਮ ਤੱਕ ਅਤੁੱਟ ਵਰਤੇਗਾ।

**ਵਿਸ਼ੇਸ਼ ਬੇਨਤੀ-** ਮੰਦਰ ਦੀ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤਾਂ 'ਚੋਂ ਸ਼ਰਧਾ ਤੇ ਸਮਰੱਥਾ ਅਨੁਸਾਰ ਹਿੱਸਾ ਪਾਓ ਜੀ।

ਬੇਨਤੀ ਕਰਤਾ:- **ਸਮੂਹ ਸੇਵਾਦਾਰ ਮਹਾਂਰਿਸ਼ੀ ਵਾਲਮੀਕ ਸਭਾ, ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ (ਰਜਿ: 1946023)**

ਹੋਰ ਜਾਣਕਾਰੀ ਲਈ ਸੰਪਰਕ ਕਰੋ (1) 530-751-3887, (2) 530-740-3056, (3) 916-613-3311, (4) 530-441-9124



# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

**BUFFET LUNCH 11:00 AM To 3:00 PM**



ਸੁਰਿੰਦਰ 'ਕੋਕਾ' ਧਲੇਤਾ

Contact Us:

**Ph. 510-885-1212, Fax. 510-885-1532**

**We are open seven days 11 AM to 10 PM**

# THINKING OF BUYING OR SELLING COMMERCIAL PROPERTIES IN CALIFORNIA? CALL US NOW !



BERKSHIRE HATHAWAY
HomeServices
Elite Real Estate
COMMERCIAL DIVISION




**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com


## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND



"$134,000 Indian Restaurant with beer and wine license"



"$599,900 High volume liquor store", "Gross $100k+/Month"



"$649,000 High Volume Liquor Store", "Gross $90k+/Month"



"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**

**WWW.BHHCOMMERCIAL.COM**

Chevron SHELL ARCO ampm Mobil Holiday Inn Best Western

## 7412 ELSIE AVE, SACRAMENTO CA 95828